ਕੌਮਾਂਤਰੀ
# ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 6 | Issue 01 | 04 January to 10 January 2017 | Ph.: (510) 240-5949 | For Advt.: (510) 677-2777 | Fax: (888) 323-6950 | Email: info@amritsartimes.com, asrtimes@gmail.com

# ਪੋਹ ਸੁਦੀ ਸਤਵੀਂ ਹੈ ਜੋਤ ਰੱਬ ਦੀ, ਪਟਨੇ 'ਚ ਆ ਗਈ..

## ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਦੇ 350ਵੇਂ ਪ੍ਰਕਾਸ਼ ਪੁਰਬ ਦੇ ਜਸ਼ਨਾਂ 'ਚ ਰੰਗੀ ਬਿਹਾਰ ਦੀ ਰਾਜਧਾਨੀ

### 4 ਕਰੋੜ ਰੁਪਏ ਨਾਲ ਸਜਾਏ ਗਏ ਚਾਰ ਗੁਰਦੁਆਰੇ

### ਤਖ਼ਤ ਸ੍ਰੀ ਹਰਿਮੰਦਿਰ ਸਾਹਿਬ ਵਿਚ ਸ਼ਰਧਾ ਦਾ ਸੈਲਾਬ

**ਪਟਨਾ ਸਾਹਿਬ/ਬਿਊਰੋ ਨਿਊਜ਼ :**
ਪਟਨਾ ਸ਼ਹਿਰ ਸਥਿਤ ਤਖ਼ਤ ਸ੍ਰੀ ਹਰਿਮੰਦਿਰ ਸਾਹਿਬ ਵਿਚ ਸ਼ਰਧਾ ਦਾ ਸੈਲਾਬ ਉਮੜ ਪਿਆ ਹੈ। ਦੇਸ਼-ਵਿਦੇਸ਼ ਤੋਂ ਸੰਗਤਾਂ ਆਪਣੇ ਗੁਰੂ ਨੂੰ ਨਮਨ ਕਰਨ ਲਈ ਪੁੱਜ ਰਹੀਆਂ ਹਨ। ਹਰ ਪਾਸੇ ਸਤਿਨਾਮ ਵਾਹਿਗੁਰੂ ਦੇ ਸਿਮਰਨ ਦੀ ਵਰਖਾ ਹੋ ਰਹੀ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ 350 ਸਾਲਾ ਪ੍ਰਕਾਸ਼ ਪੁਰਬ ਸਮਾਗਮਾਂ ਦੇ ਸਬੰਧ ਵਿਚ ਚਾਰ ਗੁਰਦੁਆਰਾ ਸਾਹਿਬਾਨ ਨੂੰ ਰੰਗ-ਬਿਰੰਗੀਆਂ ਲਾਈਟਾਂ ਅਤੇ ਰੌਸ਼ਨੀਆਂ ਨਾਲ ਸਜਾਉਣ 'ਤੇ ਚਾਰ ਕਰੋੜ ਰੁਪਏ ਖਰਚ ਕੀਤੇ ਗਏ ਹਨ। ਇਨ੍ਹਾਂ ਗੁਰਦੁਆਰਾ ਸਾਹਿਬਾਨ ਵਿਚ ਤਖਤ ਸ੍ਰੀ ਹਰਿਮੰਦਰ ਸਾਹਿਬ, ਗੁਰਦੁਆਰਾ ਹਾਂਡੀ ਸਾਹਿਬ, ਗੁਰੂ ਕਾ ਬਾਗ ਅਤੇ ਗੁਰਦੁਆਰਾ ਕੰਗਨ ਘਾਟ ਸ਼ਾਮਲ ਹਨ। ਇਸ ਦੌਰਾਨ ਗੁਰਦੁਆਰਾ ਸਾਹਿਬ ਵਿਚ ਪੱਕੀਆਂ ਬਹੁਰੰਗੀ ਲਾਈਟਾਂ ਸਥਾਪਤ ਕਰ ਦਿੱਤੀਆਂ ਗਈਆਂ ਹਨ, ਜਿਹੜੀਆਂ ਹਮੇਸ਼ਾ ਲਈ ਇਥੇ ਹੀ ਰਹਿਣਗੀਆਂ। ਇਸ ਦੌਰਾਨ ਲੇਜ਼ਰ ਸ਼ੋਅ ਦਾ ਵੀ ਖਾਸ ਬੰਦੋਬਸਤ ਕੀਤਾ ਗਿਆ ਹੈ। ਇਸ ਸ਼ੋਅ ਵਿਚ ਗੁਰੂ ਸਾਹਿਬ ਨਾਲ ਸਬੰਧਤ ਇਤਿਹਾਸ ਦਰਸਾਇਆ ਜਾ ਰਿਹਾ ਹੈ। ਅਮਰੀਕਾ ਤੋਂ ਗੁਰੂ ਪੂਰਬ ਵਿਚ ਸ਼ਾਮਲ ਹੋਣ ਲਈ ਆਏ ਸ਼ਰਧਾਲੂਆਂ ਨੇ ਗੁਰਦੁਆਰੇ ਤੋਂ

ਬਾਕੀ ਸਫ਼ਾ 35 'ਤੇ



### ਗਿਆਨੀ ਇਕਬਾਲ ਸਿੰਘ ਦੀ ਅਪੀਲ ਦੇ ਬਾਵਜੂਦ ਗਿਆਨੀ ਗੁਰਬਚਨ ਸਿੰਘ ਨੇ ਟੇਕਿਆ ਮੱਥਾ



**ਪਟਨਾ ਸਾਹਿਬ/ਬਿਊਰੋ ਨਿਊਜ਼ :** ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਗੁਰਬਚਨ ਸਿੰਘ ਨੇ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਵਿਖੇ ਮੱਥਾ ਟੇਕਿਆ। ਇਸ ਦੌਰਾਨ ਉਨ੍ਹਾਂ ਨੂੰ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦੇ ਜਥੇਦਾਰ ਗਿਆਨੀ ਇਕਬਾਲ ਸਿੰਘ ਨੇ ਲੋਈ ਅਤੇ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ। ਸਿੰਘ ਸਾਹਿਬ ਗਿਆਨੀ ਗੁਰਬਚਨ ਸਿੰਘ ਗਾਂਧੀ ਮੈਦਾਨ ਤੋਂ ਸਜਾਏ ਜਾ ਰਹੇ ਵਿਸ਼ਾਲ ਨਗਰ ਕੀਰਤਨ ਤੋਂ ਪਹਿਲਾਂ ਸੰਗਤਾਂ ਨੂੰ ਗੁਰ ਸ਼ਬਦ ਵਿਚਾਰ ਦੇ ਵਿਖਿਆਨ ਨਾਲ ਨਿਹਾਲ

ਬਾਕੀ ਸਫ਼ਾ 35 'ਤੇ

### ਪੰਜਾਬ 'ਚ ਚੋਣਾਂ 4 ਫਰਵਰੀ ਨੂੰ

#### ਵੋਟਾਂ ਦੀ ਗਿਣਤੀ 11 ਮਾਰਚ ਨੂੰ ਹੋਵੇਗੀ

***ਪੰਜ ਰਾਜਾਂ 'ਚ ਚੋਣ ਤਰੀਕਾਂ ਦਾ ਐਲਾਨ***

**ਨਵੀਂ ਦਿੱਲੀ/ਬਿਊਰੋ ਨਿਊਜ਼:** ਭਾਰਤ ਦੇ ਪੰਜ ਰਾਜਾਂ ਦੀਆਂ ਵਿਧਾਨ ਸਭਾਈ ਲਈ ਚੋਣ ਤਰੀਕਾਂ ਦਾ ਐਲਾਨ ਕਰ ਦਿੱਤਾ ਗਿਆ ਹੈ। ਚੋਣ ਕਮਿਸ਼ਨ ਵਲੋਂ 4 ਜਨਵਰੀ ਬੁੱਧਵਾਰ ਨੂੰ ਦੁਪਹਿਰ 12:00 ਵਜੇ ਇੱਥੇ ਬੁਲਾਈ ਗਈ ਪ੍ਰੈਸ ਕਾਨਫਰੰਸ ਮੌਕੇ ਚੋਣ ਤਾਰੀਖਾਂ ਦਾ ਐਲਾਨ ਕਰਦਿਆਂ ਮੁੱਖ ਚੋਣ ਕਮਿਨਸ਼ਰ ਨਸੀਮ ਜ਼ੈਦੀ ਨੇ ਕਿਹਾ ਕਿ ਪੰਜਾਬ ਵਿਚ 117 ਵਿਧਾਨ ਸਭਾ ਹਲਕਿਆਂ ਲਈ ਇਕੋ ਪੜਾਅ ਵਿਚ ਚੋਣਾਂ 4 ਫਰਵਰੀ ਦਿਨ ਸ਼ਨਿੱਚਰਵਾਰ ਨੂੰ ਹੋਣਗੀਆਂ। ਇਸ ਸਬੰਧੀ ਨੋਟੀਫਿਕੇਸ਼ਨ 11 ਜਨਵਰੀ ਦਿਨ ਬੁੱਧਵਾਰ ਨੂੰ ਹੋਵੇਗਾ। ਨਾਮਜ਼ਦਗੀਆਂ 19 ਜਨਵਰੀ ਤੋਂ ਭਰੀਆਂ ਜਾਣਗੀਆਂ ਤੇ ਕਾਗਜ਼ ਵਾਪਸੀ 21 ਜਨਵਰੀ ਤੱਕ ਹੋ ਸਕੇਗੀ। ਪੰਜਾਬ ਤੋ ਇਲਾਵਾ ਉੱਤਰ ਪ੍ਰਦੇਸ਼, ਉਤਰਾਖੰਡ, ਗੋਆ ਅਤੇ ਮਨੀਪੁਰ ਦੀਆਂ ਚੋਣ ਤਰੀਕਾਂ ਦਾ ਵੀ ਐਲਾਨ ਕਰ ਦਿੱਤਾ ਗਿਆ ਹੈ। ਗੋਆ ਵਿਚ ਇਕ ਪੜਾਅ ਵਿਚ 4 ਫਰਵਰੀ ਨੂੰ ਵੋਟਾਂ ਪੈਣਗੀਆਂ। ਉਤਰਾਖੰਡ ਵਿਚ 15 ਫਰਵਰੀ ਨੂੰ ਇਕ ਪੜਾਅ ਵਿਚ ਵੋਟਾਂ ਪੈਣਗੀਆਂ। ਮਨੀਪੁਰ ਵਿਚ ਦੋ ਪੜਾਵਾਂ ਵਿਚ ਚੋਣਾਂ ਹੋਣਗੀਆਂ। ਪਹਿਲੇ ਪੜਾਅ ਦੀ ਚੋਣ 4 ਮਾਰਚ ਅਤੇ ਦੂਜੇ ਪੜਾਅ ਦੀ ਚੋਣ 8 ਮਾਰਚ ਨੂੰ ਹੋਵੇਗੀ।

### ਜਾਂਚ ਕਮੇਟੀ ਨੇ ਅਰਦਾਸ ਮਾਮਲੇ ਦੀ ਰਿਪੋਰਟ ਅਕਾਲ ਤਖ਼ਤ ਨੂੰ ਸੌਂਪੀ

**ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਵਿੱਚ ਹੋਵੇਗੀ ਅਗਲੀ ਕਾਰਵਾਈ; ਮਲੂਕਾ ਨੇ ਦਿੱਤਾ ਸਪਸ਼ਟੀਕਰਨ**

ਪੂਰੀ ਰਿਪੋਰਟ ਸਫ਼ਾ 12 'ਤੇ

**ਅੰਮ੍ਰਿਤਸਰ/ਬਿਊਰੋ ਨਿਊਜ਼ :** ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਇੱਥੇ ਕਿਹਾ ਕਿ ਕੈਬਨਿਟ ਮੰਤਰੀ ਸਿਕੰਦਰ ਸਿੰਘ ਮਲੂਕਾ ਦੇ ਦਫ਼ਤਰ ਦੇ ਉਦਘਾਟਨ ਸਮੇਂ ਅਰਦਾਸ ਦੀ ਨਕਲ ਕਰਨ ਦੇ ਮਾਮਲੇ ਦੀ ਪੜਤਾਲ ਰਿਪੋਰਟ ਸ਼੍ਰੋਮਣੀ ਕਮੇਟੀ ਦੀ ਤਿੰਨ ਮੈਂਬਰੀ ਕਮੇਟੀ ਨੇ ਅਕਾਲ ਤਖ਼ਤ 'ਤੇ ਸੌਂਪ ਦਿੱਤੀ ਹੈ। ਉਨਾਂ ਕਿਹਾ ਕਿ 8 ਜਨਵਰੀ ਨੂੰ ਸਿੰਘ ਸਾਹਿਬਾਨ ਦੀ ਇਕੱਤਰਤਾ ਵਿੱਚ ਇਸ ਰਿਪੋਰਟ 'ਤੇ ਵਿਚਾਰ ਕੀਤਾ ਜਾਵੇਗਾ।



ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੇ ਇਸ ਮਾਮਲੇ ਦੀ ਜਾਂਚ ਲਈ ਤਿੰਨ ਮੈਂਬਰੀ ਕਮੇਟੀ ਦਾ ਗਠਨ ਕੀਤਾ ਸੀ। ਇਸ ਤਿੰਨ ਮੈਂਬਰੀ ਕਮੇਟੀ ਵਿੱਚ ਸ਼੍ਰੋਮਣੀ ਕਮੇਟੀ ਦੇ ਮੀਤ ਪ੍ਰਧਾਨ ਬਾਬਾ ਬੂਟਾ ਸਿੰਘ, ਜਨਰਲ ਸਕੱਤਰ ਅਮਰਜੀਤ ਸਿੰਘ ਚਾਵਲਾ ਤੇ ਮੈਂਬਰ ਮੋਹਨ ਸਿੰਘ ਬੰਗੀ

ਬਾਕੀ ਸਫ਼ਾ 12 'ਤੇ

### ਕੈਪਟਨ ਅਮਰਿੰਦਰ ਸਿੰਘ ਹੋਏ ਨਤਮਸਤਕ, ਨਿਤੀਸ਼ ਦੀ ਪ੍ਰਸ਼ੰਸਾ



ਪਟਨਾ ਸਾਹਿਬ ਵਿਖੇ ਨਤਮਸਤਕ ਹੋਣ ਤੋਂ ਬਾਅਦ ਕੈਪਟਨ ਅਮਰਿੰਦਰ ਸਿੰਘ

**ਪਟਨਾ/ਬਿਊਰੋ ਨਿਊਜ਼ :** ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ 350 ਸਾਲਾ ਪ੍ਰਕਾਸ਼ ਪੁਰਬ ਸਮਾਗਮਾਂ ਦੌਰਾਨ ਭਾਗ ਲੈਣ ਲਈ ਪੁੱਜੇ ਪੰਜਾਬ ਕਾਂਗਰਸ ਦੇ ਪ੍ਰਧਾਨ ਅਤੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਤਖਤ ਸ੍ਰੀ ਹਰਿਮੰਦਰ ਸਾਹਿਬ ਪਟਨਾ ਵਿਚ ਪੂਰੀ ਸ਼ਰਧਾ ਨਾਲ ਨਤਮਸਤਕ ਹੋਏ। ਇਸ ਮੌਕੇ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਇਕਬਾਲ ਸਿੰਘ, ਪੰਜਾਬ ਕਾਂਗਰਸ ਦੀ ਸੱਕਤਰ ਆਸ਼ਾ ਕੁਮਾਰੀ, ਪੰਜਾਬ ਕਾਂਗਰਸ ਮਾਮਲਿਆਂ ਦੇ ਇੰਚਾਰਜ ਸ਼ਕੀਲ ਅਹਿਮਦ, ਬਿਹਾਰ ਦੇ ਸਿੱਖਿਆ ਮੰਤਰੀ ਅਸ਼ੋਕ

ਬਾਕੀ ਸਫ਼ਾ 35 'ਤੇ




















# ਤੇਜਿੰਦਰ ਧਾਮੀ

ਮੈਂ ਸਾਊਥ ਫਰੀਮੌਂਟ, ਨੇਵਾਰਕ, ਮਿਲਪੀਟਸ, ਸੈਂਟਾ ਕਲਾਰਾ, ਨਾਰਥ ਸੈਨ ਹੋਜ਼ੇ, ਬੇਰੀਆਸਾ ਅਤੇ ਅਲਵੀਜ਼ੋ ਵਿੱਚ ਰਹਿ ਰਹੇ ਲੋਕਾਂ ਦੀ ਨੁਮਾਇੰਦਗੀ ਕਰਨ ਲਈ ਡੈਮੋਕਰੇਟਿਕ ਸਟੇਟ ਅਸੈਂਬਲੀ ਡਿਸਟਰਿਕ ਡੈਲੀਗੇਟ ਦੀ ਵਿਸ਼ੇਸ਼ ਚੋਣ ਲਈ ਉਮੀਦਵਾਰ ਵਜੋਂ ਮੈਦਾਨ ਵਿੱਚ ਹਾਂ।

ਕ੍ਰਿਪਾ ਕਰਕੇ ਮੇਰੀ ਮਦਦ ਕਰਕੇ ਮੈਨੂੰ ਕਾਮਯਾਬ ਕਰੋ

ਵੋਟਾਂ ਪੈਣ ਦਾ ਦਿਨ ਅਤੇ ਸਮਾਂ: ਐਤਵਾਰ 8 ਜਨਵਰੀ, 2017
ਸਵੇਰੇ 11:00 ਵਜੇ ਤੋਂ ਬਾਅਦ ਦੁਪਹਿਰ 1:00 ਵਜੇ ਤੱਕ
ਮੇਹਰਬਾਨੀ ਕਰਕੇ ਸਵੇਰੇ 10:30 ਵਜੇ ਖੁਦ ਪਹੁੰਚ ਕੇ ਅਪਣੀ ਵੋਟ ਸਮੇਂ ਸਿਰ ਪਾਉਣੀ ਯਕੀਨੀ ਬਣਾਓ

ਵੋਟਾਂ ਪੈਣ ਦਾ ਸਥਾਨ :
**SEIU Local 521-San Jose Office**
**2302 Zankar Rd San Jose CA 95131**

ਰਜਿਸਟਰੇਸ਼ਨ ਦੀ ਸ਼ੁਰੂਆਤ : ਸਵੇਰੇ 11:00 ਵਜੇ

ਤੁਹਾਡੀ ਸਪੋਰਟ ਤੇ ਵੋਟ ਲਈ ਅਪੀਲ ਕੀਤੀ ਜਾਂਦੀ ਹੈ
ਕਿਰਪਾ ਕਰਕੇ ਤਜਿੰਦਰ ਧਾਮੀ ਵਾਸਤੇ ਆਪਣੀ ਹਾਜ਼ਰੀ ਜ਼ਰੂਰ ਲਗਵਾਉ।
ਅਹਿਮ ਗੱਲ ਇਹ ਹੈ ਕਿ ਤੁਹਾਡੀ ਵੋਟ ਰਜਿਸਟਰ ਹੋਣੀ ਜ਼ਰੂਰੀ ਹੈ।
ਜੇਕਰ ਤੁਸੀਂ ਰਜਿਸਟਰ ਨਹੀਂ ਹੋ ਤਾਂ ਤੁਸੀਂ ਵੋਟ ਨਹੀਂ ਪਾ ਸਕੋਗੇ।
ਰਜਿਸਟਰੇਸ਼ਨ ਫਾਰਮ ਵੋਟਿੰਗ ਵਾਲੀ ਥਾਂ ਹੀ ਉਪਲਬਧ ਹੋਣਗੇ।

ਬਹੁਤ ਬਹੁਤ ਧੰਨਵਾਦ

ਤਜਿੰਦਰ ਧਾਮੀ : 510-673-8454 dhamitejinder@yahoo.com

**Online voter Registration: www.registertovote.ca.gov**



# ਜ਼ਿੰਦਗੀ ਨੂੰ ਸੁਹਾਵਣੀ ਬਣਾਓ 'ਦ ਕੰਪਨੀ ਯੂ ਕੀਪ' ਦੇ ਨਾਲ!

NEW YORK LIFE
www.newyorklife.com

1845 ਤੋਂ ਅਸੀਂ ਲੋਕਾਂ ਨੂੰ ਉਨ੍ਹਾਂ ਦੇ ਔਖੇ ਸਮਿਆਂ 'ਚ ਮਨ ਦੀ ਸ਼ਾਂਤੀ ਲਿਆਉਣ ਦੇ ਸਮਰੱਥ ਰਹੇ ਹਾਂ। ਅਸੀਂ ਏਸ਼ੀਆ-ਭਾਰਤੀ ਕੌਮ ਦੀ ਸੇਵਾ ਕਰਦੇ ਮਾਣ ਮਹਿਸੂਸ ਕਰਦੇ ਹਾਂ ਅਤੇ ਜ਼ਿੰਦਗੀ ਦੇ ਹਰ ਪਹਿਲੂ 'ਤੇ ਤੁਹਾਡਾ ਸਾਥ ਨਿਭਾਉਣ ਦਾ ਵਾਅਦਾ ਕਰਦੇ ਹਾਂ।





COVERED CALIFORNIA

ਸਿਮਰਨ ਕੌਰ ਅਟਵਾਲ
ਏਜੰਟ
ਲਾਇਸੰਸ # OE17073

ਨਿਊ ਯਾਰਕ ਇੰਸ਼ੋਰੈਂਸ ਕੰਪਨੀ
3255 ਵੈਸਟ ਮਾਰਚ ਲੇਨ, # 300 ਸਟਾਕਟਨ, ਕੈਲੀਫੋਰਨੀਆ 95219
ਫੋਨ : 209-955-2418, 209-993-7978
skatwal@ft.newyorklife.com

ਆਪਣੇ ਪਰਿਵਾਰ ਦੀ ਸੁਰੱਖਿਆ ਯਕੀਨੀ ਬਣਾਉਣ ਲਈ ਹੁਣੇ ਆਪਣੇ ਸਥਾਨਕ ਏਜੰਟ ਨਾਲ ਸੰਪਰਕ ਕਰੋ!!



# GRAND OPENING



We Specialize In Catering All Occasions
*50-1200 guests*
Call Or Email For Catering:
spicejargrill@gmail.com

spicejarfontana @spice_jar

# Spice Jar
INDIAN CUISINE





· Specializing In Tandoor (Clay Oven)
· Vegetarian & Non-Vegetarian Curry

17052 Slover Ave., Ste.J-110
Fontana · 909-350-7010
Mon.- Sun. 11am-10pm · www.spicejar.net
spicejargrill@gmail.com

$1 OFF All-You-Can-Eat Lunch Buffet
Valid Up To 4 People · Total Discount $4
SPICE JAR · 909-350-7010
With this coupon. Not valid with other offers. Expires 1-27-17.

$9.99 All-You-Can-Eat
Lunch Buffet 11am-3pm
A La Carte 5pm-10pm
SPICE JAR · 909-350-7010
With this coupon. Not valid with other offers. Expires 1-27-17.

20% OFF Entire Dinner Check
Menu Only · Not Valid With Buffet
SPICE JAR · 909-350-7010
With this coupon. Not valid with other offers. Expires 1-27-17.

# ਸਿੱਖ ਰੋਜ਼ ਪਰੇਡ ਫਲੋਟ ਨੇ ਬੇਚੈਨੀ ਦੇ ਮਾਹੌਲ ਵਿਚ ਪਿਆਰ, ਆਜ਼ਾਦੀ, ਵਿਸ਼ਵਾਸ ਤੇ ਸੇਵਾ ਦਾ ਦਿੱਤਾ ਸੁਨੇਹਾ

## *ਇਸ ਵਾਰ ਗੋਲਡਨ ਟੈਂਪਲ ਦੀ ਝਾਕੀ ਰਹੀ ਖਿੱਚ ਦਾ ਕੇਂਦਰ*




**ਲਾਸ ਏਂਜਲਸ/ਬਿਊਰੋ ਨਿਊਜ਼ :** ਕੈਲੀਫੋਰਨੀਆ ਦੇ ਅਮਰੀਕਨ ਸਿੱਖ ਭਾਈਚਾਰੇ ਵਲੋਂ ਇਸ ਵਾਰ ਰੋਜ਼ ਪਰੇਡ ਪੈਸਾਡੋਨਾ ਲਈ ਸਿੱਖੀ ਅਤੇ ਸਿੱਖਾਂ ਦੀ ਪਛਾਣ ਬਾਰੇ ਅਮਰੀਕੀਆਂ ਨੂੰ ਜਾਗਰੂਕ ਕਰਨ ਲਈ ਹਜ਼ਾਰਾਂ ਫੁੱਲਾਂ ਨਾਲ ਫਲੋਟ ਸਜਾਈ ਗਈ। ਤੀਜੀ ਵਾਰ ਇਸ ਪਰੇਡ ਵਿਚ ਹਿੱਸਾ ਲੈ ਰਹੇ ਸਿੱਖ ਭਾਈਚਾਰੇ ਵਿਚ ਉਤਸ਼ਾਹ ਦਾ ਨਜ਼ਾਰਾ ਦੇਖਿਆਂ ਹੀ ਬਣ ਰਿਹਾ ਸੀ। ਇਸ ਵਰ੍ਹੇ ਦਾ ਥੀਮ ਸੀ, 'ਟੂਗੈਦਰ ਵੂਈ ਰਾਈਜ਼' (ਮਿਲ ਕੇ ਅਸੀਂ ਅੱਗੇ ਵੱਧ ਸਕਦੇ ਹਾਂ)। ਫਲੋਟ ਉਪਰ ਸ਼ਸ਼ੋਬਿਤ ਦਰਬਾਰ ਸਾਹਿਬ ਦਾ ਮਾਡਲ ਬਰਾਬਰਤਾ ਤੇ ਸਹਿਣਸ਼ੀਲਤਾ ਦਾ ਸੁਨੇਹਾ ਦੇ ਰਿਹਾ ਸੀ। ਦਰਬਾਰ ਸਾਹਿਬ ਦੇ ਚਾਰ ਦਰਵਾਜ਼ੇ ਬਣਾਏ ਗਏ ਜੋ ਚਾਰ ਦਿਸ਼ਾਵਾਂ ਵੱਲ ਸੰਕੇਤ ਕਰ ਰਹੇ ਸਨ, ਭਾਵ ਇਸ ਦੇ ਦਰਵਾਜ਼ੇ ਪੂਰੀ ਦੁਨੀਆ ਅਤੇ ਸਾਰੇ ਧਰਮਾਂ ਲਈ ਖੁੱਲ੍ਹੇ ਹਨ। ਹਰੇਕ ਦਰਵਾਜ਼ੇ 'ਤੇ ਸਿੱਖੀ ਦੇ ਸਿਧਾਂਤਾ ਨੂੰ ਦਰਸਾਉਂਦੇ ਨਾਂ ਉਕਰੇ ਸਨ-ਲਵ (ਪਿਆਰ), ਫਰੀਡਮ (ਆਜ਼ਾਦੀ), ਸਰਵਿਸ (ਸੇਵਾ) ਅਤੇ ਜਸਟਿਸ (ਨਿਆਂ)। ਇਹ ਫਲੋਟ ਗੈਰ ਲਾਭਕਾਰੀ ਸੰਸਥਾ ਯੂਨਾਇਟਡ ਸਿੱਖ ਮਿਸ਼ਨ ਵਲੋਂ ਤਿਆਰ ਕਰਵਾਈ ਗਈ ਸੀ। ਸੰਸਥਾ ਦੇ ਪ੍ਰਬੰਧਕ ਭਾਨਜੀਤ ਸਿੰਘ ਨੇ ਦੱਸਿਆ, 'ਸਿੱਖ ਅਤੇ ਹੋਰਨਾਂ ਧਰਮਾਂ ਦੇ ਘੱਟ-ਗਿਣਤੀ ਲੋਕ ਦੇਸ਼ ਭਰ ਵਿਚ ਚੁਣੌਤੀਆਂ ਦਾ ਸਾਹਮਣਾ ਕਰ ਰਹੇ ਹਨ। ਅਸੀਂ ਸਮਝਦੇ ਹਾਂ ਕਿ ਸਿੱਖੀ ਸਿਧਾਂਤਾ ਬਾਰੇ ਲੋਕਾਂ ਨੂੰ ਜਾਗਰੂਕ ਕਰਨ ਦਾ ਇਹ ਸਹੀ ਮੌਕਾ ਹੈ।' ਬਰਾਬਰਤਾ, ਨਿਆਂ ਤੇ ਸਹਿਣਸ਼ੀਲਤਾ ਦਾ ਸੁਨੇਹਾ ਦੇਣ ਵਾਲੇ ਸਿੱਖਾਂ ਨੂੰ ਆਪਣੇ ਧਾਰਮਿਕ ਚਿੰਨ੍ਹਾਂ ਕਾਰਨ ਨਸਲੀ ਹਮਲਿਆਂ ਦਾ ਸ਼ਿਕਾਰ ਬਣਾਇਆ ਜਾ ਰਿਹਾ ਹੈ। ਹਾਲ ਹੀ ਵਿਚ ਕੈਲੀਫੋਰਨੀਆ ਵਿਚ ਵਾਪਰੀਆਂ ਨਫ਼ਰਤੀ ਘਟਨਾਵਾਂ ਨੇ ਸਾਰਿਆਂ ਦੇ ਦਿਲਾਂ ਨੂੰ ਠੇਸ ਪਹੁੰਚਾਈ ਹੈ।

ਪ੍ਰਬੰਧਕ ਮੀਨੂ ਕੌਰ ਸਿੰਘ ਨੇ ਕਿਹਾ ਕਿ ਆਪਣੀਆਂ ਪ੍ਰਾਪਤੀਆਂ ਅਤੇ ਕਾਬਲੀਅਤ ਕਾਰਨ ਸਿੱਖਾਂ ਦੀਆਂ ਜੜ੍ਹਾਂ ਡੂੰਘੀਆਂ ਹਨ। ਸਿੱਖ ਵਿਦਿਆਰਥੀ, ਵਿਗਿਆਨੀ, ਕਿਸਾਨ ਤੇ ਡਾਕਟਰ ਹਨ, ਉਹ 125 ਵਰ੍ਹਿਆਂ ਤੋਂ ਕੈਲੀਫੋਰਨੀਆ ਦੀ ਧਰਤੀ ਦਾ ਹਿੱਸਾ ਹਨ ਸਾਡਾ ਵਿਸ਼ਵਾਸ ਪਿਆਰ,

**ਬਾਕੀ ਸਫ਼ਾ 36 'ਤੇ**

# ਨਵੇਂ ਵਰ੍ਹੇ ਦੀ ਆਮਦ 'ਤੇ ਗੁਰੂ ਘਰ ਮਿਲਪੀਟਸ ਬੇ ਏਰੀਆ ਵਿਖੇ ਸਜੇ ਵਿਸ਼ੇਸ਼ ਕੀਰਤਨ ਦਰਬਾਰ







**ਮਿਲਪੀਟਸ/ਬਿਊਰੋ ਨਿਊਜ਼ :** ਗੁਰਦੁਆਰਾ ਸਾਹਿਬ ਸਿੰਘ ਸਭਾ ਬੇ ਏਰੀਆ ਮਿਲਪੀਟਸ ਵਿਖੇ ਸਾਲ 2017 ਨੂੰ ਜੀ ਆਇਆਂ ਆਖਦਿਆਂ ਵੱਡੀ ਗਿਣਤੀ ਵਿਚ ਸੰਗਤਾਂ ਨੇ ਗੁਰਦੁਆਰਾ ਸਾਹਿਬ ਵਿਖੇ ਅੰਮ੍ਰਿਤ ਵੇਲੇ ਤੋਂ ਹੀ ਗੁਰੂ ਚਰਨਾਂ ਵਿੱਚ ਹਾਜ਼ਰੀ ਲਗਵਾਈ। ਅੰਮ੍ਰਿਤ ਵੇਲੇ ਸਜੇ ਕੀਰਤਨ ਦਰਬਾਰ ਤੋਂ ਬਾਅਦ ਸ਼ਾਮ 2016 ਦੀ ਪੂਰਵ ਸੰਧਿਆ ਤੋਂ ਆਰੰਭ ਹੋਏ ਦੀਵਾਨ ਰਾਤ 12:00 ਵਜੇ ਤੱਕ ਜਾਰੀ ਰਹੇ। ਕੀਰਤਨ ਦਰਬਾਰ ਦੀ ਆਰੰਭਤਾ ਸ. ਜਸਵੰਤ ਸਿੰਘ ਹੋਠੀ ਅਤੇ ਪਰਿਵਾਰ ਵਲੋਂ ਕਰਵਾਈ ਗਈ। ਪੰਥ ਦੀ ਚੜ੍ਹਦੀਕਲਾ ਅਤੇ ਜੇਲ੍ਹਾਂ ਵਿੱਚ ਬੰਦ ਸਿੱਖ ਕੈਦੀਆਂ ਦੀ ਰਿਹਾਈ ਲਈ ਆਰੰਭੇ ਸ੍ਰੀ ਸਹਿਜਪਾਠ ਦੀ ਸਮਾਪਤੀ ਤੋਂ ਬਾਅਦ ਗੁਰਮਤਿ ਗਿਆਨ ਆਨਲਾਈਨ ਸਟੱਡੀ ਸੈਂਟਰ ਦੇ ਬੱਚਿਆਂ ਨੇ ਨਿਰਧਾਰਿਤ ਰਾਗਾਂ ਵਿੱਚ ਗੁਰਬਾਣੀ ਦਾ ਗਾਇਨ ਕੀਤਾ। ਇਸ ਮਗਰੋਂ ਭਾਈ ਅਮ੍ਰਿਤਪਾਲ ਸਿੰਘ ਸੰਗਰੂਰ ਵਾਲਿਆਂ ਦੇ ਜਥੇ ਨੇ ਰਸਭਿੰਨਾ ਕੀਰਤਨ ਕੀਤਾ। ਭਾਈ ਦਿਲਬਾਗ ਸਿੰਘ ਅਤੇ ਭਾਈ ਹਰਪ੍ਰੀਤ ਸਿੰਘ ਜੀ ਦਮਦਮੀ ਟਕਸਾਲ ਫਰੀਮੌਂਟ ਵਾਲਿਆਂ ਨੇ ਵੀ ਇਕ ਘੰਟੇ ਲਈ ਕੀਰਤਨ ਰਾਹੀਂ ਸੰਗਤਾਂ ਦੀ ਸੇਵਾ ਕੀਤੀ। ਡਾ. ਭਾਈ ਰਵਿੰਦਰ ਸਿੰਘ ਜੀ, ਭਾਈ ਸੁਖਦੇਵ ਸਿੰਘ ਜੀ ਅਤੇ ਭਾਈ ਰਾਜਵਿੰਦਰ ਸਿੰਘ ਹਜ਼ੂਰੀ ਜਥਾ ਗੁਰਦੁਆਰਾ ਸਾਹਿਬ ਨੇ ਵੀ ਕੀਰਤਨ ਰਾਹੀਂ ਆਪਣੀ ਹਾਜ਼ਰੀ ਲਗਵਾਈ। ਅੰਤ ਵਿੱਚ ਭਾਈ ਗੁਰਮੀਤ ਸਿੰਘ ਜੰਮੂ ਵਾਲਿਆਂ ਦੇ ਰਾਗੀ ਜੱਥੇ ਨੇ ਨਵੇਂ ਸਾਲ ਦੀ ਆਮਦ ਤੱਕ ਕੀਰਤਨ ਅਤੇ ਕਥਾ ਰਾਹੀਂ ਸੰਗਤਾਂ ਨਾਲ ਸਾਂਝ ਬਣਾਈ। ਨਵੇਂ ਸਾਲ ਦੀ ਆਮਦ ਦੀ ਖੁਸ਼ੀ ਵਿੱਚ ਸੰਗਤੀ ਰੂਪ ਵਿੱਚ ਮੂਲ ਮੰਤਰ ਦੇ ਪਾਠ ਕੀਤੇ ਗਏ ਅਤੇ ਸੰਗਤਾਂ ਨੇ ਕੌਮੀ ਜੈਕਾਰਿਆਂ ਨਾਲ ਨਵੇਂ ਵਰ੍ਹੇ ਨੂੰ ਜੀ ਆਇਆਂ ਆਖਿਆ। ਇਸ ਮੌਕੇ ਸ. ਗੁਰਜੀਤ ਸਿੰਘ ਹੋਠੀ ਅਤੇ ਸ. ਸੁਗੀਤ ਸਿੰਘ ਜੀ ਨੂੰ ਗੁਰੂ ਘਰ ਵਲੋਂ ਸਿਰੋਪਾਓ ਦੀ ਬਖਸ਼ਿਸ਼ ਦਿੱਤੀ ਗਈ। ਸ. ਜਸਵੰਤ ਸਿੰਘ ਹੋਠੀ ਵਲੋਂ ਸਮੂਹ ਸੰਗਤਾਂ ਦਾ ਗੁਰੂ ਘਰ ਆਉਣ 'ਤੇ ਧੰਨਵਾਦ ਕੀਤਾ ਗਿਆ ਅਤੇ ਨਵੇਂ ਵਰ੍ਹੇ ਵਿੱਚ ਪੰਥ ਵਾਸਤੇ ਕੁੱਝ ਚੰਗਾ ਕਰਨ ਲਈ ਅਪੀਲ ਵੀ ਕੀਤੀ ਗਈ। ਸਟੇਜ ਸਕੱਤਰ ਦੀ ਭੂਮਿਕਾ ਭਾਈ ਕਮਲਜੀਤ ਸਿੰਘ ਵਲੋਂ ਨਿਭਾਈ ਗਈ, ਜਿਨ੍ਹਾਂ ਨੇ ਸੰਗਤਾਂ ਨੂੰ ਸਿੱਖ ਧਰਮ ਦਾ ਅਸਲੀ ਵਰ੍ਹਾ ਚੇਤ ਮਹੀਨੇ ਦੀ ਸੰਗਰਾਂਦ ਤੋਂ ਇਸੇ ਤਰ੍ਹਾਂ ਮਨਾਉਣ ਲਈ ਬੇਨਤੀ ਕੀਤੀ। ਅੰਤ ਵਿੱਚ ਸਰਬੱਤ ਦੇ ਭਲੇ ਲਈ ਅਰਦਾਸ ਹੋਈ ਅਤੇ ਸੰਗਤਾਂ ਨੇ ਗੁਰੂ ਕਾ ਲੰਗਰ ਰਲ਼ ਮਿਲ ਕੇ ਛਕਿਆ।

**ਵਿਸ਼ੇਸ਼ ਸੂਚਨਾ : ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਵਿੱਚ ਖ਼ਬਰਾਂ ਅਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ: *ਜੈ ਸਿੰਘ* ਫੋਨ ਨੰਬਰ 510-677-2777**





ਐਸ ਅਸ਼ੋਕ ਭੌਰਾ

## S. ASHOK BHAURA
## & IKKI INTERNATIONAL INC. ASSOCIATION WITH
## GLOBAL PUNJAB TV & CHANNEL PUNJABI

# CHHANKATA VANGAN DA 2017

(Dedicated to Late: Surjit Bindrakhia)

# ਛਣਕਾਟਾ ਵੰਗਾਂ ਦਾ 2017



ਸਵ. ਸੁਰਜੀਤ ਬਿੰਦਰਖੀਆ

**8 January 2017, Sunday,** ਸਮਾ ਸਵੇਰ 11 ਤੋਂ ਦੇਰ ਸ਼ਾਮ ਤੱਕ

at Paradise Ballroom, 4100 Peralta Blvd. Fremont Ca 94536



ਨੌਜਵਾਨ ਗਾਇਕ
ਗੀਤਾਜ ਬਿੰਦਰਖੀਆ
(ਸਪੁੱਤਰ ਸੁਰਜੀਤ ਬਿੰਦਰਖੀਆ)
ਪ੍ਰੋਗਰਾਮ ਦੀ ਸ਼ਾਨ ਬਣਨਗੇ।

ਪ੍ਰੋਗਰਾਮ
ਜਲੰਧਰ ਦੂਰਦਰਸ਼ਨ
ਦੇ ਨੈਸ਼ਨਲ ਨੈੱਟਵਰਕ
(ਡੀ ਡੀ ਪੰਜਾਬੀ)
ਤੋਂ ਵੀ ਪ੍ਰਸਾਰਿਤ
ਕੀਤਾ ਜਾਵੇਗਾ



ਵਿਸ਼ੇਸ਼ ਮਹਿਮਾਨ
ਜੀ ਕੇ ਸਿੰਘ ਆਈ ਏ ਐਸ
ਟਰੱਸਟੀ
ਸਰਬੱਤ ਦਾ ਭਲਾ ਟਰੱਸਟ



## ਮੁੱਖ ਮਹਿਮਾਨ

ਸ. ਐਸ ਪੀ ਸਿੰਘ ਓਬਰਾਏ
ਚੇਅਰਮੈਨ ਸਰਬੱਤ ਦਾ ਭਲਾ ਟਰੱਸਟ

## ਗਿੱਧਾ, ਭੰਗੜਾ, ਹਾਸਰਸ ਅਤੇ ਮਲਵਈ ਗਿੱਧਾ ਦਾ ਨਿਵੇਕਲਾ ਰੰਗ ਵੀ ਉੱਘੜੇਗਾ

### ਗੀਤ ਸੰਗੀਤ ਦਾ ਸ਼ਿੰਗਾਰ



ਧਰਮਵੀਰ ਥਾਂਦੀ



ਜੋਤ ਰਣਜੀਤ



ਸੱਤੀ ਪਾਬਲਾ



ਅਨੂਪ ਚੀਮਾ 'ਤੇ ਤਰਲੋਕ ਸਿੰਘ



Tarsem Atwal Archana Singh Manga Dhaliwal

ਮੰਚ ਸੰਚਾਲਨ ਦੀ ਨਿਵੇਕਲੀ ਜੁਗਲਬੰਦੀ



ਬਲਜੀਵਨ ਧਾਲੀਵਾਲ, ਵਿਜੇ, ਪੋਪੀ ਸਿੰਘ ਅਤੇ ਦਰਸ਼ਨ ਕਹਿਲ ਦੀ ਕਾਮੇਡੀ ਦਾ ਨਵਾਂ ਰੂਪ ਪੇਸ਼ ਕਰਨਗੇ



ਨਿਰਦੇਸ਼ਕਾ ਜਯਾ ਸ਼ਰਮਾ ਦੀ ਅਗਵਾਈ ਹੇਠ ਡਾਂਸ ਕ੍ਰਿਸ਼ਮਾ ਅਕੈਡਮੀ ਦੀ ਗੀਤਾਂ 'ਤੇ ਕੋਰੀਓਗ੍ਰਾਫੀ ਪ੍ਰੋਗਰਾਮ ਦਾ ਮੁੱਖ ਆਕਰਸ਼ਣ ਰਹੇਗੀ।

## Contact:

510-695-4836 (Manvir), 408-609-9861 (Rahul)
510-512-3401 (Anmol), 408-659-9959 (Manjit)

## Powered By:

GB Entertainment, Total Entertainment, Punjab Lok Rang Fog, Indo American Motion Pictures, Dance Krishma Academy Ritu Maheshwari & Sonia Chera, Raja Sweets, Radio CK

Raja SWEETS & CATERING

## OUR RESPECTED SPONSERS

GAKHAL BROTHER'S (GB ENTERTAINMENT ) , MAKHAN BAINS & GIANI RAVINDER SINGH( RAJA SWEETS ),GULVINDER SINGH GAKHAL , NEKI ATWAL ( DIAMOND TRANSPORT), JAGRAJ SINGH SAHOTA ,NARINDER SINGH SAHOTA, KULWANT SINGH NIJJAR, SURINDER SINGH NIJJAR ,AMRITPAL SINGH NIJJAR MADERA, NIRMAL SINGH SAHOTA, JASWANT SINGH HOTHI, INDERJIT SINGH THIND, TUT BROTHER'S ( SURJIT SINGH TUT & RANJIT SINGH TUT ), RAJ BHANOT, MALKIT SINGH BOPARAI & JASWINDER SINGH BOPARAI ( VENCO TRUCK STOP ), MANGAL SINGH BHANDAL, TARLOCHAN SINGH LACHAR, JAGDEV RAM PAUL & JACK RAM PAULSAM PANNU, SURINDER SINGH BHINDRA, DR. GURPREET SINGH DHUGGA, GOLDEN STATE TRUCK SALES INC.( DHARMINDER SINGH DHAR ), RANA KAHLON, RAY WALIA ( INDO AMERICAN MOTION PICTURE ), HARJINDER SINGH DHAMI FAIRFIELD, HARRY GILL & AVTAR GILL ( GILL INSURANCE ), JASWANT SINGH SRA ,SARABJIT SARAO , HARJINDER JOHAL, TAJ RANDHAWA ( REMAX GOLD ), PAUL SAHOTA ,NAJJAR SINGH SAHOTA, HARDUMAN SINGH BILLA SANGHERA, ASHWANI BHAKHRI, KULDIP SINGH ATWAL, SURJIT SINGH ATWAL, SUKHRAJ DHALIWAL, DR HARMESH KUMAR , PRITAM SINGH GAREWAL, SURINDER SINGH DHANOA ( PUNJAB LOK RANG ), SIKANDER GAREWAL SARPANCH ( PUNJABI DHABA ), AMRIT PAL SINGH SRA , VIJAY SINGH, AVTAR LAKHA, CHICAGO PIZZA , DESI SWAG , BITTU NIJJAR, KASHMIR SINGH DHUGGA ( CASH FABRICS ), LAKHBIR SAHOTA ( KALA TRACY), LAKHVIR SINGH PATWARI , GURCHARAN MAAN, GULINDER GILL , PREET FABRICS , AMRIK CHAND LAKHA, KHUSHWINDER PAL SINGH ( NY LIFE ), RAJ BHADWAL , GARRY DHESI , SUKHI DHALIWAL , RAMESH SUMAN, FAQIR CHAND MEHMI , DR DALBIR PANNU , BHARPUR BRAR ,VINOD KUMAR CHUMBER , DHARAMPAL JHAMAT , PAUL MAHAL , GURDAWAR SINGH MAAN , NEETA MACHIKE , KULWANT UBHI DHALIAN , MANJIT KANG , TARA SAGAR , SUKHDEV GAREWAL , SANTOKH SINGH JUDGE , JASSI BANGA , SMILE DHIR , BOB VIRK , SUKHWINDER KAMBOJ

# IKKI INTERNATIONAL ENT. INC.

# JESSIE TAX SERVICES

## We Provide Comprehensive Tax Services



JASWANT S. JESSIE

Enrolled Agent (EA), NTPI Fellow

**Specializing in:**

- Comprehensive Tax Return Preparation (including international income)
- Individual & All Business Tax Returns (Multiple States)
- Creation of Partnership, LLC & Corporation
- F-BAR, OVDPI & Streamline Filings
- Book keeping, Payroll & Sales Tax
- Audit Representations to IRS, Franchise Tax Board, EDD & Sales Tax

1491 S. Wolfe Road, Sunnyvale, CA 94087 | *By Appointment Only*

**Phone (408) 736-2451 | Fax (408) 736-8626**

Email: jessie@jessietax.com

**www.jessietax.com**


# ਬਾਬਾ ਜੋਗਿੰਦਰ ਸਿੰਘ ਮਿਆਣੀ ਨੂੰ ਸਦਮਾ, ਪੁੱਤਰ ਸਰਬਜੀਤ ਸਿੰਘ ਬੱਲੂ ਦਾ ਦੇਹਾਂਤ

### *ਮ੍ਰਿਤਕ ਦੇਹ ਦੇ ਦਰਸ਼ਨ ਤੇ ਕੀਰਤਨ 6 ਜਨਵਰੀ ਨੂੰ*

### ਅੰਤਿਮ ਸੰਸਕਾਰ ਤੇ ਅਰਦਾਸ 8 ਜਨਵਰੀ ਐਤਵਾਰ ਨੂੰ

**ਨਿਊਯਾਰਕ/ਬਿਊਰੋ ਨਿਊਜ਼ :** ਸਿੱਖ ਭਾਈਚਾਰੇ ਵਿਚ ਜਾਣੀ-ਪਛਾਣੀ ਸ਼ਖਸੀਅਤ ਅਤੇ ਪਿੰਡ ਮਿਆਣੀ ਵੈਲਫੇਅਰ ਸੁਸਾਇਟੀ ਦੇ ਪ੍ਰਧਾਨ ਰਹੇ ਬਾਬਾ ਜੋਗਿੰਦਰ ਸਿੰਘ ਮਿਆਣੀ ਨੂੰ ਉਸ ਵੇਲੇ ਸਦਮਾ ਲੱਗਾ, ਜਦੋਂ ਉਨ੍ਹਾਂ ਦੇ ਜਵਾਨ ਪੁੱਤਰ ਸਰਬਜੀਤ ਸਿੰਘ ਬੱਲੂ ਦੀ ਬੇਵਕਤੀ ਮੌਤ ਹੋ ਗਈ। 42 ਸਾਲਾਂ ਦੇ ਸਰਬਜੀਤ ਸਿੰਘ ਬੱਲੂ ਬਹੁਤ ਹੀ ਸਾਊ ਸੁਭਾਅ ਦੇ ਸਨ। ਉਹ ਆਪਣੇ ਪਿਛੇ ਦੋ ਬੇਟੇ, ਪਤਨੀ ਅਤੇ ਮਾਤਾ-ਪਿਤਾ ਤੇ ਇਕ ਭਰਾ ਛੱਡ ਗਏ ਹਨ। ਸਰਬਜੀਤ ਸਿੰਘ ਥੋੜ੍ਹੇ ਦਿਨਾਂ ਤੋਂ ਬਿਮਾਰ ਸਨ। ਉਹ ਆਪਣੇ ਘਰੋਂ 2 ਜਨਵਰੀ ਦਿਨ ਸੋਮਵਾਰ ਹਸਪਤਾਲ ਚੈੱਕਅਪ ਕਰਾਉਣ ਗਏ ਸਨ ਕਿ ਅਚਾਨਕ ਤਬੀਅਤ ਜ਼ਿਆਦਾ ਵਿਗੜ ਗਈ ਤੇ ਉਨ੍ਹਾਂ ਦਾ ਦੇਹਾਂਤ ਹੋ ਗਿਆ। ਬਾਬਾ ਜੋਗਿੰਦਰ ਸਿੰਘ ਅਤੇ ਉਨ੍ਹਾਂ ਦੇ ਪਰਿਵਾਰ ਲਈ ਇਹ ਅਸਹਿ ਸਦਮਾ ਹੈ। ਇਲਾਕੇ ਦੀਆਂ ਸ਼ਖ਼ਸੀਅਤਾਂ ਪਰਿਵਾਰ ਦੀ ਦੁੱਖ ਦੀ ਘੜੀ ਵਿਚ ਸ਼ਰੀਕ ਹੋਈਆਂ। ਬਾਬਾ ਜੋਗਿੰਦਰ ਸਿੰਘ 'ਸੰਤ ਪ੍ਰੇਮ ਸਿੰਘ ਸਿੱਖ ਕਲਚਰਲ ਸੁਸਾਇਟੀ' ਦੇ ਚੇਅਰਮੈਨ ਵੀ ਰਹੇ ਹਨ। ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ ਵਿਚ ਵੀ ਉਨ੍ਹਾਂ ਸਾਰਥਕ ਰੋਲ ਨਿਭਾਇਆ ਹੈ। ਸਰਬਜੀਤ ਸਿੰਘ ਬੱਲੂ ਦੀ ਮ੍ਰਿਤਕ ਦੇਹ 6 ਜਨਵਰੀ, ਸ਼ੁੱਕਰਵਾਰ ਨੂੰ ਰੌਕਵੇਅ 114 ਸਟਰੀਟ ਵਿਖੇ ਦਰਸ਼ਨਾਂ ਲਈ ਸਵੇਰੇ 11:00 ਵਜੇ ਤੋਂ 12.30 ਵਜੇ ਤੱਕ ਰੱਖੀ ਜਾਵੇਗੀ, ਜਿਥੇ ਉਨ੍ਹਾਂ ਨਮਿਤ ਕੀਰਤਨ ਹੋਵੇਗਾ। ਅੰਤਿਮ ਸੰਸਕਾਰ ਅਸਟੋਰੀਆ ਬੁਲੇਵਾਡ ਸੈਮੇਟਗ ਵਿਖੇ 8 ਜਨਵਰੀ, ਐਤਵਾਰ ਨੂੰ ਬਾਅਦ ਦੁਪਹਿਰ 1:00 ਵਜੇ ਹੋਵੇਗਾ। ਉਪਰੰਤ ਉਨ੍ਹਾਂ ਨਮਿਤ ਰੱਖੇ ਗਏ ਸ੍ਰੀ ਆਖੰਡ ਪਾਠ ਸਾਹਿਬ ਜੀ ਦਾ ਭੋਗ ਉਸੇ ਦਿਨ ਐਤਵਾਰ, 8 ਜਨਵਰੀ ਨੂੰ ਪਵੇਗਾ, ਉਪਰੰਤ ਅੰਤਿਮ ਅਰਦਾਸ ਹੋਵੇਗੀ।




# LAW OFFICE OF PARDEEP S. GREWAL

## ਪ੍ਰਦੀਪ ਸਿੰਘ ਗਰੇਵਾਲ

## Bankruptcy

## Immigration • Divorce

**ਬੈਂਕਰਪਸੀ**

ਚੈਪਟਰ 7 ਅਤੇ 13 (ਨਿੱਜੀ ਅਤੇ ਬਿਜਨਸ)

**ਇਮੀਗ੍ਰੇਸ਼ਨ ਲਾਅ**

9th ਸਰਕਟ ਅਪੀਲ, ਬੀ ਆਈ ਏ ਅਪੀਲ,

ਡਿਪੋਰਟੇਸ਼ਨ/ਰਿਮੂਵਲ ਕੇਸ, ਵੀਜ਼ਾ ਪਟੀਸ਼ਨ, ਗਰੀਨ ਕਾਰਡ

**ਪਰਿਵਾਰਕ ਕਾਨੂੰਨ**

**ਤਲਾਕ**



Pardeep S. Grewal

Attorney At Law

**Bankruptcy**

- Chapter 7 & 13 Bankruptcy
- Protect Your Assets- Home, Etc..
- Start Fresh- Clear

**Family Law • Divorce**

**Immigration Law**

- Deportation Cases- BIA Appeals
- Ninth Circuit Appeals
- Adjustment of Status (Green Card)
- Visa Petitions, NVC

ਇਮੀਗਰੇਸ਼ਨ ਸਬੰਧੀ ਕਿਸੇ ਵੀ ਤਰ੍ਹਾਂ ਦੀ ਜਰੂਰਤ ਲਈ ਕਾਲ ਕਰੋ

**510.889.1999**

email : info@pardeeplaw.com

20980 REDWOOD ROAD, SUITE 240 • CASTRO VALLEY CA 94546



# CAPITAL SERVICES

Capital services

## ਸਾਰੀਆਂ ਸੇਵਾਵਾਂ ਇਕੋ ਥਾਂ

- ਇੰਡੀਅਨ ਪਾਸਪੋਰਟ
- ਇੰਡੀਅਨ ਵੀਜ਼ਾ, OCI
- ਮੁਖਤਿਆਰਨਾਮਾ
- ਇਮੀਗਰੇਸ਼ਨ ਸਰਵਿਸਜ਼
- ਸਿਟੀਜਨ, ਗਰੀਨ ਕਾਰਡ
- ਫੈਮਲੀ ਪਟੀਸ਼ਨ




ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ

**ਹੋਰ ਸੇਵਾਵਾਂ**

* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿੰਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ

**Call, Banga (916) 427-4321, Fax (916) 258-0441**

Email : sacramento99@yahoo.co, website: capitalservices.us



When tired of all treatments for any disease at any age Try

# HOMEOPATHIC

Experienced Consultant Physician since 1973

American Red Cross



ਹੋਰ ਇਲਾਜਾਂ ਤੋਂ ਥਕ ਗਏ ਹੋ ਤਾਂ ਹੋਮੀਓਪੈਥੀ ਅਜਮਾਓ

**We sell homeopathic medicines**

ਅਰਥਰਾਈਟਸ, ਦਮਾ, ਸ਼ੂਗਰ, ਬਲੱਡ ਪ੍ਰੈਸ਼ਰ, ਪੱਥਰੀ, ਖਾਰਿਸ਼, ਮੁਹਾਸੇ,

ਵਜ਼ਨ ਦਾ ਘਟਣਾ ਜਾਂ ਵਧਣਾ, ਜਨਾਨਾ ਤੇ ਮਰਦਾਨਾ ਕਮਜ਼ੋਰੀ ਦਾ ਪੱਕਾ ਇਲਾਜ

**7021 Village Parkway Dublin CA 94568**

**GURDIP SINGH SANDHU**

DHMS-Gold Medalist, BAMS, MDEH. - INDIA

Ex Principal, Prof., Chief Medical Officer,
Ex Member NCH and CA Homeomedical Society
Working under act SB 577 state of CA

**Office: 408.729.6691**

**Cell: 408.687.1899**

email: homeomedicine@yahoo.com

www.homeopathyatoz.com

ਡਾ. ਸੰਧੂ ਦੇ ਸਿਹਤ ਵਿਗਿਆਨ ਸਬੰਧੀ ਲੈਕਚਰ 'Jus Punjabi TV' ਉੱਤੇ ਹਰ ਐਤਵਾਰ ਬਾਅਦ ਦੁਪਹਿਰ 1:00 ਵਜੇ ਤੋਂ 1:15 ਵਜੇ ਤੱਕ ਅਤੇ 'ਰੇਡੀਓ 1170AM' ਉੱਤੇ ਮੰਗਲਵਾਰ ਸਵੇਰੇ 10:00 ਵਜੇ ਤੋਂ 10:30 ਵਜੇ ਤੱਕ ਸੁਣੋ


ਅੰਮ੍ਰਿਤਸਰ ਟਾਈਮਜ਼
Weekly Punjabi Newspaper

Corporate Office
4127 Bay Street, Suite 8
Fremont, CA 94538
Email: asrtimes@gmail.com

ਵਧੇਰੇ ਜਾਣਕਾਰੀ ਤੇ ਖਬਰਾਂ ਲਈ ਸੰਪਰਕ
Tel: (510) 240-5949 • Fax: (888) 323-6950
ਐਡਵਰਟਾਈਜ਼ਮੈਂਟ ਲਈ ਸੰਪਰਕ
(408) 457-6157 • (510) 677-2777 Jai Singh

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ 'ਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।
*The opinions expressed in this newspaper donot necessarily represent the views or opinions of the staff or employees of Quomantry Amritsar times. *All Disputes must be Handled in Santa Clara Superior Court.

# ਅਮਰੀਕੀਆਂ ਦੀ ਇਤਿਹਾਸਕ ਜਿੱਤ ਦੇ ਜਸ਼ਨ ਮਨਾਉਣਗੇ ਭਾਰਤੀ-ਅਮਰੀਕੀ

**ਵਾਸ਼ਿੰਗਟਨ/ਬਿਊਰੋ ਨਿਊਜ਼ :** ਅਮਰੀਕੀ ਕਾਂਗਰਸ ਲਈ 5 ਭਾਰਤੀ ਮੂਲ ਦੇ ਅਮਰੀਕੀਆਂ ਦੀ ਇਤਿਹਾਸਕ ਜਿੱਤ ਦੇ ਜਸ਼ਨ ਮਨਾਉਣ ਲਈ ਦੇਸ਼ ਭਰ ਦੇ ਭਾਰਤੀ-ਅਮਰੀਕੀ ਅਗਲੇ ਹਫ਼ਤੇ ਵਾਸ਼ਿੰਗਟਨ ਵਿੱਚ ਇਕੱਤਰ ਹੋਣਗੇ। ਦੱਸਣਯੋਗ ਹੈ ਕਿ ਅਮਰੀਕੀ ਸੰਸਦ ਲਈ ਅਮੀ ਬੇਰਾ ਨੇ ਲਗਾਤਾਰ ਤੀਜੀ ਵਾਰ ਜਿੱਤ ਦਰਜ ਕੀਤੀ ਹੈ। ਇਸ ਤੋਂ ਇਲਾਵਾ ਰਾਜਾ ਕ੍ਰਿਸ਼ਨਾਮੂਰਤੀ, ਰੋ ਖੰਨਾ ਤੇ ਪ੍ਰਮਿਲਾ ਜਯਾਪਾਲ ਪਹਿਲੀ ਵਾਰ ਪ੍ਰਤੀਨਿਧੀ ਸਦਨ ਲਈ ਚੁਣੇ ਗਏ ਹਨ। ਇਸੇ ਦੌਰਾਨ ਕੈਲੀਫੋਰਨੀਆ ਦੀ ਅਟਾਰਨੀ ਜਨਰਲ ਕਮਲਾ ਹੈਰਿਸ ਅਮਰੀਕੀ ਸੈਨੇਟ ਲਈ ਚੁਣੀ ਜਾਣ ਵਾਲੀ ਪਹਿਲੀ ਭਾਰਤੀ-ਅਮਰੀਕੀ ਬਣ ਗਈ ਹੈ ਤੇ ਇਸ ਸਬੰਧੀ ਜਸ਼ਨ ਵੀ ਮਨਾਏ ਜਾਣੇ ਹਨ। ਇਸ ਸਮਾਗਮ ਵਿੱਚ ਨੈਂਸੀ ਪੈਲੋਸੀ, ਸੈਨੇਟਰ ਟੀਮ ਕੇਨ, ਸੀਨੇਟਰ ਮਾਰਕ ਵਾਰਨਰ ਤੇ ਰਿਪਬਲਿਕਨ ਸੰਸਦ ਮੈਂਬਰ ਜਾਰਜ ਹੋਲਡਿੰਗ ਸਮੇਤ ਕਈ ਸੀਨੀਅਰ ਆਗੂ ਇਸ ਸਮਾਗਮ ਵਿੱਚ ਸ਼ਾਮਲ ਹੋਣ ਲਈ ਸਹਿਮਤੀ ਦੇ ਚੁੱਕੇ ਹਨ।



ਇਸ ਸਬੰਧੀ ਗੱਲ ਕਰਦਿਆਂ ਸਿਲੀਕਾਨ ਵੈਲੀ ਆਧਾਰਤ ਇੱਕ ਕਾਰੋਬਾਰੀ ਐਮ ਆਰ ਰੰਗਾਸਵਾਮੀ ਨੇ ਕਿਹਾ "ਅਸੀ ਕਾਂਗਰਸ ਦੀ ਚੋਣ ਵਿੱਚ ਜਿੱਤ ਦਰਜ ਕਰਨ ਵਾਲੇ ਅਤੇ ਆਗਾਮੀ ਰਾਸ਼ਟਰਪਤੀ ਪ੍ਰਸ਼ਾਸਨ ਵਿੱਚ ਅਹਿਮ ਅਹੁਦਿਆਂ 'ਤੇ ਨਿਯੁਕਤ ਕੀਤੇ ਜਾਣ ਵਾਲਿਆਂ ਨੂੰ ਸਨਮਾਨਿਤ ਕਰਾਂਗੇ।" ਨਿੱਕੀ ਹੇਲੀ ਸਮੇਤ ਦੋ ਭਾਰਤੀ ਅਮਰੀਕੀਆਂ ਨੂੰ ਟਰੰਪ ਪ੍ਰਸ਼ਾਸਨ ਵਿੱਚ ਅਹਿਮ ਜ਼ਿੰਮੇਵਾਰ ਦਿੱਤੀ ਜਾ ਚੁੱਕੀ ਹੈ ਅਤੇ ਦੋਵਾਂ ਨੂੰ ਇਸ ਸਮਾਗਮ ਲਈ ਸੱਦਾ ਦਿੱਤਾ ਗਿਆ ਹੈ। ਰੰਗਾਸਵਾਮੀ ਨੇ ਇਸ ਖ਼ਬਰ ਏਜੰਸੀ ਨਾਲ ਗੱਲਬਾਤ ਕਰਦਿਆਂ ਕਿਹਾ "ਅਸੀਂ ਅਮਰੀਕੀ ਆਬਾਦੀ ਵਿੱਚ ਇੱਕ ਫ਼ੀਸਦੀ ਹਿੱਸੇਦਾਰ ਹਾਂ ਅਤੇ ਸੰਸਦ ਵਿੱਚ ਭਾਗੀਦਾਰੀ ਵੀ ਇੱਕ ਫ਼ੀਸਦੀ ਹੋ ਗਈ ਹੈ। ਹਲਾਂਕਿ ਜਦੋਂ ਯਹੂਦੀ ਅਮਰੀਕੀਆਂ ਦੀ ਗੱਲ ਕਰੀਏ ਤਾਂ ਆਬਾਦੀ ਵਿੱਚ ਉਨ੍ਹਾਂ ਦਾ ਹਿੱਸਾ 2 ਫ਼ੀਸਦੀ ਹੈ, ਜਦੋਂਕਿ ਕਾਂਗਰਸ ਵਿੱਚ ਹਿੱਸਾ 10 ਫ਼ੀਸਦੀ ਹੈ, ਇਸ ਹਿਸਾਬ ਨਾਲ ਲੰਮਾ ਸਫ਼ਰ ਤੈਅ ਕਰਨਾ ਹੈ।"

# 'ਛਣਕਾਟਾ ਵੰਗਾਂ ਦਾ 2017' ਸਭਿਆਚਾਰ ਪ੍ਰੋਗਰਾਮ 8 ਜਨਵਰੀ ਨੂੰ

**ਫਰੀਮਾਂਟ/ਬਿਊਰੋ ਨਿਊਜ਼:**

ਨਵੇਂ ਸਾਲ ਦੀ ਆਮਦ 'ਤੇ ਇੱਕੀ ਇੰਟਰਨੈਸ਼ਨਲ ਐਂਟਰਟੇਨਮੈਂਟ ਅਤੇ ਐੱਸ ਅਸ਼ੋਕ ਭੌਰਾ ਵਲੋਂ ਸਭਿਆਚਾਰਕ ਪ੍ਰੋਗਰਾਮ 'ਛਣਕਾਟਾ ਵੰਗਾਂ ਦਾ' 8 ਜਨਵਰੀ ਐਤਵਾਰ ਨੂੰ ਪੈਰਾਡਾਈਜ਼ ਬਾਲਰੂਮ ਫਰੀਮਾਂਟ ਵਿਖੇ ਕਰਵਾਇਆ ਜਾ ਰਿਹਾ ਹੈ। ਸਵੇਰੇ 11:00 ਵਜੇ ਤੋਂ ਸ਼ਾਮ 4:00 ਵਜੇ ਤੱਕ ਚੱਲਣ ਵਾਲੇ ਇਸ ਪ੍ਰੋਗਰਾਮ ਦਾ ਮੁੱਖ ਆਕਰਸ਼ਣ ਵਿਸ਼ੇਸ਼ ਤੌਰ 'ਤੇ ਮੁਹੰਮਦ ਸਦੀਕ ਨਾਲ ਲੰਮਾ ਸਮਾਂ ਸਹਿ ਗਾਇਕਾ ਵਜੋਂ ਸਾਥ ਨਿਭਾਉਣ ਵਾਲੀ ਰਣਜੀਤ ਕੌਰ ਹੋਵੇਗੀ। ਪੰਜਾਬ ਦੇ ਮਰਹੂਮ ਗਾਇਕ ਸੁਰਜੀਤ ਬਿੰਦਰਖੀਆ ਨੂੰ ਸਮਰਪਿਤ ਇਸ ਪ੍ਰੋਗਰਾਮ 'ਚ ਉਹਨਾਂ ਦਾ ਬੇਟਾ ਗੀਤਾਜ ਉਚੇਚੇ ਤੌਰ 'ਤੇ ਸ਼ਾਮਿਲ ਹੋਵੇਗਾ। ਡਾਂਸ ਕ੍ਰਿਸ਼ਮਾ ਅਕੈਡਮੀ ਦੀ ਜਯਾ ਸ਼ਰਮਾ, ਪੰਜਾਬ ਲੋਕ ਰੰਗ ਦੇ ਸੁਰਿੰਦਰ ਧਨੋਆ, ਜੀ ਬੀ ਐਂਟਰਟੇਨਮੈਂਟ, ਫੋਗ, ਰਾਜਾ ਸਵੀਟਸ ਅਤੇ ਗੀਤ ਮਾਲਾ ਦੇ ਸਹਿਯੋਗ ਨਾਲ ਕਰਵਾਏ ਜਾ ਰਹੇ ਇਸ ਪ੍ਰੋਗਰਾਮ ਵਿਚ ਧਰਮਵੀਰ ਥਾਂਦੀ, ਅਨੂਪ ਚੀਮਾ, ਮੰਗਾ ਧਾਲੀਵਾਲ, ਤਰਸੇਮ ਅਟਵਾਲ, ਸੱਤੀ




ਪਾਬਲਾ ਅਤੇ ਜੋਤ ਰਣਜੀਤ ਅਪਣੀ ਗਾਇਣ ਕਲਾ ਦਾ ਮੁਜ਼ਾਹਰਾ ਕਰਨਗੇ। ਇਸਤੋਂ ਇਲਾਵਾ ਦੱਖਣੀ ਭਾਰਤ ਦੀਆਂ ਕੁੜੀਆਂ ਕੋਰੀਓਗ੍ਰਾਫੀ ਅਤੇ ਪੰਜਾਬੀ ਲੋਕ ਨਾਚ ਪੇਸ਼ ਕਰਨਗੀਆਂ। ਸੋਨੀਆ ਚੇੜਾ ਅਤੇ ਜੱਸੀ ਸਰਾਂ ਦੀ ਯੁਵਾ ਟੀਮ ਗਿੱਧਾ ਪੇਸ਼ ਕਰੇਗੀ। ਪ੍ਰੋਗਰਾਮ ਦੀ ਸਟੇਜ ਸੰਚਾਲਨਾ ਸਾਂਝੇ ਤੌਰ ਉੱਤੇ ਰੂਪ ਦਵਿੰਦਰ ਕੌਰ ਯੂ ਕੇ ਅਤੇ ਸ਼ਕਤੀ ਮਾਣਕ ਵਲੋਂ ਕੀਤੀ ਜਾਵੇਗੀ।ਮੁੱਖ ਪ੍ਰਬੰਧਕ ਐੱਸ ਅਸ਼ੋਕ ਭੌਰਾ ਦੇ ਦੱਸਣ ਅਨੁਸਾਰ ਪ੍ਰੋਗਰਾਮ 'ਚ ਦਾਖਲਾ ਮੁਫਤ ਹੈ । ਉਨ੍ਹਾਂ ਨੇ ਸਭਨਾਂ ਨੂੰ ਪਰਿਵਾਰਾਂ ਸਮੇਤ ਨਵੇਂ ਸਾਲ ਦੇ ਜਸ਼ਨਾਂ ਵਿਚ ਸ਼ਾਮਿਲ ਹੋਣ ਲਈ ਪੈਰਾਡਾਈਜ਼ ਬਾਲਰੂਮ 4100 ਪਰਿਆਲਟਾ ਬੁੱਲੇਵਾਰਡ ਵਿਖੇ ਪਹੁੰਚਣ ਦਾ ਸੱਦਾ ਦਿੱਤਾ। ਹੋਰ ਜਾਣਕਾਰੀ ਲਈ ਫੋਨ ਨੰਬਰਾਂ 510 695 4836 ਅਤੇ 510 512 3401 ਤੇ ਸੰਪਰਕ ਕੀਤਾ ਜਾ ਸਕਦਾ ਹੈ।

ਇਸ ਪ੍ਰੋਗਰਾਮ ਦਾ ਪੰਜਾਬੀ ਦੇ ਦੂਰਦਰਸ਼ਨ ਜਲੰਧਰ ਸਮੇਤ ਗਲੋਬਲ ਪੰਜਾਬ ਅਮਰੀਕਾ, ਚੈਨਲ ਪੰਜਾਬੀ ਕੈਨੇਡਾ, ਅਕਾਲ ਚੈਨਲ ਲੰਡਨ ਪ੍ਰਸਾਰਣ ਕਰਨਗੇ।

## ਸੱਤਾ ਸੰਭਾਲਦਿਆਂ ਹੀ ਡੋਨਲਡ ਟਰੰਪ ਉਲਟਾਉਣਗੇ ਓਬਾਮਾ ਦੇ ਫ਼ੈਸਲੇ

**ਵਾਸ਼ਿੰਗਟਨ/ਬਿਊਰੋ ਨਿਊਜ਼ :** ਰਾਸ਼ਟਰਪਤੀ ਬਰਾਕ ਓਬਾਮਾ ਵੱਲੋਂ ਆਪਣੇ ਵਿਸ਼ੇਸ਼ ਅਧਿਕਾਰਾਂ ਤਹਿਤ ਲਏ ਕਈ ਫ਼ੈਸਲਿਆਂ ਨੂੰ ਡੋਨਲਡ ਟਰੰਪ ਵੱਲੋਂ ਆਪਣੇ ਵ੍ਹਾਈਟ ਹਾਊਸ ਵਿੱਚ ਪਹਿਲੇ ਹੀ ਦਿਨ ਮਨਸੂਖ਼ ਕੀਤੇ ਜਾਣ ਦੀ ਯੋਜਨਾ ਹੈ ਕਿਉਂਕਿ ਟਰੰਪ ਨੂੰ ਲੱਗਦਾ ਹੈ ਕਿ ਅਜਿਹੇ ਫ਼ੈਸਲੇ ਆਰਥਿਕ ਵਿਕਾਸ ਅਤੇ ਨੌਕਰੀਆਂ ਪੈਦਾ ਕਰਨ ਵਿੱਚ 'ਅੜਿੱਕਾ' ਪਾ ਰਹੇ ਹਨ। ਅਮਰੀਕਾ ਦੇ ਰਾਸ਼ਟਰਪਤੀ ਚੁਣੇ ਗਏ ਟਰੰਪ ਦੇ ਕਰੀਬੀ ਸੀਨ ਸਪਾਈਸਰ ਨੇ ਏਬੀਸੀ ਦੇ 'ਦਿਸ ਵੀਕ' ਪ੍ਰੋਗਰਾਮ ਵਿੱਚ ਕਿਹਾ ਕਿ ਟਰੰਪ ਵੱਲੋਂ ਕਾਰਜਭਾਰ ਸੰਭਾਲਣ ਸਾਰ ਮੌਜੂਦਾ ਪ੍ਰਸ਼ਾਸਨ ਵੱਲੋਂ ਪਿਛਲੇ ਅੱਠ ਸਾਲਾਂ ਦੌਰਾਨ ਬਣਾਏ ਨਿਯਮਾਂ ਅਤੇ ਲਏ ਕਈ ਫ਼ੈਸਲਿਆਂ, ਜੋ ਆਰਥਿਕ ਵਿਕਾਸ ਤੇ ਰੁਜ਼ਗਾਰ ਪੈਦਾ ਕਰਨ ਵਿੱਚ ਵਿਘਨ ਪਾ ਰਹੇ ਹਨ, ਨੂੰ ਰੱਦ ਕੀਤਾ ਜਾਵੇਗਾ। ਟਰੰਪ ਦੇ ਵ੍ਹਾਈਟ ਹਾਊਸ ਪ੍ਰੈੱਸ ਸੈਕਟਰੀ ਬਣਨ ਵਾਲੇ ਸਪਾਈਸਰ ਨੇ ਕਿਹਾ ਕਿ ਟਰੰਪ ਵੱਲੋਂ 20 ਜਨਵਰੀ ਨੂੰ ਹਲਫ਼ ਲੈਂਦੇ ਸਾਰ ਇਹ ਕੰਮ ਕੀਤਾ ਜਾਵੇਗਾ। ਪਰ ਉਨ੍ਹਾਂ ਨੇ ਇਹ ਨਹੀਂ ਦੱਸਿਆ ਕਿ ਉਨ੍ਹਾਂ ਵੱਲੋਂ ਕਿਹੜੇ ਫ਼ੈਸਲੇ ਪਲਟਾਏ ਜਾਣਗੇ। ਜ਼ਿਕਰਯੋਗ ਹੈ ਕਿ ਰੀਅਲ ਅਸਟੇਟ ਕਾਰੋਬਾਰ ਤੋਂ ਸਿਆਸਤ ਵਿੱਚ ਆਏ 70 ਸਾਲਾ ਟਰੰਪ ਵੱਲੋਂ ਓਬਾਮਾ ਦੀ ਆਵਾਸ, ਊਰਜਾ ਨਿਯਮਾਂ ਅਤੇ ਵਿਦੇਸ਼ ਨੀਤੀ ਦੀ ਆਲੋਚਨਾ ਕੀਤੀ ਜਾਂਦੀ ਰਹੀ ਹੈ। ਇਸ ਕਾਰਨ ਉਨ੍ਹਾਂ ਵੱਲੋਂ ਇਨ੍ਹਾਂ ਸਬੰਧੀ ਜਾਂ ਹੋਰ ਮੁੱਦਿਆਂ 'ਤੇ ਲਏ ਫ਼ੈਸਲੇ ਰੱਦ ਕੀਤੇ ਜਾ ਸਕਦੇ ਹਨ। ਸਪਾਈਸਰ ਨੇ ਕਿਹਾ, 'ਸਾਡੇ ਕੋਲ ਪਿਛਲੇ ਸਮੇਂ ਦੇ ਅਜਿਹੇ ਲੋਕ ਹਨ ਜੋ ਸ਼ੀਸ਼ੇ ਵਿੱਚ ਪਿਛੇ ਨੂੰ ਦੇਖਦੇ ਹਨ ਪਰ ਹੁਣ ਅਸੀਂ ਅਗਾਂਹ ਵੱਲ ਦੇਖ ਰਹੇ ਹਾਂ। ਜੇਕਰ ਤੁਸੀਂ ਟਰੰਪ ਦੇ ਪ੍ਰਸ਼ਾਸਨ ਵਿੱਚ ਸੇਵਾਵਾਂ ਨਿਭਾਉਣੀਆਂ ਹਨ ਤਾਂ ਤੁਹਾਨੂੰ ਇਸ ਦੇਸ਼ ਦੀ ਸੇਵਾ ਕਰਨੀ ਪਵੇਗੀ, ਨਾ ਕਿ ਆਪਣੀ। ਇਹ ਬੇਹੱਦ ਅਗਾਂਹਵਧੂ ਸੋਚ ਹੈ।' ਵਾਰ ਵਾਰ ਪੁੱਛੇ ਜਾਣ ਉਤੇ ਕਿ ਓਬਾਮਾ ਵੱਲੋਂ ਰੂਸ ਦੇ 35 ਏਜੰਟਾਂ ਨੂੰ ਬਾਹਰ ਕਰਨ ਵਾਲੇ ਲਏ ਫ਼ੈਸਲੇ ਨੂੰ ਟਰੰਪ ਵਾਪਸ ਲਵੇਗਾ ਤਾਂ ਉਨ੍ਹਾਂ ਕਿਹਾ ਕਿ ਟਰੰਪ ਕਿਸੇ ਵੀ ਫੈਸਲੇ ਨੂੰ ਅੱਗੇ ਪਾਵੇਗਾ ਜਦੋਂ ਤਕ ਉਸ ਨੂੰ ਸਬੰਧਤ ਮਸਲੇ ਉਤੇ ਖ਼ੁਫ਼ੀਆ ਵਿਭਾਗ ਦੀ ਰਿਪੋਰਟ ਨਹੀਂ ਮਿਲਦੀ।






# ਲੰਬੀ ਤੋਂ ਬਾਦਲ ਦਾ ਮੁਕਾਬਲਾ ਕਰਨਗੇ ਕੇਜਰੀਵਾਲ ਦੇ 'ਜਰਨੈਲ'

## ਕੇਜਰੀਵਾਲ ਦੀ ਹਰ 'ਤੋਪ' ਦਾ ਸਵਾਗਤ ਹੈ : ਪ੍ਰਕਾਸ਼ ਸਿੰਘ ਬਾਦਲ

**ਲੰਬੀ/ਬਿਊਰੋ ਨਿਊਜ਼ :** ਆਮ ਆਦਮੀ ਪਾਰਟੀ ਨੇ ਅਕਾਲੀ ਦਲ ਖਿਲਾਫ਼ ਖੁੱਲ੍ਹੀ ਸਿਆਸੀ ਜੰਗ ਦਾ ਐਲਾਨ ਕਰਦਿਆਂ ਸਾਬਕਾ ਪੱਤਰਕਾਰ ਅਤੇ ਰਾਜੌਰੀ ਗਾਰਡਨ (ਦਿੱਲੀ) ਤੋਂ 'ਆਪ' ਦੇ ਵਿਧਾਇਕ ਜਰਨੈਲ ਸਿੰਘ ਨੂੰ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਖ਼ਿਲਾਫ਼ ਉਨ੍ਹਾਂ ਦੇ ਜੱਦੀ ਹਲਕੇ ਲੰਬੀ ਤੋਂ ਉਮੀਦਵਾਰ ਐਲਾਨਿਆ ਹੈ। ਇਹ ਐਲਾਨ 'ਆਪ' ਦੇ ਕਨਵੀਨਰ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਲੰਬੀ ਹਲਕੇ ਦੇ ਪਿੰਡ ਕੋਲਿਆਂਵਾਲੀ ਵਿਖੇ ਖੇਤਾਂ ਵਿਚ ਪਾਰਟੀ ਦੀ ਸੂਬਾ ਪੱਧਰੀ ਰੈਲੀ ਨੂੰ ਸੰਬੋਧਨ ਕਰਦਿਆਂ ਕੀਤਾ। ਉਧਰ ਬਠਿੰਡਾ ਦਿਹਾਤੀ ਹਲਕੇ ਵਿਚ ਸੰਗਤ ਦਰਸ਼ਨ ਮੌਕੇ ਮੁੱਖ ਮੰਤਰੀ ਪ੍ਰਕਾਸ਼ ਸਿਘ ਬਾਦਲ ਨੇ ਕਿਹਾ ਕਿ ਅਰਵਿੰਦ ਕੇਜਰੀਵਾਲ ਚਾਹੇ ਆਪਣੀ ਜਿਹੜੀ ਮਰਜ਼ੀ 'ਤੋਪ' ਨੂੰ ਹਲਕਾ ਲੰਬੀ ਤੋਂ ਚੋਣ ਮੈਦਾਨ ਵਿੱਚ ਉਤਾਰ ਦੇਵੇ, ਸਭ ਦਾ ਇਸ ਚੋਣ ਅਖਾੜੇ ਵਿੱਚ ਸਿਆਸੀ ਜ਼ੋਰ-ਅਜ਼ਮਾਈ ਲਈ ਨਿੱਘਾ ਸਵਾਗਤ ਹੈ। ਨਾਲ ਹੀ ਉਨ੍ਹਾਂ ਕਿਹਾ ਕਿ ਪੰਜਾਬ ਦੇ ਸੂਝਵਾਨ ਲੋਕ ਨਾ ਕੇਵਲ ਲੰਬੀ ਸਗੋਂ ਸਮੁੱਚੇ ਪੰਜਾਬ ਵਿੱਚੋਂ ਅਜਿਹੀਆਂ ਪੰਜਾਬ ਵਿਰੋਧੀ ਤਾਕਤਾਂ ਨੂੰ ਕਰਾਰੀ ਹਾਰ ਦੇਣਗੇ।



ਕੋਲਿਆਂਵਾਲੀ ਰੈਲੀ 'ਚ ਸਟੇਜ 'ਤੇ ਬਿਰਾਜਮਾਨ ਅਰਵਿੰਦਰ ਕੇਜਰੀਵਾਲ ਅਤੇ ਲੰਬੀ ਤੋਂ ਉਮੀਦਵਾਰ ਜਰਨੈਲ ਸਿੰਘ।

ਸ੍ਰੀ ਕੇਜਰੀਵਾਲ ਨੇ 'ਪੰਜਾਬ ਇਨਕਲਾਬ ਰੈਲੀ' ਵਿੱਚ ਮੌਜੂਦ ਲੋਕਾਂ ਤੋਂ ਹੱਥ ਖੜ੍ਹੇ ਕਰਵਾ ਕੇ ਜਰਨੈਲ ਸਿੰਘ ਦੀ ਉਮੀਦਵਾਰੀ ਬਾਰੇ ਸਹਿਮਤੀ ਹਾਸਲ ਕੀਤੀ। ਪ੍ਰਸ਼ਾਸਨ ਵੱਲੋਂ ਮਨਜ਼ੂਰੀ ਨਾ ਦੇਣ ਕਾਰਨ ਰੈਲੀ ਮਲੋਟ-ਗੰਗਾਨਗਰ ਡਿਫੈਂਸ ਸੜਕ ਤੋਂ ਕਰੀਬ ਤਿੰਨ ਕਿਲੋਮੀਟਰ ਦੂਰ ਖੇਤਾਂ ਵਿੱਚ ਕੀਤੀ ਗਈ। ਸ੍ਰੀ ਕੇਜਰੀਵਾਲ ਦੇ ਕਰੀਬ ਸਾਢੇ ਤਿੰਨ ਘੰਟੇ ਦੇਰ ਨਾਲ ਪੁੱਜਣ 'ਤੇ ਵੀ ਲੋਕ ਰੈਲੀ ਵਿਚ ਉਨ੍ਹਾਂ ਦੀ ਉਡੀਕ ਵਿਚ ਬੈਠੇ ਰਹੇ। ਰੈਲੀ ਨੂੰ ਸੰਬੋਧਨ ਕਰਦਿਆਂ ਸ੍ਰੀ ਕੇਜਰੀਵਾਲ ਨੇ ਸ੍ਰੀ ਬਾਦਲ ਅਤੇ ਕੈਪਟਨ ਅਮਰਿੰਦਰ ਸਿੰਘ ਵਿਚਕਾਰ ਪੱਕੀ ਸੈਟਿੰਗ ਹੋਣ ਦੇ ਦੋਸ਼ ਲਾਉਂਦਿਆਂ ਕਿਹਾ ਕਿ ਉਨ੍ਹਾਂ ਪੰਜਾਬ ਨੂੰ ਲੁੱਟਣ ਲਈ ਵਾਰੀ ਬੰਨ੍ਹੀ ਹੋਈ ਹੈ। ਉਨ੍ਹਾਂ ਲੰਬੀ ਤੋਂ ਉਮੀਦਵਾਰ ਜਰਨੈਲ ਸਿੰਘ ਨੂੰ 'ਪੰਜਾਬ ਦਾ ਸ਼ੇਰ' ਕਰਾਰ ਦਿੰਦਿਆਂ ਕਿਹਾ ਕਿ ਇਹ ਲੜਾਈ ਸਿਰਫ਼ ਜਰਨੈਲ ਸਿੰਘ ਦੀ ਨਹੀਂ ਬਲਕਿ ਹਰ ਉਸ ਵਿਅਕਤੀ ਦੀ ਹੈ ਜਿਹੜਾ ਪੰਜਾਬ ਨੂੰ ਬਚਾਉਣਾ ਚਾਹੁੰਦਾ ਹੈ। ਜਰਨੈਲ ਸਿੰਘ ਨੇ 'ਦੇਹਿ ਸ਼ਿਵਾ ਬਰ ਮੋਹੇ..'ਧਾਰਮਿਕ ਸ਼ਬਦ ਨਾਲ ਬਾਦਲਾਂ ਖ਼ਿਲਾਫ਼ ਲੜਾਈ ਦਾ ਐਲਾਨ ਕਰਦਿਆਂ ਕਿਹਾ ਕਿ ਪੰਜਾਬ ਅੱਜ ਬਾਦਲ, ਨਹੀਂ ਬਦਲਾਅ ਚਾਹੁੰਦਾ ਹੈ। ਉਨ੍ਹਾਂ ਕਿਹਾ ਕਿ ਹਰਿਆਣਾ 'ਤੇ ਕੁਸ਼ਤੀ-ਭਲਵਾਨੀ ਦੀਆਂ 'ਦੰਗਲ' ਜਿਹੀਆਂ ਫ਼ਿਲਮਾਂ ਬਣਦੀਆਂ ਹਨ, ਜਦਕਿ ਪੰਜਾਬ 'ਤੇ ਨਸ਼ਿਆਂ ਬਾਰੇ 'ਉੜਤਾ ਪੰਜਾਬ' ਜਿਹੀਆਂ ਫ਼ਿਲਮਾਂ ਸੂਬੇ ਦੀ ਹਕੀਕਤ ਬਿਆਨਦੀਆਂ ਹਨ। 'ਆਪ' ਦੇ ਇੰਚਾਰਜ ਸੰਜੇ ਸਿੰਘ ਨੇ ਅਕਾਲੀ ਦਲ 'ਤੇ ਭਗਵੰਤ ਮਾਨ ਦੇ ਦਫ਼ਤਰ ਵਿਚ ਭੰਨ-ਤੋੜ ਕਰਵਾਉਣ ਦੇ ਦੋਸ਼ ਲਗਾਉਂਦਿਆਂ ਕਿਹਾ ਕਿ ਪਾਰਟੀ ਬਾਦਲਾਂ ਦੀ 'ਧੱਕੇਸ਼ਾਹੀ' ਤੋਂ ਨਹੀਂ ਡਰੇਗੀ। ਸ੍ਰੀ ਭਗਵੰਤ ਮਾਨ ਨੇ ਵੀ ਆਪਣੀ ਤਕਰੀਰ ਦੌਰਾਨ ਅਕਾਲੀ ਦਲ ਅਤੇ ਕਾਂਗਰਸ ਨੂੰ ਤਿੱਖੇ ਰਗੜੇ ਲਗਾਏ। ਮਹਿਲਾ ਵਿੰਗ ਦੀ ਸੂਬਾ ਪ੍ਰਧਾਨ ਬਲਜਿੰਦਰ ਕੌਰ ਨੇ ਜਥੇਦਾਰ ਦਿਆਲ ਸਿੰਘ ਕੋਲਿਆਂਵਾਲੀ 'ਤੇ ਸ਼ਬਦੀ ਬਾਣ ਸਿੰਨ੍ਹੇ। ਵੱਖ-ਵੱਖ ਉਮੀਦਵਾਰਾਂ ਨੇ ਵੀ ਰੈਲੀ ਨੂੰ ਸੰਬੋਧਨ ਕੀਤਾ।

## ਨਵਜੋਤ ਸਿੱਧੂ ਨੂੰ ਉਪ ਮੁੱਖ ਮੰਤਰੀ ਦੇ ਅਹੁਦੇ ਦੀ ਪੇਸ਼ਕਸ਼ ਕੀਤੀ ਸੀ : ਕੇਜਰੀਵਾਲ

**ਅੰਮ੍ਰਿਤਸਰ/ਬਿਊਰੋ ਨਿਊਜ਼ :** ਆਮ ਆਦਮੀ ਪਾਰਟੀ ਦੇ ਕਨਵੀਨਰ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਇੱਥੇ ਕਿਹਾ ਸ੍ਰੀ ਨਵਜੋਤ ਸਿੰਘ ਸਿੱਧੂ ਕਾਂਗਰਸ ਦੇ ਅਣਐਲਾਨੇ ਮੁੱਖ ਮੰਤਰੀ ਦੇ ਉਮੀਦਵਾਰ ਹਨ। ਉਹ ਪਹਿਲਾਂ 'ਆਪ' ਵਿੱਚ ਵੀ ਪੰਜਾਬ ਦੇ ਮੁੱਖ ਮੰਤਰੀ ਬਣਨ ਦੀ ਇੱਛਾ ਲੈ ਕੇ ਸ਼ਾਮਲ ਹੋਣ ਆਏ ਸਨ ਪਰ ਉਨ੍ਹਾਂ ਨੂੰ ਉਪ ਮੁੱਖ ਮੰਤਰੀ ਦੇ ਅਹੁਦੇ ਦੀ ਪੇਸ਼ਕਸ਼ ਕੀਤੀ ਸੀ, ਜਿਸ ਨੂੰ ਉਨ੍ਹਾਂ ਰੱਦ ਕਰ ਦਿੱਤਾ। ਉਨ੍ਹਾਂ ਆਖਿਆ ਕਿ ਹੁਣ ਸਾਰਿਆਂ ਨੂੰ ਭਲੀਭਾਂਤ ਪਤਾ ਹੈ ਕਿ ਸ੍ਰੀ ਸਿੱਧੂ ਦੀ ਰਾਹੁਲ ਗਾਂਧੀ ਨਾਲ ਇਸੇ ਅਹੁਦੇ ਬਾਰੇ ਗੱਲਬਾਤ ਹੋਈ ਹੈ। ਉਨ੍ਹਾਂ ਦਾਅਵਾ ਕੀਤਾ ਕਿ ਰਾਹੁਲ ਗਾਂਧੀ ਵੀ ਕੈਪਟਨ ਅਮਰਿੰਦਰ ਸਿੰਘ ਨੂੰ ਪਸੰਦ ਨਹੀਂ ਕਰਦੇ ਹਨ। ਇਸੇ ਲਈ ਕਾਂਗਰਸ ਵਿੱਚ ਸ੍ਰੀ ਸਿੱਧੂ ਨੂੰ ਲਿਆਂਦਾ ਗਿਆ ਹੈ। ਇੱਥੇ ਪੱਤਰਕਾਰ ਸੰਮੇਲਨ ਦੌਰਾਨ ਸ੍ਰੀ ਕੇਜਰੀਵਾਲ ਨੇ 'ਆਪ' ਦੇ ਮੁੱਖ ਮੰਤਰੀ ਵਾਸਤੇ ਉਮੀਦਵਾਰ ਬਾਰੇ ਪੁੱਛੇ ਜਾਣ 'ਤੇ ਉਮੀਦਵਾਰ ਦੇ ਗੁਣਾਂ ਦਾ ਬਿਆਨ ਕੀਤਾ। ਉਨ੍ਹਾਂ ਆਖਿਆ ਕਿ 'ਆਪ' ਦਾ ਮੁੱਖ ਮੰਤਰੀ ਸਵੇਰੇ 5:00 ਤੋਂ 10:00ਵਜੇ ਤੱਕ ਲੋਕਾਂ ਵਿੱਚ ਵਿਚਰਨ ਵਾਲਾ ਤੇ ਕੰਮ ਕਰਨ ਵਾਲਾ ਹੋਵੇਗਾ। ਕੈਪਟਨ ਵੱਲ ਇਸ਼ਾਰਾ ਕਰਦਿਆਂ ਉਨ੍ਹਾਂ ਆਖਿਆ ਕਿ ਉਸ ਦੇ ਪਾਕਿਸਤਾਨ ਨਾਲ ਕੋਈ ਸਬੰਧ ਨਹੀਂ ਹੋਣਗੇ ਅਤੇ ਉਹ ਆਪਣੀ ਪਤਨੀ ਪ੍ਰਤੀ ਵਫ਼ਾਦਾਰ ਹੋਵੇਗਾ। ਉਸ ਦਾ ਸਵਿੱਸ ਬੈਂਕ ਵਿਚ ਕੋਈ ਖਾਤਾ ਨਹੀਂ ਹੋਵੇਗਾ, ਸਗੋਂ ਸਟੇਟ ਬੈਂਕ ਵਿੱਚ ਖਾਤਾ ਹੋਵੇਗਾ। ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੂੰ ਘੇਰਦਿਆਂ ਉਨ੍ਹਾਂ ਆਖਿਆ ਕਿ 'ਆਪ' ਦੇ ਉਮੀਦਵਾਰ ਦੇ ਨਾ ਰੇਤ ਬਜਰੀ ਦੇ ਠੇਕੇ ਹੋਣਗੇ ਅਤੇ ਨਾ ਹੀ ਬੱਸਾਂ ਹੋਣਗੀਆਂ। ਇਸ ਮੌਕੇ ਸ੍ਰੀ ਕੇਜਰੀਵਾਲ ਨੇ ਐਲਾਨ ਕੀਤਾ ਕਿ ਪੰਜਾਬ ਵਿੱਚ 'ਆਪ' ਸਰਕਾਰ ਬਣਨ 'ਤੇ ਸਿਰਫ ਸੌ ਦਿਨਾਂ ਵਿੱਚ ਛੇਵੇਂ ਤਨਖਾਹ ਕਮਿਸ਼ਨ ਦੀ ਰਿਪੋਰਟ ਨੂੰ ਲਾਗੂ ਕੀਤਾ ਜਾਵੇਗਾ ਅਤੇ ਉਸ ਮੁਤਾਬਕ ਤਨਖਾਹਾਂ ਦਿੱਤੀਆਂ ਜਾਣਗੀਆਂ। ਉਨ੍ਹਾਂ ਵਾਅਦਾ ਕੀਤਾ ਕਿ ਪੰਜਾਬ ਦੇ ਮੁਲਾਜ਼ਮਾਂ ਨੂੰ ਕੇਂਦਰੀ ਕਰਮਚਾਰੀਆਂ ਤੋਂ ਵੀ ਵਧੇਰੇ ਰੱਫੇ ਦਿੱਤੇ ਜਾਣਗੇ। ਜਦੋਂ ਵੀ ਕੇਂਦਰ ਸਰਕਾਰ ਆਪਣੇ ਕਰਮਚਾਰੀਆਂ ਦੇ ਡੀਏ ਵਿੱਚ ਵਾਧਾ ਬਾਕੀ ਸਫ਼ਾ 36 'ਤੇ

# ਕੇਜਰੀਵਾਲ ਦੀ ਟੀਮ ਪੰਜਾਬ 'ਚੋਂ ਦੋ ਸੌ ਕਰੋੜ ਇਕੱਠੇ ਕਰਕੇ ਲੈ ਗਈ ਦਿੱਲੀ : ਵਰਿੰਦਰ ਪਰਿਹਾਰ

**ਚੰਡੀਗੜ੍ਹ/ਬਿਊਰੋ ਨਿਊਜ਼ :** ਆਮ ਆਦਮੀ ਪਾਰਟੀ (ਆਪ) ਦੇ ਫੰਡ ਰੇਜ਼ਿੰਗ ਤੇ ਐਨਆਰਆਈ ਵਿੰਗ ਜ਼ੋਨ ਹੁਸ਼ਿਆਰਪੁਰ ਅਤੇ ਯੂਐਸਏ ਦੇ ਸਾਬਕਾ ਕੋਆਰਡੀਨੇਟਰ ਵਰਿੰਦਰ ਸਿੰਘ ਪਰਿਹਾਰ ਨੇ ਦੋਸ਼ ਲਾਏ ਹਨ ਕਿ ਕੇਜਰੀਵਾਲ ਦੀ ਟੀਮ ਪੰਜਾਬ ਵਿੱਚੋਂ ਘੱਟੋ-ਘੱਟ 200 ਕਰੋੜ ਰੁਪਏ ਇਕੱਠੇ ਕਰ ਕੇ ਦਿੱਲੀ ਲੈ ਗਈ ਹੈ ਅਤੇ ਕਈ ਲੀਡਰਾਂ ਨੇ ਕੈਨੇਡਾ ਅਤੇ ਯੂਐਸਏ ਵਿੱਚੋਂ ਲੱਖਾਂ ਡਾਲਰ ਇਕੱਠੇ ਕੀਤੇ ਹਨ ਪਰ ਇਸ ਦਾ ਕੋਈ ਹਿਸਾਬ-ਕਿਤਾਬ ਨਹੀਂ ਦਿੱਤਾ ਜਾ ਰਿਹਾ। ਸ੍ਰੀ ਪਰਿਹਾਰ ਨੇ ਸ੍ਰੀ ਚਮਕੌਰ ਸਾਹਿਬ ਦੇ ਸਾਬਕਾ ਸਰਕਲ ਇੰਚਾਰਜ ਰਜਿੰਦਰ ਸਿੰਘ, ਯੂਥ ਵਿੰਗ ਦੀ ਸਾਬਕਾ ਜੁਆਇੰਟ ਸਕੱਤਰ ਕਿਰਨਜੀਤ ਕੌਰ ਸ੍ਰੀ ਆਨੰਦਪੁਰ ਸਾਹਿਬ, ਠਾਕੁਰ ਬਲਦੇਵ ਸਿੰਘ, ਸ਼ਾਮਚੁਰਾਸੀ ਦੇ ਪਾਰਟੀ ਆਗੂ ਜਤਿੰਦਰ ਫਲੌਰਾ ਅਤੇ ਹੁਸ਼ਿਆਰਪੁਰ ਦੇ ਸਾਬਕਾ ਮੀਡੀਆ ਇੰਚਾਰਜ ਡਾ. ਕੁਲਵੰਤ ਸਿੰਘ ਚੱਬੇਵਾਲ ਸਮੇਤ ਇੱਥੇ ਪੱਤਰਕਾਰਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ 'ਆਪ' ਲੀਡਰਸ਼ਿਪ ਨੇ ਪੰਜਾਬ ਸਮੇਤ ਕੈਨੇਡਾ ਅਤੇ ਯੂਐਸਏ ਤੋਂ ਆਏ ਫੰਡਾਂ ਵਿੱਚ ਕਥਿਤ ਤੌਰ 'ਤੇ ਵੱਡੀ ਗੜਬੜ ਕੀਤੀ ਹੈ, ਜਿਸ ਕਾਰਨ ਇੰਟਰਨੈਸ਼ਨਲ ਮਨੀ ਲਾਂਡਰਿੰਗ ਦਾ ਕੇਸ ਵੀ ਬਣਦਾ ਹੈ। ਉਨ੍ਹਾਂ ਮੰਗ ਕੀਤੀ ਕਿ ਇਸ ਸਮੁੱਚੇ ਮਾਮਲੇ ਦੀ ਜਾਂਚ ਕੇਂਦਰੀ ਜਾਂਚ ਬਿਊਰੋ (ਸੀਬੀਆਈ) ਅਤੇ ਵਿਦੇਸ਼ੀ ਏਜੰਸੀ ਐਫਬੀਆਈ ਕੋਲੋਂ ਕਰਵਾਈ ਜਾਵੇ। ਸ੍ਰੀ ਪਰਿਹਾਰ ਨੇ ਦੱਸਿਆ ਕਿ ਜਦੋਂ ਉਨ੍ਹਾਂ ਨੇ ਸ੍ਰੀ ਕੇਜਰੀਵਾਲ ਨੂੰ ਪੰਜਾਬ ਵਿੱਚ ਡੇਰੇ ਲਾਈ ਬੈਠੀ ਦਿੱਲੀ ਦੀ ਟੀਮ ਦੀਆਂ ਕਥਿਤ



ਚੰਡੀਗੜ੍ਹ ਵਿਚ ਵਰਿੰਦਰ ਪਰਿਹਾਰ ਮੀਡੀਆ ਨੂੰ ਸੰਬੋਧਨ ਕਰਦੇ ਹੋਏ।

ਭ੍ਰਿਸ਼ਟ, ਨਸ਼ੇੜੀ ਅਤੇ ਲੋਟੂ ਕਾਰਵਾਈਆਂ ਬਾਰੇ ਦੱਸਿਆ ਤਾਂ ਉਨ੍ਹਾਂ ਨੇ ਪੜਤਾਲ ਕਰਵਾਉਣ ਦੀ ਥਾਂ ਉਲਟਾ ਉਨ੍ਹਾਂ ਨੂੰ ਪਾਰਟੀ ਵਿੱਚੋਂ ਬਾਹਰ ਕਰ ਦਿੱਤਾ ਹੈ। ਇਸੇ ਤਰ੍ਹਾਂ ਜਦੋਂ ਸ਼ਿਕਾਗੋ ਦੇ ਕੋ-ਕਨਵੀਨਰ ਡਾ. ਮੁਨੀਸ਼ ਰੈਜ਼ਾਦਾ ਨੇ ਫੰਡ ਮੁਹੱਈਆ ਕਰਨ ਵਾਲੇ ਐਨਆਰਆਈਜ਼ ਦੀ ਸੂਚੀ ਜਨਤਕ ਕਰਨ ਦੀ ਮੰਗ ਕੀਤੀ ਤਾਂ ਉਨ੍ਹਾਂ ਨੂੰ ਵੀ ਪਾਰਟੀ ਤੋਂ ਬਾਹਰ ਦਾ ਰਸਤਾ ਦਿਖਾ ਦਿੱਤਾ ਗਿਆ ਅਤੇ ਹੁਣ ਅੰਨਾ ਹਜ਼ਾਰੇ ਨੇ ਵੀ ਸ੍ਰੀ ਕੇਜਰੀਵਾਲ ਨੂੰ ਪੱਤਰ ਲਿਖ ਕੇ ਵਿਦੇਸ਼ਾਂ ਤੋਂ ਆਏ ਫੰਡ ਵਿੱਚ ਹੋਏ ਕਥਿਤ ਘਪਲੇ ਉਪਰ ਨਾਰਾਜ਼ਗੀ ਜ਼ਾਹਰ ਕੀਤੀ ਹੈ। ਉਨ੍ਹਾਂ ਦੋਸ਼ ਲਾਇਆ ਕਿ ਪਿਛਲੇ ਸਮਿਆਂ ਦੌਰਾਨ ਪਾਰਟੀ ਦੇ ਸੰਸਦ ਮੈਂਬਰ ਭਗਵੰਤ ਮਾਨ, ਭੁਲੱਥ ਤੋਂ ਉਮੀਦਵਾਰ ਸੁਖਪਾਲ ਖਹਿਰਾ, ਕਨਵੀਨਰ ਹਿੰਮਤ ਸਿੰਘ ਸ਼ੇਰਗਿੱਲ, ਪੰਜਾਬ ਦੇ ਇੰਚਾਰਜ ਸੰਜੇ ਸਿੰਘ, ਕਨਵੀਨਰ ਗੁਰਪ੍ਰੀਤ ਵੜੈਚ ਨੇ ਵਿਦੇਸ਼ੀ ਦੌਰਿਆਂ ਦੌਰਾਨ ਲੱਖਾਂ ਡਾਲਰ ਫੰਡ ਇਕੱਠਾ ਕੀਤਾ ਸੀ ਪਰ ਪਾਰਟੀ ਦਾਨੀਆ ਦੀ ਸੂਚੀ ਜਾਰੀ ਕਰਨ ਤੋਂ ਭੇਤਭਰੇ ਢੰਗ ਨਾਲ ਖਾਮੋਸ਼ ਹੈ। ਸ੍ਰੀ ਪਰਿਹਾਰ ਨੇ ਦੱਸਿਆ ਕਿ ਉਨ੍ਹਾਂ ਖੁਦ ਚੈੱਕ ਤੇ ਨਗਦੀ ਰਾਹੀਂ 50 ਲੱਖ ਰੁਪਏ ਪਾਰਟੀ ਨੂੰ ਦਿੱਤੇ ਹਨ। ਇਸ ਮੌਕੇ ਉਨ੍ਹਾਂ 12 ਹੋਰ ਵਿਅਕਤੀਆਂ ਦੀ ਸੂਚੀ ਜਾਰੀ ਕੀਤੀ, ਜਿਨ੍ਹਾਂ ਨੇ ਪੰਜ ਤੋਂ 40 ਲੱਖ ਰੁਪਏ ਤੱਕ ਨਕਦੀ ਅਤੇ ਚੈੱਕਾਂ ਰਾਹੀਂ ਪਾਰਟੀ ਨੂੰ ਫੰਡ ਦਿੱਤਾ ਹੈ। ਉਨ੍ਹਾਂ ਖੁਲਾਸਾ ਕੀਤਾ ਕਿ ਦਿੱਲੀ ਦੀ ਮੁੱਖ ਟੀਮ ਮੁੱਢਲੇ ਦੌਰ ਵਿੱਚ ਉਸ ਦੇ ਹੁਸ਼ਿਆਰਪੁਰ ਸਥਿਤ ਫਾਰਮ ਹਾਊਸ 'ਤੇ ਹੀ ਰਹਿੰਦੀ ਰਹੀ ਹੈ ਅਤੇ ਉਨ੍ਹਾਂ ਦੀਆਂ ਕਥਿਤ ਭ੍ਰਿਸ਼ਟ, ਨਸ਼ੇੜੀ ਅਤੇ ਠੱਗੀਆਂ ਮਾਰਨ ਦੀਆਂ ਕਾਰਵਾਈਆਂ ਦੇ ਉਸ ਕੋਲ ਕਈ ਠੋਸ ਸਬੂਤ ਹਨ, ਜੋ ਅਗਲੇ ਦਿਨਾਂ ਵਿੱਚ ਜੱਗ ਜ਼ਾਹਰ ਕਰ ਕੇ ਕਈ ਚਿਹਰੇ ਬੇਨਕਾਬ ਕਰਨਗੇ। ਇਸ ਤੋਂ ਇਲਾਵਾ ਟਿਕਟਾਂ ਵੇਚਣ ਦੀ ਵੀਡੀਓ ਵੀ ਜਾਰੀ ਕੀਤੀ ਜਾ ਸਕਦੀ ਹੈ। ਇਸ ਮੌਕੇ ਡਾ. ਚੱਬੇਵਾਲ ਨੇ ਵੀ ਅਗਲੇ ਦਿਨੀਂ 'ਆਪ' ਬਾਰੇ ਵੱਡੇ ਖੁਲਾਸੇ ਕਰਨ ਦੀ ਚਿਤਾਵਨੀ ਦਿੱਤੀ। ਕਿਰਨਜੀਤ ਕੌਰ ਨੇ ਕਿਹਾ ਕਿ ਪਾਰਟੀ ਨੇ ਸ੍ਰੀ ਆਨੰਦਪੁਰ ਸਾਹਿਬ ਹਲਕੇ ਤੋਂ ਇੱਕ ਗੈਰ ਸਿੱਖ ਨੂੰ ਟਿਕਟ ਦੇ ਕੇ ਸਿੱਖਾਂ ਨਾਲ ਧ੍ਰੋਹ ਕਮਾਇਆ ਹੈ।

### ਸ਼ੇਰਗਿੱਲ ਵਲੋਂ ਦੋਸ਼ਾਂ ਦਾ ਖੰਡਨ

ਪਾਰਟੀ ਦੇ ਕਾਨੂੰਨੀ ਸੈੱਲ ਦੇ ਚੇਅਰਮੈਨ ਹਿੰਮਤ ਸਿੰਘ ਸ਼ੇਰਗਿੱਲ ਨੇ ਕਿਹਾ ਕਿ ਪਾਰਟੀ ਹਾਸਲ ਹੋਏ ਫੰਡ ਦੀ ਪਾਈ-ਪਾਈ ਦਾ ਹਿਸਾਬ ਰੱਖਦੀ ਹੈ ਅਤੇ ਬਾਕਾਇਦਾ ਆਮਦਨ ਦੀ ਰਿਟਰਨ ਵੀ ਭਰੀ ਜਾਂਦੀ ਹੈ। ਉਨ੍ਹਾਂ ਕਿਹਾ ਕਿ ਪਾਰਟੀ ਉਪਰ ਲਾਏ ਦੋਸ਼ ਝੂਠੇ ਹਨ ਅਤੇ ਇਹ ਸਭ ਕੁਝ ਇੱਕ ਸਾਜ਼ਿਸ਼ ਤਹਿਤ ਹੋ ਰਿਹਾ ਹੈ।

## ਕੇਜਰੀਵਾਲ ਚੋਣਾਂ ਤੋਂ ਬਾਅਦ ਕਰਨਗੇ ਮੁੱਖ ਮੰਤਰੀ ਦੇ ਨਾਂ ਦਾ ਐਲਾਨ

**ਚੰਡੀਗੜ੍ਹ/ਬਿਊਰੋ ਨਿਊਜ਼ :** ਆਮ ਆਦਮੀ ਪਾਰਟੀ (ਆਪ) ਦੇ ਸੁਪਰੀਮੋ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਸਾਰੀਆਂ ਕਿਆਸਅਰਾਈਆਂ ਰੱਦ ਕਰਦਿਆਂ ਸਾਫ਼ ਕਿਹਾ ਕਿ ਮੁੱਖ ਮੰਤਰੀ ਅਹੁਦੇ ਦੇ ਉਮੀਦਵਾਰ ਦਾ ਐਲਾਨ ਚੋਣਾਂ ਤੋਂ ਬਾਅਦ ਕੀਤਾ ਜਾਵੇਗਾ। ਸ੍ਰੀ ਕੇਜਰੀਵਾਲ ਨੇ ਇੱਥੇ ਯੂਟੀ ਗੈਸਟ ਹਾਊਸ ਵਿੱਚ ਸਪਸ਼ਟ ਕੀਤਾ ਕਿ ਮੁੱਖ ਮੰਤਰੀ ਦੇ ਉਮੀਦਵਾਰ ਦਾ ਐਲਾਨ ਚੋਣਾਂ ਤੋਂ ਪਹਿਲਾਂ ਕਰਨ ਦਾ ਕੋਈ ਵਿਚਾਰ ਨਹੀਂ ਹੈ। ਦੱਸਣਯੋਗ ਹੈ ਕਿ ਪਿਛਲੇ ਦਿਨੀਂ ਪਾਰਟੀ ਦੇ ਸੰਸਦ ਮੈਂਬਰ ਭਗਵੰਤ ਮਾਨ ਨੇ ਕਿਹਾ ਸੀ ਕਿ ਮੁੱਖ ਮੰਤਰੀ ਅਹੁਦੇ ਦੇ ਉਮੀਦਵਾਰ ਦਾ ਐਲਾਨ ਜਲਦੀ ਹੀ ਕੀਤਾ ਜਾ ਰਿਹਾ ਹੈ। ਸ੍ਰੀ ਕੇਜਰੀਵਾਲ ਨੇ ਕਿਹਾ ਕਿ ਹੁਣ ਐਲਾਨੇ ਉਮੀਦਵਾਰਾਂ ਵਿੱਚੋਂ ਕਿਸੇ ਨੂੰ ਵੀ ਚੋਣ ਪ੍ਰਚਾਰ ਵਿੱਚ ਢਿੱਲਮੱਠ ਕਰਨ ਦੇ ਕਾਰਨਾਂ ਕਰਕੇ ਨਹੀਂ ਬਦਲਿਆ ਜਾਵੇਗਾ।

ਬਾਕੀ ਸਫ਼ਾ 36 'ਤੇ

# ਅੰਮ੍ਰਿਤਸਰ ਸੰਸਦੀ ਸੀਟ ਤੋਂ ਕਪਿਲ ਸ਼ਰਮਾ ਹੋ ਸਕਦੇ ਹਨ ਕਾਂਗਰਸ ਦੇ ਉਮੀਦਵਾਰ

**ਅੰਮ੍ਰਿਤਸਰ/ਬਿਊਰੋ ਨਿਊਜ਼ :** ਅੰਮ੍ਰਿਤਸਰ ਲੋਕ ਸਭਾ ਹਲਕੇ ਦੀ ਜ਼ਿਮਨੀ ਚੋਣ ਲਈ ਨਵਜੋਤ ਸਿੰਘ ਸਿੱਧੂ ਅਤੇ ਸਥਾਨਕ ਆਗੂਆਂ ਵੱਲੋਂ ਨਾਂਹ ਨੁੱਕਰ ਕੀਤੇ ਜਾਣ ਤੋਂ ਬਾਅਦ ਕਾਂਗਰਸ ਹੁਣ ਇਥੋਂ ਨਾਮਵਰ ਹਸਤੀ ਨੂੰ ਚੋਣ ਲੜਾਉਣ ਦੀ ਇੱਛੁਕ ਹੈ ਅਤੇ ਇਸ ਸਬੰਧ ਵਿੱਚ ਨਵਜੋਤ ਸਿੰਘ ਸਿੱਧੂ ਦੇ ਨੇੜਲੇ ਅਤੇ ਹਾਸਰਸ ਕਲਾਕਾਰ ਕਪਿਲ ਸ਼ਰਮਾ ਦੇ ਨਾਂ ਦੀ ਚਰਚਾ ਹੈ। ਅੰਮ੍ਰਿਤਸਰ ਦੀ ਸੰਸਦੀ ਸੀਟ ਕੈਪਟਨ ਅਮਰਿੰਦਰ ਸਿੰਘ ਵੱਲੋਂ ਲੋਕ ਸਭਾ ਤੋਂ ਅਸਤੀਫਾ ਦਿੱਤੇ ਜਾਣ ਕਾਰਨ ਖਾਲੀ ਹੋ ਗਈ ਸੀ। ਕੈਪਟਨ ਨੇ ਐਸਵਾਈਐਲ ਮੁੱਦੇ ਉੱਤੇ ਸੁਪਰੀਮ ਕੋਰਟ ਵੱਲੋਂ ਪੰਜਾਬ ਖ਼ਿਲਾਫ਼ ਦਿੱਤੇ ਫ਼ੈਸਲੇ ਦੇ ਰੋਸ ਵਜੋਂ ਅਸਤੀਫਾ ਦਿੱਤਾ ਹੈ। ਉਂਜ ਕਾਂਗਰਸ ਹਾਈਕਮਾਂਡ ਕੈਪਟਨ ਦੇ ਇਸ ਫ਼ੈਸਲੇ



ਤੋਂ ਨਾਖੁਸ਼ ਹੈ। ਕਾਂਗਰਸ ਦੇ ਇਕ ਸੀਨੀਅਰ ਆਗੂ ਮੁਤਾਬਕ ਜੇ ਕਪਿਲ ਸ਼ਰਮਾ ਚੋਣ ਲੜਨ ਲਈ ਹਾਮੀ ਭਰਦਾ ਹੈ ਤਾਂ ਆਉਂਦੇ ਦਿਨਾਂ ਵਿੱਚ ਨਵਜੋਤ ਸਿੰਘ ਸਿੱਧੂ ਅਤੇ ਕਪਿਲ ਸ਼ਰਮਾ ਦੋਵੇਂ ਇਕੱਠੇ ਕਾਂਗਰਸ ਵਿੱਚ ਸ਼ਾਮਲ ਹੋ ਸਕਦੇ ਹਨ। ਕਾਂਗਰਸੀ ਸੂਤਰਾਂ

ਬਾਕੀ ਸਫ਼ਾ 36 'ਤੇ

### ਸੰਨੀ ਜਾਂ ਖੇਰ ਆ ਸਕਦੇ ਹਨ ਕਪਿਲ ਦੇ ਮੁਕਾਬਲੇ 'ਚ

ਅੰਮ੍ਰਿਤਸਰ ਸੰਸਦੀ ਸੀਟ ਦੀ ਜ਼ਿਮਨੀ ਚੋਣ ਲਈ ਪੰਜਾਬ ਭਾਜਪਾ ਦੇ ਸਾਬਕਾ ਮੀਤ ਪ੍ਰਧਾਨ ਰਜਿੰਦਰ ਮੋਹਨ ਸਿੰਘ ਛੀਨਾ ਵੱਲੋਂ ਵੀ ਉਮੀਦਵਾਰ ਬਣਨ ਲਈ ਜ਼ੋਰ ਲਾਇਆ ਜਾ ਰਿਹਾ ਹੈ ਅਤੇ ਭਾਜਪਾ ਹਾਈਕਮਾਂਡ ਵੱਲੋਂ ਉਨ੍ਹਾਂ ਨੂੰ ਹਰੀ ਝੰਡੀ ਵੀ ਦਿੱਤੀ ਗਈ ਹੈ। ਪਰ ਕਾਂਗਰਸ ਵੱਲੋਂ ਕਪਿਲ ਸ਼ਰਮਾ ਨੂੰ ਉਮੀਦਵਾਰ ਐਲਾਨੇ ਜਾਣ ਦੀ ਸੂਰਤ ਵਿੱਚ ਭਾਜਪਾ ਵੱਲੋਂ ਵੀ ਕਿਸੇ ਫ਼ਿਲਮੀ ਕਲਾਕਾਰ ਨੂੰ ਉਮੀਦਵਾਰ ਬਣਾਇਆ ਜਾ ਸਕਦਾ ਹੈ। ਇਸ ਸਬੰਧ ਵਿੱਚ ਸੰਨੀ ਦਿਓਲ ਅਤੇ ਅਨੁਪਮ ਖੇਰ ਦੇ ਨਾਵਾਂ ਦੀ ਚਰਚਾ ਹੈ।

# ਬਾਦਲਾਂ ਲਈ ਚੁਣੌਤੀ : ਭੁੱਚੋ, ਬਠਿੰਡਾ ਦਿਹਾਤੀ ਤੇ ਬੁਢਲਾਡਾ 'ਚ ਬਗਾਵਤ

**• ਬਾਹਰੀ ਉਮੀਦਵਾਰਾਂ ਖ਼ਿਲਾਫ਼ ਹੋਏ ਆਗੂਆਂ ਤੋਂ ਬਾਦਲ ਪ੍ਰੇਸ਼ਾਨ • ਬਗ਼ਾਵਤ ਦਾ ਨੁਕਸਾਨ ਰੋਕਣ ਲਈ ਸੰਗਤ ਦਰਸ਼ਨ 'ਚ ਵੰਡੇ ਜਾ ਰਹੇ ਹਨ ਕਰੋੜਾਂ ਰੁਪਏ**

**ਬਠਿੰਡਾ/ਬਿਊਰੋ ਨਿਊਜ਼ :** ਮਾਲਵਾ ਦੇ ਤਿੰਨ ਅਹਿਮ ਸੰਵੇਦਨਸ਼ੀਲ ਰਿਜ਼ਰਵ ਹਲਕੇ ਭੁੱਚੋ, ਬਠਿੰਡਾ ਦਿਹਾਤੀ ਅਤੇ ਬੁਢਲਾਡਾ। ਇੱਥੇ ਸ਼੍ਰੋਮਣੀ ਅਕਾਲੀ ਦਲ ਵੱਲੋਂ ਬਾਹਰੀ ਉਮੀਦਵਾਰ ਡਾ. ਨਿਸ਼ਾਨ ਸਿੰਘ, ਅਮਿਤ ਰਤਨ ਅਤੇ ਹਰਪ੍ਰੀਤ ਸਿੰਘ ਕੋਟਭਾਈ ਉਤਾਰੇ ਗਏ ਹਨ। ਸਥਾਨਕ ਆਗੂ ਇਨ੍ਹਾਂ ਦੇ ਵਿਰੋਧ 'ਚ ਹਨ। ਹੁਣ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਖੁਦ ਇਨ੍ਹਾਂ ਹਲਕਿਆਂ 'ਚ ਬਾਹਰੀ ਉਮੀਦਵਾਰਾਂ ਦੀ ਦਾਅਵੇਦਾਰੀ ਬਣਾਉਣ ਲਈ ਮੈਦਾਨ 'ਚ ਉਤਰ ਗਏ ਹਨ।

**ਚੋਣ ਜ਼ਾਬਤੇ ਤੋਂ ਪਹਿਲਾਂ ਤਿੰਨ ਹਲਕਿਆਂ 'ਚ ਵੰਡੀ ਜਾ ਰਹੀ ਗ੍ਰਾਂਟ 'ਤੇ ਉਠੇ ਸਵਾਲ**

ਸਿਰਫ਼ ਤਿੰਨ ਦਿਨ 'ਚ ਹੀ 205 ਪਿੰਡਾਂ ਨੂੰ 43 ਕਰੋੜ ਰੁਪਏ ਸੰਗਤ ਦਰਸ਼ਨਾਂ ਵਿਚ ਵੰਡ ਦਿੱਤੇ ਹਨ। 89 ਪਿੰਡਾਂ 'ਚ 13 ਕਰੋੜ ਦੀ ਗ੍ਰਾਂਟ ਵੰਡੀ ਜਾਣੀ ਹੈ। ਚੋਣ ਜ਼ਾਬਤਾ ਲੱਗਣ ਤੋਂ ਠੀਕ ਪਹਿਲਾਂ ਬਾਦਲ ਵੱਲੋਂ ਇਨ੍ਹਾਂ ਰਿਜ਼ਰਵ ਹਲਕਿਆਂ ਨੂੰ ਧੜਾਧੜ ਦਿੱਤੀ ਜਾ ਰਹੀ ਗ੍ਰਾਂਟ ਨੂੰ ਲੈ ਕੇ ਵੀ ਸਵਾਲ ਖੜ੍ਹੇ ਹੋ ਗਏ ਹਨ, ਕਿਉਂਕਿ ਇਹ ਸੰਗਤ ਦਰਸ਼ਨ ਪੂਰੀ ਤਰ੍ਹਾਂ ਪ੍ਰੀ-ਪਲਾਂਡ ਹੈ। ਇਕ ਦਿਨ ਪਹਿਲਾਂ ਗ੍ਰਾਮ ਪੰਚਾਇਤਾਂ ਨੂੰ ਇਕ ਥਾਂ ਇਕੱਤਰ ਕਰ ਕੇ ਡਿਮਾਂਡ ਰਾਸ਼ੀ ਦੀ ਸੂਚੀ ਬਣਾ ਕੇ ਚੈੱਕ ਕੱਟੇ ਜਾ ਰਹੇ ਹਨ ਅਤੇ ਫਿਰ ਸੰਗਤ ਦਰਸ਼ਨ ਦੇ ਨਾਂ 'ਤੇ ਨਿਰਧਾਰਤ ਥਾਵਾਂ 'ਤੇ ਬਾਦਲ ਖੁਦ ਜਾ ਕੇ ਇਹ ਚੈੱਕ ਵੰਡ ਰਹੇ ਹਨ। ਇਸ ਦੇ ਨਾਲ ਹੀ ਇਨ੍ਹਾਂ ਹਲਕਿਆਂ 'ਚ ਉਤਾਰੇ ਗਏ ਬਾਹਰੀ ਉਮੀਦਵਾਰਾਂ ਨੂੰ ਵੀ ਇਸ ਦੌਰਾਨ ਜਨਤਾ ਦੇ ਰੂਬਰੂ ਕਰਵਾਇਆ ਜਾ ਰਿਹਾ ਹੈ।



## ਦੋ ਦਿਨਾਂ 'ਚ ਵੰਡੇ 30 ਕਰੋੜ

**27 ਦਸੰਬਰ :** ਮੁੱਖ ਮੰਤਰੀ ਨੇ ਭੁੱਚੋ 'ਚ ਬਾਹਰੀ ਉਮੀਦਵਾਰ ਹਰਪ੍ਰੀਤ ਕੋਟਭਾਈ ਨੂੰ ਲੋਕਾਂ ਦੇ ਰੂਬਰੂ ਕਰਵਾਉਣ ਲਈ ਸੰਗਤ ਦਰਸ਼ਨ ਰੱਖਿਆ। ਇਸ ਦੌਰਾਨ ਪਿੰਡ ਕੋਠੇ ਸੰਧੂਆਂ, ਗੋਨਿਆਣਾ ਮੰਡੀ, ਭੁੱਚੋ ਮੰਡੀ ਅਤੇ ਕਲਿਆਣ ਸੁੱਖਾ 'ਚ ਚਾਰ ਸੰਗਤ ਦਰਸ਼ਨ ਕਰ ਕੇ 55 ਪਿੰਡਾਂ ਨੂੰ 27 ਕਰੋੜ ਗ੍ਰਾਂਟ ਦੇ ਚੈੱਕ ਵੰਡੇ ਗਏ।

**28 ਦਸੰਬਰ :** ਹਲਕਾ ਬਠਿੰਡਾ ਦਿਹਾਤੀ 'ਚ ਸੰਗਤ ਮੰਡੀ, ਕੋਟਸ਼ਮੀਰ ਅਤੇ ਬੱਲੂਆਣਾ 'ਚ ਬਾਦਲ ਨੇ ਸੰਗਤ ਦਰਸ਼ਨ ਕਰ ਕੇ ਇੱਥੋਂ ਦੇ ਲਗਭਗ 51 ਪਿੰਡਾਂ ਦੀਆਂ ਪੰਚਾਇਤਾਂ ਨੂੰ 3 ਕਰੋੜ ਗ੍ਰਾਂਟ ਦੇ ਚੈੱਕ ਵੰਡੇ।

**31 ਦਸੰਬਰ :** ਹਲਕਾ ਬੁਢਲਾਡਾ 'ਚ ਬਾਦਲ ਸਵੇਰੇ 8:30 ਵਜੇ ਪਿੰਡ ਬੋੜਾਵਾਲ ਦੀ ਅਨਾਜ ਮੰਡੀ 'ਚ 25 ਪਿੰਡਾਂ, ਸਰਕਾਰੀ ਸਕੂਲ ਅੱਕਾਵਾਲੀ 'ਚ 23 ਪਿੰਡਾਂ, ਸਰਕਾਰੀ ਸਕੂਲ ਰਿਊਂਦ ਕਲਾਂ 'ਚ 17 ਪਿੰਡਾਂ, ਪਿੰਡ ਕੁਲਰਿਆਂ ਦੀ ਅਨਾਜ ਮੰਡੀ 'ਚ 21 ਗ੍ਰਾਮ ਪੰਚਾਇਤਾਂ ਸਮੇਤ 89 ਪੰਚਾਇਤਾਂ ਨੂੰ 13 ਕਰੋੜ ਦੇ ਚੈੱਕ ਵੰਡੇ। ਇਸ 'ਚ 8 ਕਰੋੜ ਰੁਪਏ ਪੇਂਡੂ ਵਿਕਾਸ ਫ਼ੰਡ ਅਤੇ 5 ਕਰੋੜ ਰੁਪਏ ਸ਼ਹਿਰੀ ਵਿਕਾਸ ਫ਼ੰਡ ਵਿਚੋਂ ਜਾਰੀ ਹੋਣਗੇ।

## ਅਕਾਲੀ ਦਲ ਨੇ ਦੋ ਅਤੇ ਕਾਂਗਰਸ ਨੇ ਇਕ ਵਿਧਾਇਕ ਦਾ ਟਿਕਟ ਕੱਟਿਆ

ਚੋਣ 'ਚ ਇਹ ਤਿੰਨ ਰਿਜ਼ਰਵ ਹਲਕੇ ਬਹੁਤ ਸੰਵੇਦਨਸ਼ੀਲ ਹਨ। ਸ਼੍ਰੋਮਣੀ ਅਕਾਲੀ ਦਲ ਨੇ ਬੁਢਲਾਡਾ ਅਤੇ ਬਠਿੰਡਾ ਦਿਹਾਤੀ ਤੋਂ ਅਤੇ ਕਾਂਗਰਸ ਨੇ ਭੁੱਚੋ ਤੋਂ ਆਪਣੇ ਮੌਜੂਦਾ ਵਿਧਾਇਕਾਂ ਦੀਆਂ ਟਿਕਟ ਕੱਟ ਕੇ ਬਾਹਰੀ ਉਮੀਦਵਾਰ ਉਤਾਰੇ ਹਨ। ਇਹੀ ਨਹੀਂ ਇਨ੍ਹਾਂ ਹਲਕਿਆਂ ਦੇ ਉਮੀਦਵਾਰ ਤੈਅ ਕਰਨ 'ਚ ਪਾਰਟੀਆਂ ਨੂੰ ਕਾਦੀ ਵਿਚਾਰ ਚਰਚਾ ਕਰਨੀ ਪਈ। ਇਸ ਤੋਂ ਬਾਅਦ ਦੋਹਾਂ ਨੇ ਇੱਥੇ ਉਮੀਦਵਾਰ ਬਦਲ ਦਿੱਤੇ। ਪਰ ਬੁਢਲਾਡਾ ਤੋਂ ਸ਼੍ਰੋਮਣੀ ਵਿਧਾਇਕ ਚਤਿਨ ਸਿੰਘ ਸਮਾਉ ਦਾ ਟਿਕਟ ਕੱਟਣ ਕਾਰਨ ਉਹ ਅਤੇ ਸਾਬਕਾ ਵਿਧਾਇਕ ਹਰਬੰਸ ਸਿੰਘ ਦਾਤੇਵਾਸ ਦਾ ਗਰੁੱਪ ਅਕਾਲੀ ਦਲ ਦੇ ਬਾਹਰੀ ਉਮੀਦਵਾਰ ਡਾ. ਨਿਸ਼ਾਨ ਸਿੰਘ ਦੇ ਨਾਲ ਨਹੀਂ ਚੱਲ ਰਿਹਾ। ਉਧਰ ਬਠਿੰਡਾ ਦਿਹਾਤੀ 'ਚ ਵਿਧਾਇਕ ਦਰਸ਼ਨ ਕੋਟਫੱਤਾ ਨੂੰ ਹਟਾ ਕੇ ਮਲੋਟ ਤੋਂ ਉਮੀਦਵਾਰ ਬਣਾਉਣ ਕਾਰਨ ਇੱਥੇ ਉਤਾਰੇ ਬਾਹਰੀ ਉਮੀਦਵਾਰ ਅਮਿਤ ਰਤਨ ਨੂੰ ਕੋਟਫੱਤਾ ਗਰੁੱਪ ਖੁੱਲ੍ਹ ਕੇ ਸਹਿਯੋਗ ਨਹੀਂ ਦੇ ਰਿਹਾ। ਉੱਥੇ ਹੀ ਭੁੱਚੋ 'ਚ ਸ਼ਿਅਦ ਵੱਲੋਂ ਉਤਾਰੇ ਮਲੋਟ ਦੇ ਵਿਧਾਇਕ ਹਰਪ੍ਰੀਤ ਸਿੰਘ ਕੋਟਭਾਈ ਨੂੰ ਵੀ ਸਮਰਥਨ ਨਹੀਂ ਮਿਲ ਰਿਹਾ, ਜਿਸ ਕਾਰਨ ਹਾਈਕਮਾਨ ਚਿੰਤਾ 'ਚ ਹੈ। ਇਸ ਲਈ ਬਾਦਲ ਖੁਦ ਇਨ੍ਹਾਂ ਹਲਕਿਆਂ 'ਚ ਸੰਗਤ ਦਰਸ਼ਨ ਕਰ ਰਹੇ ਹਨ।

## ਚੋਣ ਕਮਿਸ਼ਨ ਨੂੰ ਕਰਾਂਗੇ ਸ਼ਿਕਾਇਤ : ਜਾਖੜ



ਕਾਂਗਰਸ ਆਗੂ ਸੁਨੀਲ ਜਾਖੜ ਨੇ ਕਿਹਾ ਕਿ ਚੋਣਾਂ ਤੋਂ 6 ਮਹੀਨੇ ਪਹਿਲਾਂ ਕਿਸੇ ਤਰ੍ਹਾਂ ਦਾ ਵਿੱਤੀ ਫੈਸਲਾ ਜਾਂ ਗ੍ਰਾਂਟ ਨਹੀਂ ਵੰਡੀ ਜਾ ਸਕਦੀ। ਜਿਸ ਤਰ੍ਹਾਂ ਸੰਗਤ ਦਰਸ਼ਨ ਦੇ ਨਾਂ 'ਤੇ ਧੜਾਧੜ ਕਰੋੜਾਂ ਰੁਪਏ ਵੰਡੇ ਜਾ ਰਹੇ ਹਨ, ਇਹ ਪਾਵਰ ਦੀ ਦੁਰਵਰਤੋਂ ਹੋ ਰਹੀ ਹੈ। ਇਸ ਦੀ ਚੋਣ ਕਮਿਸ਼ਨ ਕੋਲ ਸ਼ਿਕਾਇਤ ਕਰਾਂਗੇ।

# ਮਕਾਨ ਘੱਟ, ਚੈੱਕ ਵੱਧ

## ਬਾਦਲਾਂ ਦੇ ਘਰੇਲੂ ਲੰਬੀ ਹਲਕੇ ਵਿਚ 'ਹੋਮ ਸਕੈਂਡਲ'

**ਚਰਨਜੀਤ ਭੁੱਲਰ**

**ਬਠਿੰਡਾ :** ਮੁੱਖ ਮੰਤਰੀ ਪੰਜਾਬ ਪ੍ਰਕਾਸ਼ ਸਿੰਘ ਬਾਦਲ ਦੇ ਘਰੇਲੂ ਹਲਕਾ ਲੰਬੀ ਵਿਚ ਐਨ ਚੋਣਾਂ ਤੋਂ ਪਹਿਲਾਂ 'ਹੋਮ ਸਕੈਂਡਲ' ਹੋ ਰਿਹਾ ਹੈ। ਹਲਕੇ ਦੇ ਕਈ ਪਿੰਡਾਂ ਵਿਚ ਉਨੇ ਮਕਾਨ ਨਹੀਂ ਹਨ, ਜਿੰਨੇ ਮਕਾਨਾਂ ਨੂੰ ਮੁਰੰਮਤ ਲਈ ਪੈਸੇ ਵੰਡ ਦਿੱਤੇ ਹਨ। ਇੱਕ ਇੱਕ ਘਰ ਨੂੰ ਤਿੰਨ ਤਿੰਨ ਚੈੱਕ ਵੰਡੇ ਗਏ ਹਨ। ਪੰਜਾਬ ਦਾ ਇਹ ਇਕਲੌਤਾ ਹਲਕਾ ਹੈ, ਜਿਥੇ ਘਰਾਂ ਦੀ ਮੁਰੰਮਤ ਲਈ ਪੰਦਰਾਂ ਪੰਦਰਾਂ ਹਜ਼ਾਰ ਦੇ ਚੈੱਕ ਵੰਡੇ ਗਏ ਹਨ। ਮੁੱਖ ਮੰਤਰੀ ਦੇ ਅਖ਼ਤਿਆਰੀ ਕੋਟੇ ਅਤੇ ਛੋਟੀਆਂ ਬੱਚਤਾਂ ਵਿਚੋਂ ਇਹ ਪੈਸਾ ਖ਼ਰਚਿਆ ਜਾ ਰਿਹਾ ਹੈ। ਕਰੀਬ 45 ਕਰੋੜ ਰੁਪਏ ਹਲਕਾ ਲੰਬੀ ਵਿਚ ਮਕਾਨਾਂ ਦੀ ਮੁਰੰਮਤ ਅਤੇ ਉਸਾਰੀ ਲਈ ਵੰਡੇ ਗਏ ਹਨ, ਜਿਨ੍ਹਾਂ ਵਿਚੋਂ ਕਰੀਬ 22 ਕਰੋੜ ਰੁਪਏ ਸੇਮ ਦਾ ਬਹਾਨਾ ਘੜ ਕੇ ਮੁਰੰਮਤ ਲਈ ਵੰਡੇ ਗਏ ਹਨ। ਆਰ.ਟੀ.ਆਈ. ਸੂਚਨਾ ਅਨੁਸਾਰ ਲੰਬੀ ਦੇ ਪਿੰਡ ਸਿੰਘੇਵਾਲਾ ਵਿਚ 564 ਮਕਾਨਾਂ ਨੂੰ ਮੁਰੰਮਤ ਲਈ 15-15 ਹਜ਼ਾਰ ਰੁਪਏ ਦਿੱਤੇ ਗਏ ਹਨ ਜਦੋਂ ਕਿ ਤਾਜ਼ਾ ਵੋਟਰ ਸੂਚੀ ਅਨੁਸਾਰ ਇਸ ਪਿੰਡ ਵਿਚ ਕੁੱਲ ਘਰਾਂ ਦੀ ਗਿਣਤੀ 372 ਹੈ। ਇਸ ਪਿੰਡ



ਦੇ ਕਿਸਾਨ ਆਗੂ ਗੁਰਪਾਸ ਸਿੰਘ ਦਾ ਪ੍ਰਤੀਕਰਮ ਸੀ ਕਿ ਪਿੰਡ ਦੇ ਲੋੜਵੰਦ ਰਹਿ ਗਏ ਜਦੋਂ ਕਿ ਸਰਦੇ ਪੁੱਜਦੇ ਚੈੱਕ ਲੈ ਗਏ ਹਨ। ਸਰਕਾਰੀ ਤੱਥਾਂ ਅਨੁਸਾਰ ਪਿੰਡ ਮਿੱਡੂਖੇੜਾ ਵਿਚ ਕੁੱਲ 407 ਮਕਾਨ ਹਨ ਜਦੋਂ ਕਿ ਮੁਰੰਮਤ ਵਾਸਤੇ ਪੈਸੇ 448 ਘਰਾਂ ਨੂੰ ਦਿੱਤਾ ਗਏ। ਬਹਾਨਾ ਇਹੋ ਕਿ ਸੇਮ ਕਾਰਨ ਲੋਕਾਂ ਦੇ ਮਕਾਨ ਤਿੜਕ ਗਏ ਹਨ ਤੇ ਮੁਰੰਮਤ ਦੀ ਲੋੜ ਹੈ। ਡਰੇਨੇਜ਼ ਮਹਿਕਮੇ ਦੇ ਤੱਥ ਆਖਦੇ ਹਨ ਕਿ ਪਿੰਡ ਮਿੱਡੂਖੇੜਾ ਵਿਚ 2901 ਏਕੜ ਰਕਬੇ ਵਿਚੋਂ ਹੁਣ ਸਿਰਫ਼ 220 ਏਕੜ ਵਿਚ ਸੇਮ ਦੀ ਸਮੱਸਿਆ ਹੈ, ਇਵੇਂ ਪਿੰਡ ਮਹਿਣਾ ਵਿਚ ਕੁੱਲ ਮਕਾਨਾਂ ਦੀ ਗਿਣਤੀ 758 ਹੈ, ਜਦੋਂ ਕਿ ਖ਼ਜ਼ਾਨੇ ਵਿਚੋਂ ਮੁਰੰਮਤ ਲਈ ਪੈਸਾ 850 ਘਰਾਂ ਲਈ 1.27 ਕਰੋੜ ਰੁਪਏ ਜਾਰੀ ਕੀਤਾ ਗਿਆ ਹੈ। ਪਿੰਡ ਹਾਕੂਵਾਲਾ ਵਿਚ 353 ਮਕਾਨ ਹਨ ਅਤੇ ਸਾਰੇ ਮਕਾਨਾਂ ਦੀ ਮੁਰੰਮਤ ਖਾਤਰ ਪੈਸਾ ਦੇ ਦਿੱਤਾ ਗਿਆ ਹੈ। ਸੂਤਰ ਦੱਸਦੇ ਹਨ ਕਿ ਇਸ ਪਿੰਡ ਵਿਚ ਇੱਕ ਧਨਾਢ ਪਰਿਵਾਰ ਦੀ ਕੋਠੀ ਦੀ ਮੁਰੰਮਤ ਲਈ ਤਿੰਨ ਚੈੱਕ ਦਿੱਤੇ ਗਏ ਹਨ। ਪਿੰਡ ਵਣਾਂਵਾਲਾ ਅਨੂੰ ਵਿਚ 388 ਘਰ ਹਨ ਜਦੋਂ ਕਿ ਮੁਰੰਮਤ ਦਾ ਪੈਸਾ 498 ਘਰਾਂ ਨੂੰ ਦਿੱਤਾ ਗਿਆ ਹੈ। ਪਿੰਡ ਮਿਠੜੀ ਵਿਚ ਕੋਠੀਆਂ ਵਾਲੇ ਦੋ ਭਰਾਵਾਂ ਨੂੰ ਪੰਦਰਾਂ ਪੰਦਰਾਂ ਹਜ਼ਾਰ ਦੇ ਚੈੱਕ ਦਿੱਤੇ ਗਏ ਹਨ ਜਦੋਂ ਕਿ ਮਜ਼ਦੂਰ ਇਨ੍ਹਾਂ ਤੋਂ ਵਾਂਝੇ ਹਨ। ਏਦਾਂ ਡੇਢ ਦਰਜਨ ਪਿੰਡਾਂ ਵਿਚ ਹੋਇਆ ਹੈ। ਸਰਕਾਰੀ ਸੂਚਨਾ ਅਨੁਸਾਰ ਬਲਾਕ ਲੰਬੀ ਦੇ 55 ਪਿੰਡਾਂ ਦੇ 17494 ਘਰਾਂ ਨੂੰ ਪੈਸਾ ਵੰਡਿਆ ਗਿਆ ਹੈ। ਇਵੇਂ ਜਾਪਦਾ ਹੈ ਕਿ ਜਿਵੇਂ ਪੂਰੇ ਬਲਾਕ ਦੇ ਘਰਾਂ ਦੀ ਖਸਤਾ ਹਾਲਤ ਹੋਵੇ। ਬਾਕੀ ਪੰਜਾਬ ਦੇ ਪਿੰਡਾਂ ਵਿਚ ਮੁਰੰਮਤ ਵਾਸਤੇ ਪੈਸਾ ਨਹੀਂ ਮਿਲ ਰਿਹਾ ਹੈ।

ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਨੇ 7 ਨਵੰਬਰ ਨੂੰ ਇੱਕੋ ਦਿਨ ਵਿਚ 9.50 ਕਰੋੜ ਰੁਪਏ ਭੇਜੇ ਸਨ ਜਦੋਂ ਕਿ 13 ਪਿੰਡਾਂ ਦੇ 2312 ਘਰਾਂ ਨੂੰ 3.72 ਕਰੋੜ ਰੁਪਏ 30 ਸਤੰਬਰ ਨੂੰ ਭੇਜੇ ਗਏ ਸਨ। ਹੁਣ ਐਨ ਚੋਣਾਂ ਤੋਂ ਪਹਿਲਾਂ ਇਹ ਚੈੱਕ ਵੰਡੇ ਗਏ ਹਨ ਅਤੇ ਕਈ ਪਿੰਡਾਂ ਵਿਚ ਗਰੀਬ ਲੋਕਾਂ ਨੇ ਰੌਲਾ ਰੱਪਾ ਵੀ ਪਾਇਆ ਹੈ। ਪੰਜਾਬ ਖੇਤ ਮਜ਼ਦੂਰ ਯੂਨੀਅਨ ਦੇ ਸੂਬਾ ਜਨਰਲ ਸਕੱਤਰ ਲਛਮਣ ਸਿੰਘ ਸੇਵੇਵਾਲਾ ਦਾ ਪ੍ਰਤੀਕਰਮ ਸੀ ਕਿ ਹਲਕਾ ਲੰਬੀ ਵਿਚ ਗਰੀਬਾਂ ਦੇ ਬਹਾਨੇ ਹਾਕਮ ਧਿਰ ਨੇ 'ਆਪਣਿਆਂ' ਨੂੰ ਚੈੱਕ ਦੇ ਦਿੱਤੇ ਹਨ ਜਿਸ ਦੀ ਉੱਚ ਪੱਧਰੀ ਜਾਂਚ ਹੋਣੀ ਚਾਹੀਦੀ ਹੈ। ਉਨ੍ਹਾਂ ਆਖਿਆ ਕਿ ਮਕਾਨ ਮੁਰੰਮਤ ਦੇ ਨਾਂਅ ਹੇਠ ਵੋਟਾਂ ਦੀ ਖਰੀਦੋ ਫਰੋਖਤ ਹੋ ਰਹੀ ਹੈ।

### ਗਲਤ ਚੈੱਕ ਵਾਪਸ ਲਏ ਜਾਣਗੇ : ਡਿਪਟੀ ਕਮਿਸ਼ਨਰ

ਡਿਪਟੀ ਕਮਿਸ਼ਨਰ ਮੁਕਤਸਰ ਸ੍ਰੀ ਸੁਮੀਤ ਜਾਰੰਗਲ ਦਾ ਕਹਿਣਾ ਸੀ ਕਿ ਸੇਮ ਪ੍ਰਭਾਵਤ ਪਿੰਡਾਂ ਵਾਸਤੇ ਜ਼ਿਲ੍ਹੇ ਨੂੰ 45 ਕਰੋੜ ਰੁਪਏ ਮਕਾਨਾਂ ਦੀ ਮੁਰੰਮਤ ਵਾਸਤੇ ਮਿਲੇ ਹਨ ਜੋ ਲੋੜਵੰਦ ਪਰਿਵਾਰਾਂ ਨੂੰ ਦਿੱਤੇ ਜਾ ਰਹੇ ਹਨ। ਉਨ੍ਹਾਂ ਤਰਕ ਦਿੱਤਾ ਕਿ ਕਈ ਵਾਰੀ ਇੱਕੋ ਮਕਾਨ ਦੇ ਵੱਖੋ ਵੱਖਰੇ ਕਮਰੇ ਵਿਚ ਦੋ ਦੋ ਪਰਿਵਾਰ ਰਹਿ ਰਹੇ ਹੁੰਦੇ ਹਨ ਜਿਸ ਕਰਕੇ ਮੁਰੰਮਤ ਵਾਲੇ ਮਕਾਨਾਂ ਦੀ ਗਿਣਤੀ ਵਧੀ ਹੈ। ਅਗਰ ਕਿਤੇ ਨਿਯਮਾਂ ਤੋਂ ਉਲਟ ਕਿਸੇ ਨੂੰ ਪੈਸਾ ਚਲਾ ਗਿਆ ਹੈ ਤਾਂ ਉਹ ਵਾਪਸ ਲਿਆ ਜਾਵੇਗਾ।

# ਲੰਬੀ ਦੇ ਬੀਡੀਪੀਓ ਨੇ ਚੋਣ ਜ਼ਾਬਤੇ ਤੋਂ ਪਹਿਲਾਂ ਸਿਆਸੀ ਦਬਾਅ ਕਾਰਨ ਅਸਤੀਫ਼ਾ ਦਿੱਤਾ

**ਲੰਬੀ/ਬਿਊਰੋ ਨਿਊਜ਼ :** ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਹਲਕੇ ਲੰਬੀ ਦੇ ਬੀਡੀਪੀਓ ਬਲਵਿੰਦਰ ਸਿੰਘ ਨੇ ਚੋਣ ਜ਼ਾਬਤੇ ਤੋਂ ਪਹਿਲਾਂ ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਦੇ ਡਾਇਰੈਕਟਰ ਨੂੰ ਅਸਤੀਫ਼ਾ ਸੌਂਪ ਦਿੱਤਾ ਹੈ। ਇਹ ਅਸਤੀਫ਼ਾ ਕਰੀਬ 15 ਦਿਨ ਪਹਿਲਾਂ ਦਿੱਤਾ ਗਿਆ ਹੈ। ਇਸ ਅਸਤੀਫ਼ੇ ਦਾ ਕਾਰਨ ਕਥਿਤ ਤੌਰ 'ਤੇ ਸਰਕਾਰੀ ਫੰਡਾਂ ਦੀ ਕਾਣੀ ਵੰਡ ਅਤੇ ਸਿਆਸੀ ਦਬਾਅ ਮੰਨਿਆ ਜਾ ਰਿਹਾ ਹੈ, ਜਦੋਂਕਿ ਬੀਡੀਪੀਓ ਬਲਵਿੰਦਰ ਸਿੰਘ ਨੇ ਅਸਤੀਫ਼ੇ ਦਾ ਕਾਰਨ ਪਰਿਵਾਰਕ ਜ਼ਿੰਮੇਵਾਰੀਆਂ ਦੱਸਿਆ ਹੈ। ਸੂਤਰਾਂ ਅਨੁਸਾਰ ਅਸਤੀਫ਼ੇ ਬਾਰੇ ਪਤਾ ਲੱਗਣ 'ਤੇ ਬਾਦਲ ਸਰਕਾਰ ਹਰਕਤ ਵਿੱਚ ਆ ਗਈ ਹੈ ਤੇ ਬਲਵਿੰਦਰ ਸਿੰਘ ਨੂੰ ਸੋਮਵਾਰ ਚੰਡੀਗੜ੍ਹ ਸੱਦਿਆ ਹੈ। ਜਾਣਕਾਰੀ ਅਨੁਸਾਰ ਪੰਚਾਇਤ ਅਫ਼ਸਰ ਬਲਵਿੰਦਰ ਸਿੰਘ ਸੇਵਾਮੁਕਤੀ ਮਗਰੋਂ ਇੱਕ ਸਾਲ ਦੇ ਵਾਧੇ ਤਹਿਤ ਲੰਬੀ ਵਿੱਚ ਬਤੌਰ ਕਾਰਜਕਾਰੀ ਬਲਾਕ ਵਿਕਾਸ ਤੇ ਪੰਚਾਇਤ ਅਫ਼ਸਰ (ਬੀਡੀਪੀਓ) ਵਜੋਂ ਸੇਵਾ ਨਿਭਾ ਰਹੇ ਸਨ। ਉਨ੍ਹਾਂ ਦਾ 6 ਮਹੀਨੇ ਦਾ ਸਮਾਂ ਬਾਕੀ ਪਿਆ ਹੈ। ਉਹ ਹਲਕਾ ਲੰਬੀ-83 ਦੇ ਸਹਾਇਕ ਰਿਟਰਨਿੰਗ ਅਫ਼ਸਰ ਵੀ ਹਨ। ਗ਼ੌਰਤਲਬ ਹੈ ਕਿ ਨਿਰੋਲ ਪੇਂਡੂ ਹਲਕੇ ਲੰਬੀ ਵਿੱਚ ਵਿਕਾਸ ਕਾਰਜਾਂ ਬਨਾਮ 'ਸਿਆਸੀ ਕਬਜ਼ੇ' ਦੀ ਖੇਡ ਵਿੱਚ ਬੀਡੀਪੀਓ ਦਫ਼ਤਰ ਅਹਿਮ ਧਿਰ ਹੈ। ਲੰਬੀ ਬਲਾਕ ਦੀਆਂ 57 ਪੰਚਾਇਤਾਂ ਤਹਿਤ ਸੇਮ ਮਾਰੇ ਇਲਾਕੇ ਦੀ ਓਟ ਵਿੱਚ ਮਕਾਨਾਂ ਦੀ ਮੁਰੰਮਤ ਲਈ 15-15 ਹਜ਼ਾਰ ਦੇ ਚੈੱਕ ਗਰਾਂਟ ਰੂਪੀ 'ਤੋਹਫ਼ੇ' ਵੰਡੇ ਜਾ ਰਹੇ ਹਨ। ਹੁਣ ਤੱਕ 26-27 ਹਜ਼ਾਰ ਲੋਕਾਂ ਨੂੰ ਕਰੀਬ 42-43 ਕਰੋੜ ਰੁਪਏ ਵੰਡੇ ਜਾ ਚੁੱਕੇ ਹਨ। ਸਾਰੇ ਚੈੱਕਾਂ 'ਤੇ ਬੀਡੀਪੀਓ ਲੰਬੀ ਦੇ ਦਸਤਖ਼ਤ ਹਨ। ਚੋਣਾਂ ਦੇ ਉਦੇਸ਼ ਨਾਲ ਚੈੱਕਾਂ ਦੀ ਸੂਚੀ ਲੰਮੀ ਕਰਨ ਲਈ ਪੇਂਡੂ ਅਕਾਲੀ ਇੰਚਾਰਜਾਂ ਦਾ ਦਬਾਅ ਬਣਿਆ ਹੋਇਆ ਹੈ। ਇਨ੍ਹੀਂ ਦਿਨੀਂ ਸੱਤਾ ਪੱਖ ਦੇ ਬਹੁਗਿਣਤੀ ਆਗੂ ਜ਼ਿਆਦਾ ਸਮਾਂ ਬੀਡੀਪੀਓ ਦਫ਼ਤਰ ਵਿੱਚ ਹੀ ਬਿਤਾਉਂਦੇ ਹਨ। ਦੂਜੇ ਪਾਸੇ ਚੈੱਕਾਂ ਤੋਂ ਵਾਂਝੇ ਲੋਕਾਂ ਦਾ ਰੋਹ ਸਰਕਾਰੀ ਤੰਤਰ 'ਤੇ ਬੋਝ ਬਣਦਾ ਜਾ ਰਿਹਾ ਹੈ। ਅਜਿਹੇ ਚਹੁੰਤਰਫ਼ੇ ਦਬਾਅ ਕਾਰਨ ਅਮਲਾ ਪ੍ਰੇਸ਼ਾਨ ਹੈ ਤੇ ਬੀਡੀਪੀਓ ਦੇ ਅਸਤੀਫ਼ੇ ਨੂੰ ਇਸ ਮਾਮਲੇ ਨਾਲ ਜੋੜ ਕੇ ਵੇਖਿਆ ਜਾ ਰਿਹਾ ਹੈ।



ਪਿਛਲੇ ਦਿਨੀਂ ਬੀਡੀਪੀਓ ਬਲਵਿੰਦਰ ਸਿੰਘ ਨੇ ਘੁਮਿਆਰਾ ਦੇ ਚੈੱਕਾਂ ਤੋਂ ਵਾਂਝੇ ਲੋੜਵੰਦ ਲੋਕਾਂ ਵੱਲੋਂ ਦਫ਼ਤਰ ਦੇ ਘਿਰਾਓ ਸਮੇਂ ਜਨਤਕ ਤੌਰ 'ਤੇ ਆਪਣੇ ਹੱਥ ਬੰਨ੍ਹੇ ਹੋਣ ਦੀ ਗੱਲ ਆਖੀ ਸੀ। ਇਸ ਦੌਰਾਨ ਪਤਾ ਲੱਗਿਆ ਕਿ ਐਨ ਚੋਣਾਂ ਸਮੇਂ ਬੀਡੀਪੀਓ ਲੰਬੀ ਦੇ ਅਸਤੀਫ਼ੇ ਕਾਰਨ ਹਰਕਤ ਵਿੱਚ ਆਈ ਅਕਾਲੀ ਸਰਕਾਰ ਨੇ ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਨੂੰ ਬਲਵਿੰਦਰ ਸਿੰਘ ਦਾ ਅਸਤੀਫ਼ਾ ਨਾ-ਮਨਜ਼ੂਰ ਕਰਕੇ ਉਨ੍ਹਾਂ ਦੀਆਂ ਵਾਧੂ ਸੇਵਾਵਾਂ ਨੂੰ ਜਾਰੀ ਰੱਖਣ ਦੇ ਨਿਰਦੇਸ਼ ਦਿੱਤੇ ਹਨ। ਬੀਡੀਪੀਓ ਦਫ਼ਤਰ ਲੰਬੀ ਦੇ ਸੂਤਰਾਂ ਮੁਤਾਬਕ ਬਲਵਿੰਦਰ ਸਿੰਘ ਨੂੰ ਸੋਮਵਾਰ ਨੂੰ ਚੰਡੀਗੜ੍ਹ ਸੱਦਿਆ ਗਿਆ ਹੈ।

### ਬੀਡੀਪੀਓ ਵੱਲੋਂ ਸਿਆਸੀ ਦਬਾਅ ਦੀ ਗੱਲ ਖ਼ਾਰਜ

ਬੀਡੀਪੀਓ ਬਲਵਿੰਦਰ ਸਿੰਘ ਨੇ ਅਸਤੀਫ਼ੇ ਦੀ ਪੁਸ਼ਟੀ ਕਰਦਿਆਂ ਸਿਆਸੀ ਦਬਾਅ ਦੀ ਗੱਲ ਨੂੰ ਖ਼ਾਰਜ ਕਰਦਿਆਂ ਕਿਹਾ ਕਿ ਉਨ੍ਹਾਂ ਦੀ ਪਤਨੀ ਦੀ ਤਬੀਅਤ ਠੀਕ ਨਹੀਂ ਰਹਿੰਦੀ। ਪਿਛਲੇ ਦਿਨੀਂ ਲੜਕੀ ਦਾ ਵਿਆਹ ਕਰਨ ਮਗਰੋਂ ਉਹ ਹੁਣ ਆਪਣੇ ਪੁੱਤ ਦੀ ਪੜ੍ਹਾਈ ਪੂਰੀ ਕਰਵਾਉਣ 'ਤੇ ਧਿਆਨ ਦੇਣਾ ਚਾਹੁੰਦੇ ਹਨ।

ਅੰਮ੍ਰਿਤਸਰ ਟਾਈਮਜ਼ AMRITSAR TIMES

04 ਜਨਵਰੀ 2017 ਤੋਂ 10 ਜਨਵਰੀ 2017

## ਨਵਾਂ ਵਰ੍ਹਾ, ਨਵੀਆਂ ਚੁਣੌਤੀਆਂ

ਦੁਨੀਆਂ ਦੇ ਇਤਿਹਾਸ ਅਤੇ ਸਾਡੀਆਂ ਉਮਰਾਂ ਵਿੱਚ ਇੱਕ ਹੋਰ ਵਰ੍ਹਾ ਸ਼ਾਮਲ ਹੋ ਗਿਆ ਹੈ। ਘੰਟਿਆਂ, ਦਿਨਾਂ, ਮਹੀਨਿਆਂ ਅਤੇ ਸਾਲਾਂ ਵਿੱਚ ਵੰਡੀ ਜਿੰਦਗੀ ਅੱਗੇ ਵਧਦੀ ਹੈ ਕੁਝ ਹੋਰ ਚੰਗਾ ਚਿਤਵਨ, ਸਿਰਜਣ ਤੇ ਹੋਰਨਾਂ ਨਾਲ ਸਾਂਝਾ ਕਰਨ ਦੇ ਮਨਸ਼ੇ ਨਾਲ। ਇਤਿਹਾਸ ਵਲ ਪਿਛਾਂਹ ਨਜ਼ਰ ਮਾਰਿਆਂ ਜਿੱਥੇ ਬੜਾ ਕੁਝ ਸੋਹਣਾ, ਸੁਖਾਵਾਂ ਵੇਖਣ ਨੂੰ ਮਿਲਦਾ ਹੈ, ਉੱਥੇ ਹੋਰ ਬੜਾ ਕੁਝ ਦਰਦਨਾਕ ਅਤੇ ਬੇਚੈਨ ਕਰਨ ਵਾਲਾ ਵੀ ਸਾਹਮਣੇ ਆਉਂਦਾ ਹੈ। ਮਨੁੱਖਤਾ ਭੂਤਕਾਲ ਵਿਚੋਂ ਲੰਘਦਿਆਂ, ਵਰਤਮਾਨ ਵਿੱਚ ਵਿਚਰਦਿਆਂ ਤੇ ਭਵਿੱਖ ਨੂੰ ਚਿਤਵਦਿਆਂ ਨਿੱਤ ਨਵਾਂ ਇਤਿਹਾਸ ਸਿਰਜਦੀ ਅਗਾਂਹ ਵਧਦੀ ਹੈ। ਭੂਤਕਾਲ ਦੀਆਂ ਘਟਨਾਵਾਂ ਸਾਡੇ ਵਰਤਮਾਨ ਅਤੇ ਭਵਿੱਖ ਨੂੰ ਪ੍ਰਭਾਵਿਤ ਕਰਦੀਆਂ ਹਨ। ਬਿਨ੍ਹਾਂ ਸ਼ੱਕ ਬੀਤਿਆ ਸਮਾਂ ਵਾਪਸ ਨਹੀਂ ਲਿਆਂਦਾ ਜਾ ਸਕਦਾ, ਜਿਸ ਦੀ ਕਲਪਨਾ ਕਰਨਾ ਹੀ ਕੋਈ ਮਾਅਨੇ ਨਹੀਂ ਰੱਖਦਾ ਪਰ ਚੰਗੇਰੇ ਭਵਿੱਖ ਲਈ ਵਰਤਮਾਨ ਨੂੰ ਤਾਂ ਸੰਭਾਲਿਆ ਜਾ ਸਕਦਾ ਹੈ। ਬੀਤੇ ਸਮੇਂ ਵਿਚਲੀਆਂ ਗਲਤੀਆਂ ਉੱਤੇ ਪਛਤਾਉਣ ਦੀ ਬਜਾਏ ਵਰਤਮਾਨ ਉੱਤੇ ਧਿਆਨ ਕੇਂਦਰਿਤ ਕਰਕੇ ਹੀ ਧਰਤੀ ਨੂੰ ਜਿਉਣਯੋਗ ਅਤੇ ਜਿੰਦਗੀ ਨੂੰ ਮਾਨਣਯੋਗ ਰੱਖਿਆ ਜਾ ਸਕਦਾ। ਪਰ ਇਉਂ ਸੋਚਣਾ ਸੁਖਾਲਾ ਹੈ, ਅਮਲੀ ਤੌਰ ਉੱਤੇ ਬੜਾ ਅਸੰਭਵ ਹੁੰਦਾ ਜਾ ਰਿਹਾ ਹੈ। ਮਨੁੱਖ ਹੁਣ ਕਿਸੇ ਇੱਕ ਫਿਰਕੇ, ਕੌਮ, ਇਲਾਕੇ, ਮੁਲਕ ਜਾਂ ਖਿੱਤੇ ਤੱਕ ਸੀਮਤ ਨਹੀਂ ਰਹਿ ਗਿਆ। ਧਰਤੀ ਦੇ ਹਰ ਹਿੱਸੇ ਉੱਤੇ ਵਸਦੇ ਲੋਕਾਂ ਦੇ ਸਰੋਕਾਰ ਇੱਕ ਦੂਜੇ ਨਾਲ ਇਸ ਕਦਰ ਜੁੜੇ ਹੋਏ ਹਨ ਕਿ ਸਾਂਝੀ ਸੋਚ ਅਤੇ ਸਮੂਹਕ ਸਹਿਯੋਗ ਬਿਨਾਂ ਕੁਝ ਕਰਨਾ ਇੰਨਾ ਸੁਖਾਲਾ ਨਹੀਂ। ਵੈਸੇ ਤਾਂ ਰਾਜਸੀ ਸ਼ਕਤੀ ਅਤੇ ਪੈਸੇ ਦੀ ਤਾਕਤ ਦੋ ਮੁੱਖ ਪੱਖ ਜਿੰਦਗੀ ਦੀ ਤੋਰ ਅਤੇ ਦੁਨੀਆ ਦੀ ਦਿਸ਼ਾ ਨੂੰ ਪ੍ਰਭਾਵਿਤ ਕਰਦੇ ਆ ਰਹੇ ਹਨ ਪਰ ਗਲੋਬਲਾਈਜੇਸ਼ਨ ਨੇ ਇਨ੍ਹਾਂ ਵਿਚਲੇ ਤਵਾਜ਼ਨ ਨੂੰ ਵੱਖਰੇ ਕਿਸਮ ਦੇ ਅਦਿਸ ਤਣਾਅ ਵਜੋਂ ਉਭਾਰਿਆ ਹੈ। ਲੰਘੇ ਐਤਵਾਰ ਸ਼ੁਰੂ ਹੋ ਚੁੱਕੇ ਨਵੇਂ ਵਰ੍ਹੇ ਨੂੰ ਜੀ ਅਇਆਂ ਕਹਿੰਦਿਆਂ ਸਾਡੇ ਵਰਤਮਾਨ ਨੂੰ ਪ੍ਰਭਾਵਿਤ ਕਰਨ ਵਾਲੀਆਂ ਘਟਨਾਵਾਂ ਬਾਰੇ ਸਮਝਣਾ ਜਰੂਰੀ ਬਣਦਾ ਹੈ। ਇਸਤੋਂ ਵੀ ਅਹਿਮ ਹੈ ਸਾਡੇ ਭਾਈਚਾਰੇ ਨਾਲ ਸਿੱਧੇ ਤੌਰ ਉੱਤੇ ਸਬੰਧ ਰੱਖਣ ਵਾਲੀਆਂ ਹਾਲ ਵਿੱਚ ਹੀ ਬੀਤੇ ਸਾਲ ਅਤੇ ਸ਼ੁਰੂ ਹੋਏ ਨਵੇਂ ਵਰ੍ਹੇ ਵਿਚਲੀਆਂ ਪੁਰਾਣੀਆਂ ਅਤੇ ਨਵੀਂਆਂ ਸੰਭਾਵੀ ਤਬਦੀਲੀਆਂ ਦਾ ਜ਼ਿਕਰ। ਨਿਰਸੰਦੇਹ ਗੱਲ ਅਮਰੀਕਾ ਅਤੇ ਪੰਜਾਬ ਉੱਤੇ ਕੇਂਦਰਿੱਤ ਹੋਵੇਗੀ। ਬੀਤ ਚੁੱਕੇ ਵਰ੍ਹੇ ਵਿਚਲੀ ਸਭ ਤੋਂ ਵੱਡੀ ਘਟਨਾ ਹੈ ਡੋਨਾਲਡ ਟਰੰਪ ਦਾ ਦੁਨੀਆ ਦੀ ਸਭ ਤੋਂ ਵੱਡੀ ਰਾਜਸੀ ਸ਼ਕਤੀ ਅਮਰੀਕਾ ਦਾ ਰਾਸ਼ਟਰਪਤੀ ਬਣਨਾ। ਪਿਛਲੇ ਸਾਲ ਨਵੰਬਰ ਮਹੀਨੇ ਦੌਰਾਨ ਹੋਈ ਚੋਣ ਵਿੱਚ ਕ੍ਰਿਸ਼ਮਈ ਜਿੱਤ ਹਾਸਲ ਕਰਨ ਵਾਲੇ ਟਰੰਪ ਨੇ ਸਹੀ ਮਾਅਨਿਆਂ ਵਿੱਚ ਰਾਸ਼ਟਰਪਤੀ ਇਸ ਮਹੀਨੇ 20 ਜਨਵਰੀ ਨੂੰ ਅਹੁਦਾ ਸੰਭਾਲਣ ਨਾਲ ਬਣਨਾ ਹੈ। ਅਪਣੀ ਚੋਣ ਮੁਹਿੰਮ ਦੌਰਾਨ ਟਰੰਪ ਨੇ ਜਿਸ ਢੰਗ ਨਾਲ ਮਸਲੇ ਉਭਾਰੇ, ਜੇ ਉਨ੍ਹਾਂ ਨੂੰ ਉਸੇ ਅੰਦਾਜ਼ ਵਿੱਚ ਅਮਲੀ ਰੂਪ ਦਿੱਤਾ ਤਾਂ ਸਮੁੱਚੇ ਅਮਰੀਕਾ ਅਤੇ ਇੱਥੇ ਵਸ ਰਹੇ ਹੋਰਨਾਂ ਮੁਲਕਾਂ, ਧਰਮਾਂ ਅਤੇ ਕੌਮਾਂ ਨਾਲ ਸਬੰਧ ਰਖਣ ਵਾਲੇ ਆਵਾਸੀਆਂ ਲਈ ਅਸਹਿ ਮੁਸ਼ਕਲਾਂ ਖੜ੍ਹੀਆਂ ਹੋਣ ਸੁਭਾਵਕ ਹਨ। ਇੰਨਾ ਹੀ ਨਹੀਂ ਪਹਿਲਾਂ ਹੀ ਗੰਭੀਰ ਟਕਰਾਅ ਵਿਚੋਂ ਲੰਘ ਰਹੇ ਦੁਨੀਆ ਭਰ ਦੇ ਲੋਕਾਂ ਲਈ ਹੋਰ ਸੰਕਟ ਖੜ੍ਹੇ ਹੋਣਗੇ। ਅਰਬ ਮੁਲਕਾਂ ਵਿਚਲੀ ਖਾਨਾਜੰਗੀ, ਇਸਲਾਮੀ ਸਟੇਟ ਵਾਲਿਆਂ ਦੀਆਂ ਦਿਨੋਂ ਦਿਨ ਦੀਆਂ ਵੱਧ ਰਹੀਆਂ ਸਰਗਰਮੀਆਂ ਅਤੇ ਯੂਰਪ ਨੂੰ ਭਿਆਨਕ ਹਿੰਸਾ ਦੀ ਜਕੜ ਵਿੱਚ ਲੈ ਰਹੇ ਬੰਬ ਧਮਾਕੇ ਆਣ ਵਾਲੇ ਸਮੇਂ ਦੇ ਹੋਰ ਮਾੜਾ ਹੋਣ ਦੇ ਸੂਚਕ ਹਨ। ਉਪਰੋਂ ਟਰੰਪ ਵਲੋਂ ਚੀਨ ਨੂੰ ਸਿੱਧਾ ਕਰਨ ਲਈ ਦਿੱਤੇ ਜਾ ਰਹੇ ਸਿਆਸੀ ਸੰਕੇਤ ਜਿਹੜੇ ਸੰਕਟ ਖੜ੍ਹੇ ਕਰ ਸਕਦੇ ਹਨ, ਉਨ੍ਹਾਂ ਦਾ ਅੰਦਾਜ਼ਾ ਲਾਉਣਾ ਸੰਭਵ ਨਹੀਂ ਜਾਪਦਾ। ਦੂਜੇ ਪਾਸੇ ਪਹਿਲਾਂ ਹੀ ਹਿੰਦੂਤਵੀ ਏਜੰਡੇ ਨੂੰ ਹਰ ਹੀਲੇ ਲਾਗੂ ਕਰਨ ਲਈ ਦਿਨ ਰਾਤ ਕਾਰਵਾਈਆਂ ਕਰ ਰਹੀ ਭਾਰਤ ਵਿਚਲੀ ਮੋਦੀ ਸਰਕਾਰ ਦੀ ਪੂਰਤੀ ਬਹੁਤ ਨਿੱਕਟ ਭਵਿੱਖ ਵਿੱਚ ਹੋਣ ਵਾਲੀਆਂ ਪੰਜ ਰਾਜਾਂ ਦੀਆਂ ਵਿਧਾਨ ਸਭਾਈ ਚੋਣਾਂ ਦੇ ਨਤੀਜਿਆਂ ਉੱਤੇ ਨਿਰਭਰ ਕਰੇਗੀ। ਪੰਜਾਬ, ਉੱਤਰ ਪ੍ਰਦੇਸ਼, ਗੋਆ, ਉਤਰਾਖੰਡ ਅਤੇ ਮਨੀਪੁਰ ਵਿੱਚ ਹੋਣ ਵਾਲੀਆਂ ਚੋਣਾਂ ਨੇ ਭਾਰਤ ਦੇ ਨਾਲ ਪੰਜਾਬ ਦੇ ਭਵਿੱਖ ਬਾਰੇ ਜਿਹੜਾ ਫੈਸਲਾ ਕਰਨਾ ਹੈ, ਉਹ ਪਿਛਲੀਆਂ ਚੋਣਾਂ ਦੇ ਮੁਕਾਬਲੇ ਵੱਧ ਅਹਿਮੀਅਤ ਰੱਖਦਾ ਹੈ। ਰਾਜਸੀ ਪਾਰਟੀਆਂ ਵਲੋਂ ਪੰਜ ਸਾਲਾਂ ਬਾਅਦ ਲੋਕਾਂ ਨੰ ਵਿਖਾਏ ਜਾਂਦੇ ਸਬਜ਼ਬਾਗਾਂ ਤੇ ਵੋਟਰਾਂ ਨਾਲ ਝੂਠੇ ਵਾਅਦਿਆਂ ਦੇ ਦੁਹਰਾਅ ਵਾਲੀਆਂ ਇਹ ਚੋਣਾਂ ਸਿਰਫ਼ ਉਕਤ ਮਸਲਿਆਂ ਤੱਕ ਸੀਮਤ ਨਹੀਂ। ਸਗੋਂ ਇਨ੍ਹਾਂ ਨੇ ਭਾਰਤ ਸਮੇਤ ਦੁਨੀਆਂ ਦੇ ਲੋਕਾਂ ਦੇ ਭਵਿੱਖ ਨੂੰ ਵੀ ਕਾਫ਼ੀ ਹੱਦ ਤੱਕ ਪ੍ਰਭਾਵਿਤ ਕਰਨਾ ਹੈ। ਜਿੱਥੋਂ ਤੱਕ ਪੰਜਾਬ ਦਾ ਸਬੰਧ ਹੈ ਧਾਰਮਿਕ, ਰਾਜਨੀਤਕ, ਸਮਾਜਿਕ, ਆਰਥਿਕ ਅਤੇ ਸਭਿਆਚਾਰਕ ਸੰਕਟਾਂ 'ਚ ਘਿਰੀ ਪੰਜ ਦਰਿਆਵਾਂ ਦੀ ਧਰਤੀ ਲਈ ਇਹ ਚੋਣਾਂ ਫੈਸਲਾਕੁਨ ਹਨ। ਇਸ ਬਾਰੇ ਕੋਈ ਭੁਲੇਖਾ ਨਹੀਂ ਹੋਣਾ ਚਾਹੀਦਾ ਕਿ ਵੋਟਾਂ ਨਾਲ ਹੋਣ ਵਾਲੀ ਸੰਭਾਵੀ ਤਬਦੀਲੀ ਲੋਕ ਮੁਕਤੀ ਜਾਂ ਇਨਕਲਾਬ ਤਾਂ ਨਹੀਂ ਹੁੰਦੀ ਪਰ ਵਕਤੀ ਅਸਰ ਜਰੂਰ ਹੁੰਦਾ ਹੈ। ਪੰਜਾਬ ਵਿੱਚ ਇਸ ਵਾਰ ਸਿਆਸੀ ਜ਼ੋਰ ਅਜ਼ਮਾਈ ਮੁਖ ਰੂਪ ਵਿੱਚ ਸੱਤਾਧਾਰੀ ਬਾਦਲ (+ ਭਾਜਪਾ), ਕਾਂਗਰਸ ਅਤੇ ਆਮ ਆਦਮੀ ਪਾਰਟੀ ਵਿਚਾਲੇ ਹੈ। ਵੈਸੇ ਕਹਿਣ, ਸੁਣਨ ਤੇ ਵੇਖਣ ਨੂੰ ਤਾਂ ਖਿੰਡੇਪੁੰਡੇ ਦਲ ਅਤੇ ਨਕਾਰਾ ਹੋਏ ਆਗੂ ਵੀ ਵੱਡੇ ਭੁਲੇਖਿਆਂ 'ਚ ਬਾਘੀਆਂ ਪਾ ਰਹੇ ਹਨ। ਇਸ ਸਮੇਂ ਹਵਾ ਦਾ ਰੁੱਖ ਭਾਵੇਂ ਸਪੱਸ਼ਟ ਰੂਪ ਵਿੱਚ ਕਿਸੇ ਇੱਕ ਪਾਰਟੀ ਦੇ ਹੱਕ ਵਿੱਚ ਨਹੀਂ ਦਿਸਦਾ ਪਰ ਜੇ ਆਮ ਲੋਕਾਂ ਦੇ ਰੌਂਅ ਨੂੰ ਭਾਪੀਏ ਤਾਂ ਆਮ ਆਦਮੀ ਪਾਰਟੀ ਤਕੜੇ ਪੈਰੀਂ ਦਿਸਦੀ ਹੈ। ਕਲ੍ਹ ਦਾ ਤਾਂ ਕੁਝ ਪਤਾ ਨਹੀਂ ਪਰ ਅੱਜ ਦੇ ਹਾਲਾਤ ਵਿੱਚ ਪੰਜਾਬ ਦੇ ਬਹੁ ਗਿਣਤੀ ਵੋਟਰ ਸੱਤਾਧਾਰੀ ਬਾਦਲਾਂ ਦਾ ਬੋਰੀਆ-ਬਿਸਤਰਾ ਗੋਲ ਕਰਨ ਦਾ ਇਰਾਦਾ ਕਰੀ ਬੈਠੇ ਦੱਸੀਂਦੇ ਹਨ। ਕਾਂਗਰਸ ਦਾ ਪਲੜਾ ਲਗਾਤਾਰ ਹੇਠਾਂ/ਉੱਤੇ ਹੁੰਦਾ ਨਜ਼ਰੀਂ ਪੈਂਦਾ ਹੈ। ਬਿਨਾਂ ਸ਼ੱਕ ਕੈਪਟਨ ਅਮਰਿੰਦਰ ਸਿੰਘ, ਅਪਣੇ ਗੁਣਾਂ/ਔਗੁਣਾਂ ਦੇ ਬਾਵਜੂਦ ਮੁਖ ਮੰਤਰੀ ਵਜੋਂ ਲੋਕਾਂ ਦੀ ਪਹਿਲੀ ਪਸੰਦ ਚਲੇ ਆ ਰਹੇ ਹਨ। ਪਰ ਸਾਬਕਾ ਮੁਖ ਮੰਤਰੀ ਦੇ ਕੰਮ ਕਰਨ ਦੇ ਮੌਜੀ ਸੁਭਾਅ ਨਾਲੋਂ ਉਸਦੀ ਪਾਰਟੀ ਦੀ ਨਵੀਂ ਦਿੱਲੀ ਵਿਚਲੀ ਹਾਈਮਕਮਾਂਡ ਦੀ ਰਾਜਸੀ ਬੇਸਮਝੀ, ਅੰਦਰੂਨੀ ਦੱਲਿਆਂ ਦੀਆਂ ਚਾਲਾਂ ਅਤੇ ਪੰਜਾਬ ਵਿਚਲੇ ਭੂਤਰੇ ਉਸਦੇ ਪਾਰਟੀ ਵਿਚਲੇ ਵਿਰੋਧੀ ਅਪਣੀ ਪਾਰਟੀ ਦੀ ਹੀ ਰਾਜਸੀ ਬੇੜੀ 'ਚ ਵੱਟੇ ਪਾਉਣ 'ਚ ਕੋਈ ਕਸਰ ਬਾਕੀ ਨਹੀਂ ਰਹਿਣ ਦੇ ਰਹੇ। ਕੁਝ ਵੀ ਹੋਵੇ ਜਿਸ ਕਦਰ ਦੀ ਰਾਜਸੀ ਮੌਕਾਪ੍ਰਸਤੀ, ਦਲ ਬਦਲੀਆਂ ਅਤੇ ਚਿੱਕੜ ਉਛਾਲੀ ਹੋ ਰਹੀ ਹੈ ਅਤੇ ਆਉਣ ਵਾਲੇ ਦਿਨਾਂ ਵਿੱਚ ਇਹ ਰੁਝਾਣ ਹੋਰ ਵਧਣਾ ਹੈ, ਉਸਨੂੰ ਵੇਖਦਿਆਂ ਪੰਜਾਬ ਲਈ ਭਲੇ ਵੇਲਿਆਂ ਦੀ ਆਸ ਬਹੁਤੀ ਉਭਰਦੀ ਨਹੀਂ। ਜੇ ਇਹੋ ਹਾਲ ਰਿਹਾ ਅਤੇ ਵੋਟਰਾਂ ਦਾ ਫਤਵਾ ਸਪੱਸ਼ਟ ਨਾ ਹੋਇਆ ਤਾਂ ਸਭ ਤੋਂ ਵੱਧ ਉਦਾਸ ਤੇ ਨਿਰਾਸ ਪ੍ਰਵਾਸੀ ਪੰਜਾਬੀ ਹੋਣਗੇ। ਕੁਝ ਚੰਗਾ ਕਰਨ ਦੇ ਯਤਨਾਂ ਵਿੱਚ ਪਿਛਲੀਆਂ ਵਿਧਾਨ ਸਭਾ ਚੋਣਾਂ ਵਿੱਚ ਮਨਪ੍ਰੀਤ ਬਾਦਲ ਦੀ ਅਗਵਾਈ ਵਾਲੀ ਪੰਜਾਬ ਪੀਪਲਜ਼ ਪਾਰਟੀ ਅਅਤੇ ਇਸ ਵਾਰ ਆਮ ਆਦਮੀ ਪਾਰਟੀ ਲਈ ਸਭ ਕੁਝ ਦਾਅ ਉੱਤੇ ਲਾਉਣ ਵਾਲੇ ਪ੍ਰਵਾਸੀਆਂ ਦੇ ਸੁਪਨਿਆਂ ਦੀ ਪੂਰਤੀ ਦੀ ਕਾਮਨਾ ਕਰਦਿਆਂ ਆਸ ਕਰੀਏ ਕਿ ਨਵੇਂ ਵਰ੍ਹਾ ਚੋਣਾਂ 'ਚ ਦੁਨੀਆ, ਅਮਰੀਕਾ ਤੇ ਪੰਜਾਬ ਨੂੰ ਨਵੇਂ ਸੰਕਟਾਂ ਤੋਂ ਸੁਰਖਿਅਤ ਰੱਖਣ ਵਿੱਚ ਸਹਾਈ ਹੋਵੇ।

# ਮੈਂ ਜੁੱਤਾ ਮਾਰਨ ਦੀ ਗੱਲ ਕਰਨ ਵਾਲਿਆਂ ਖ਼ਿਲਾਫ਼ ਹਾਂ...

**ਜਿਹੜੇ ਪ੍ਰਧਾਨ ਮੰਤਰੀ ਢਾਈ ਸਾਲਾਂ ਵਿਚ ਇਕ ਲੋਕਪਾਲ ਨਿਯੁਕਤ ਨਹੀਂ ਕਰ ਸਕੇ, ਉਹ ਕਾਲੇ ਧਨ ਨਾਲ ਲੜਨ ਲਈ ਇਕ ਲੱਖ ਲੋਕਾਂ ਨੂੰ ਲਾਉਣ ਦੀ ਗੱਲ ਕਰ ਰਹੇ ਹਨ। ਤਾਂ ਇਹ ਗੱਲ ਹਰ ਦੀਵਾਰ 'ਤੇ ਲਿਖੀ ਹੋਣੀ ਚਾਹੀਦੀ ਹੈ। ਆਮਦਨ ਵਿਭਾਗ ਨੂੰ ਵੈਸੇ ਹੀ 20,000 ਦੇ ਕਰੀਬ ਅਧਿਕਾਰੀਆਂ ਅਤੇ ਕਰਮਚਾਰੀਆਂ ਦੀ ਜ਼ਰੂਰਤ ਹੈ।**



**ਰਵੀਸ਼ ਕੁਮਾਰ**

"ਭੈਣੋ ਅਤੇ ਭਰਾਵੋ, ਮੈਂ ਦੇਸ਼ ਤੋਂ ਸਿਰਫ਼ 50 ਦਿਨ ਮੰਗੇ ਹਨ, 50 ਦਿਨ। 30 ਦਸੰਬਰ ਤਕ ਮੈਨੂੰ ਮੌਕਾ ਦਿਓ। ਭੈਣੋ-ਭਰਾਵੋ ਜੇਕਰ 30 ਦਸੰਬਰ



ਦੀ ਰਾਤ ਮੇਰੀ ਕੋਈ ਕਮੀ ਰਹਿ ਜਾਵੇ, ਕੋਈ ਮੇਰੀ ਗ਼ਲਤੀ ਨਿਕਲ ਜਾਵੇ, ਕੋਈ ਮੇਰਾ ਗ਼ਲਤ ਇਰਾਦਾ ਨਿਕਲ ਜਾਵੇ, ਤੁਸੀਂ ਜਿਸ ਚੌਰਾਹੇ 'ਤੇ ਮੈਨੂੰ ਖੜ੍ਹਾ ਕਰੋਗੇ, ਮੈਂ ਖੜ੍ਹਾ ਹੋ ਕੇ ਦੇਸ਼ ਜੋ ਸਜ਼ਾ ਕਰੇਗਾ, ਉਹ ਸਜ਼ਾ ਭੁਗਤਨ ਲਈ ਤਿਆਰ ਹਾਂ...।"

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਇਹ ਟੁਕੜਾ ਇਸ ਲਈ ਅੱਖਰ-ਅੱਖਰ ਲਿਖ ਰਿਹਾ ਹਾਂ, ਕਿਉਂਕਿ ਸੋਸ਼ਲ ਮੀਡੀਆ ਤੋਂ ਲੈ ਕੇ ਸਿਆਸੀ ਲੋਕਾਂ ਦੀ ਜ਼ੁਬਾਨ 'ਤੇ ਕਿਤੋਂ ਜੁੱਤਾ ਆ ਗਿਆ ਹੈ। ਕਈ ਲੋਕਾਂ ਦੀ ਟਿੱਪਣੀ ਵਿਚ ਦੇਖਿਆ ਕਿ ਇਹ 50 ਦਿਨ ਮਗਰੋਂ ਕਿਸੇ ਚੌਰਾਹੇ ਦੀ ਸਜ਼ਾ ਲਈ ਜੁੱਤਾ ਮੁਕੱਰਰ ਕਰਨਾ ਚਾਹੁੰਦੇ ਹਨ। ਮੈਨੂੰ ਲੱਗਾ, ਪ੍ਰਧਾਨ ਮੰਤਰੀ ਨੇ ਹੀ ਜੁੱਤੇ ਦਾ ਜ਼ਿਕਰ ਕੀਤਾ ਹੋਵੇਗਾ, ਇਸ ਲਈ ਉਨ੍ਹਾਂ ਦੇ ਬਿਆਨ ਨੂੰ ਠੀਕ ਤਰ੍ਹਾਂ ਸੁਣਨ ਲੱਗਾ। ਤੁਸੀਂ ਵੀ ਦੇਖ ਸਕਦੇ ਹੋ ਕਿ ਉਨ੍ਹਾਂ ਦੇ ਭਾਸ਼ਣ ਦੇ ਇਸ ਟੁੱਕੜੇ ਵਿਚ ਜੁੱਤੇ ਦਾ ਜ਼ਿਕਰ ਨਹੀਂ ਹੈ। ਫਿਰ 50 ਦਿਨ ਮਗਰੋਂ ਚੌਰਾਹੇ 'ਤੇ ਸਜ਼ਾ ਦੇਣ ਲਈ ਨਿਆਂਇਕ ਉਪਕਰਨ ਵਜੋਂ ਜੁੱਤੇ ਦਾ ਜ਼ਿਕਰ ਕਿਵੇਂ ਹੋ ਰਿਹਾ ਹੈ, ਉਹ ਵੀ ਪ੍ਰਧਾਨ ਮੰਤਰੀ ਲਈ।

ਵੈਸੇ ਤਾਂ ਪ੍ਰਧਾਨ ਮੰਤਰੀ ਦਾ ਇਹ ਬਿਆਨ ਹੀ ਨਿਹਾਇਤ ਗੈਰ ਜਮਹੂਰੀ ਹੈ। ਉਹੀ ਚੌਰਾਹੇ 'ਤੇ ਸਜ਼ਾ ਦੀ ਗੱਲ ਕਰਕੇ ਭੀੜ ਦੀ ਮਾਨਸਿਕਤਾ ਨੂੰ ਸੰਵਿਧਾਨਕ ਮਾਨਤਾ ਦਿੰਦੇ ਨਜ਼ਰ ਆ ਰਹੇ ਹਨ। ਉਨ੍ਹਾਂ ਦੇ ਮਨ ਵਿਚ ਵਿਰੋਧੀਆਂ ਲਈ ਅਜਿਹੀ ਹੀ ਕਿਸੇ ਸਜ਼ਾ ਦਾ ਖਿਆਲ ਆਉਂਦਾ ਹੋਵੇ, ਇਸ ਲਈ ਆਪਣੇ ਲਈ ਵੀ ਅਜਿਹੀ ਗੱਲ ਨਿਕਲ ਗਈ ਹੋਵੇ। ਸਾਡੀ ਮਾਨਸਿਕਤਾ ਵਿਚ ਵਾਕਿਆ ਸਰੰਚਨਾ ਅਤੇ ਸ਼ਬਦ ਕਈ ਵਾਰ ਲੁਕੇ ਰਹਿੰਦੇ ਹਨ, ਜਿਨ੍ਹਾਂ ਦਾ ਨਿਰਮਾਣ ਸਮਾਜ ਦੇ ਸਾਮੰਤੀ ਤੌਰ-ਤਰੀਕਿਆਂ ਨਾਲ ਹੁੰਦਾ ਰਹਿੰਦਾ ਹੈ। ਜੁੱਤਾ ਮਾਰਨ ਦਾ ਖ਼ਿਆਲ ਹੀ ਜਾਤੀਵਾਦੀ ਖਿਆਲ ਹੈ ਤੇ ਇਹ ਮੂਲ ਰੂਪ ਵਿਚ ਦਲਿਤ ਵਿਰੋਧੀ ਹੈ। ਤੁਸੀਂ ਜੁੱਤਾ ਮਾਰਨ ਦੇ ਮੁਹਾਵਰੇ ਤੇ ਕਿੱਸਿਆਂ ਦੀ ਪੜਤਾਲ ਕਰੋਗੇ ਤਾਂ ਦੇਖੋਗੇ ਕਿ ਜੁੱਤਾ ਮਾਰਨ ਦਾ ਇਸਤੇਮਾਲ ਸਿਰਫ਼ ਸਵਰਨ ਕਰਦਾ ਹੈ। ਕਿਸੇ ਦਲਿਤ ਜਾਂ ਕਮਜ਼ੋਰ ਦੇ ਖ਼ਿਲਾਫ਼ ਕਰਦਾ ਹੈ। ਨਫ਼ਰਤ ਦੀ ਭਾਸ਼ਾ ਹੈ ਜੁੱਤਾ ਮਾਰਨਾ। ਮੈਂ ਨਫ਼ਰਤ ਦੀ ਸਿਆਸਤ ਦੇ ਨਾਲ ਨਾਲ ਨਫ਼ਰਤ ਦੀ ਭਾਸ਼ਾ ਨਾਲ ਵੀ ਨਫ਼ਰਤ ਕਰਦਾ ਹਾਂ। ਮੈਂ ਵੀ ਇਕ ਵਾਰ ਮਜ਼ਾਕ ਵਿਚ ਕਹਿ ਦਿੱਤਾ ਕਿ ਜੁੱਤੇ ਪੈਣਗੇ। ਬਾਕਾਇਦਾ ਪ੍ਰਬੰਧਕ ਨੂੰ ਬੇਨਤੀ ਕੀਤੀ ਕਿ ਇਸ ਨੂੰ ਹਟਾ ਦਿਓ। ਇਹ ਚੰਗਾ ਨਹੀਂ ਹੈ। ਪਰ ਕੋਈ ਸੁਚੇਤ ਤਰੀਕੇ ਨਾਲ ਵਾਰ ਵਾਰ ਜੁੱਤਾ ਮਾਰਨ ਦੀ ਗੱਲ ਲਿਖ ਰਿਹਾ ਹੋਵੇ, ਤਾਂ ਚੌਕਸ ਕਰਨਾ ਜ਼ਰੂਰੀ ਹੋ ਜਾਂਦਾ ਹੈ।

ਇਸ ਲਈ ਪ੍ਰਧਾਨ ਮੰਤਰੀ ਨੂੰ ਚੌਰਾਹੇ 'ਤੇ ਸਜ਼ਾ ਦੇਣ ਦੀ ਗੱਲ ਨਹੀਂ ਕਰਨੀ ਚਾਹੀਦੀ ਸੀ। ਭਾਰਤ ਵਰਗੇ ਸਥਾਪਤ ਲੋਕਤੰਤਰ ਦਾ ਸੰਵਿਧਾਨਕ ਪ੍ਰਮੁੱਖ ਚੌਰਾਹੇ 'ਤੇ ਕਿਵੇਂ ਕਿਸੇ ਭੀੜ ਨੂੰ ਆਪਣੀ ਮਰਜ਼ੀ ਨਾਲ ਸਜ਼ਾ ਦੇਣ ਦੀ ਵਕਾਲਤ ਕਰ ਸਕਦਾ ਹੈ, ਪਰ 50 ਦਿਨ ਬਾਅਦ ਕਿਤੇ ਚੋਣਾਂ ਨਾ ਹੋ ਰਹੀਆਂ ਹੋਣ ਤੇ ਕਿਸੇ ਫੈਸਲੇ ਦੇ ਸਹੀ-ਗ਼ਲਤ ਹੋਣ ਦਾ ਇਕ ਮਾਤਰ ਪੈਮਾਣਾ ਚੋਣਾਂ ਹੀ ਕਿਉਂ ਹੋਣ? ਪ੍ਰਧਾਨ ਮੰਤਰੀ ਦੇ ਗ਼ਲਤ ਨਿਕਲਣ 'ਤੇ ਕੋਈ ਕਾਨੂੰਨ ਨਹੀਂ ਹੈ ਤੇ ਇਹ ਗ਼ਲਤੀ ਕਿਵੇਂ ਤੈਅ ਹੋਵੇਗੀ, ਇਹ ਅਧਿਕਾਰ ਵੀ ਪ੍ਰਧਾਨ ਮੰਤਰੀ ਆਪਣੇ ਕੋਲ ਹੀ ਰੱਖਣਾ ਚਾਹੁੰਦੇ ਹਨ। ਸੈਂਕੜੇ ਲੇਖਾਂ ਵਿਚ ਉਨ੍ਹਾਂ ਦੀਆਂ ਗ਼ਲਤੀਆਂ ਵੱਲ ਇਸ਼ਾਰਾ ਕੀਤਾ ਗਿਆ ਕੀ ਉਨ੍ਹਾਂ ਨੇ ਇਕ ਵੀ ਗ਼ਲਤੀ ਸਵੀਕਾਰ ਕੀਤੀ...? ਜੋ ਸਵਾਲ ਉਨ੍ਹਾਂ ਤੋਂ ਪੁਛੇ ਗਏ, ਉਨ੍ਹਾਂ ਦਾ ਸਿੱਧਾ ਜਵਾਬ ਨਹੀਂ ਦਿੱਤਾ। ਵਿਰੋਧੀਆਂ 'ਤੇ ਹਮਲਾ ਹੀ ਕੀਤਾ। ਤਰ੍ਹਾਂ ਤਰ੍ਹਾਂ ਦੇ ਰਚਨਾਤਮਕ ਮੁਹਾਵਰਿਆਂ ਵਿਚ ਗੱਲ ਕਰਦੇ ਰਹੇ। ਪ੍ਰਧਾਨ ਮੰਤਰੀ ਗ਼ਲਤੀ ਕਰ ਸਕਦੇ ਹਨ, ਪਰ ਭੀੜ ਤੈਅ ਨਹੀਂ ਕਰੇਗੀ ਕਿ ਉਨ੍ਹਾਂ ਨੇ ਗ਼ਲਤੀ ਕੀਤੀ ਹੈ।

ਜਿਸ ਤਰ੍ਹਾਂ ਪ੍ਰਧਾਨ ਮੰਤਰੀ ਦੇ ਬਿਆਨ ਦਾ ਇਹ ਹਿੱਸਾ ਗੈਰ ਜਮਹੂਰੀ ਤੇ ਸਾਮੰਤੀ ਹੈ, ਉਸੇ ਤਰ੍ਹਾਂ ਇਸ ਬਿਆਨ ਦੇ ਸੰਦਰਭ ਵਿਚ ਸੋਸ਼ਲ ਮੀਡੀਆ 'ਤੇ ਉਨ੍ਹਾਂ ਦੇ ਆਲੋਚਕਾਂ ਦੀ ਭਾਸ਼ਾ ਸਾਮੰਤੀ ਤੇ ਗੈਰ ਜਮਹੂਰੀ ਹੁੰਦੀ ਜਾ ਰਹੀ ਹੈ। ਜਦੋਂ ਜੁੱਤੇ ਦਾ ਜ਼ਿਕਰ ਨਹੀਂ ਸੀ, ਤਾਂ ਜੁੱਤੇ ਦਾ ਖ਼ਿਆਲ ਕਿਵੇਂ ਆਇਆ। ਕੀ ਉਹ ਵੀ ਪ੍ਰਧਾਨ ਮੰਤਰੀ ਵਾਂਗ ਅਵਚੇਤਨ ਵਿਚ ਆਪਣੇ ਵਿਰੋਧੀ ਲਈ ਅਜਿਹੀ ਭਾਸ਼ਾਗਤ ਸੋਚ ਰੱਖਦੇ ਹਨ...? ਫੇਸਬੁਕ ਤੋਂ ਲੈ ਕੇ ਟਵਿੱਟਰ ਤਕ 'ਤੇ ਜੁੱਤੇ ਦੀਆਂ ਤਸਵੀਰਾਂ ਸਾਂਝੀਆਂ ਕੀਤੀਆਂ ਜਾ ਰਹੀਆਂ ਹਨ। ਲਿਖਿਆ ਜਾ ਰਿਹਾ ਹੈ ਕਿ 50 ਦਿਨ ਪੂਰੇ ਹੋਣ ਵਾਲੇ ਹਨ। ਦੱਸੋ, ਜੁੱਤੇ ਨਾਲ ਕਿਥੋਂ ਸਵਾਗਤ ਕੀਤਾ ਜਾਵੇ? ਕੀ ਵਿਰੋਧੀ ਵੀ ਭੀੜ ਬਣਨ ਦੀ ਕੋਈ ਗੁਪਤ ਇੱਛਾ ਰੱਖਦੇ ਹਨ...? ਕਈ ਲੋਕ ਵਾਰ ਵਾਰ ਲਿਖ ਰਹੇ ਹਨ ਕਿ ਜੁੱਤਾ ਤਿਆਰ ਹੈ। ਦੱਸੋ, ਕਿਸ ਚੌਰਾਹੇ 'ਤੇ ਤੁਸੀਂ ਮਿਲੋਗੇ?

ਸਰਕਾਰ ਸੱਤਾ ਦੀ ਭਾਸ਼ਾ ਬੋਲਦੀ ਹੀ ਹੈ, ਪਰ ਵਿਰੋਧੀ ਜਾਂ ਆਲੋਚਕ ਵੀ ਆਪਣੀ ਆਲੋਚਨਾ ਵਿਚ ਸੱਤਾ ਦੀ ਕਰੂਰ ਭਾਸ਼ਾ ਬੋਲਣ ਤਾਂ ਸਮਾਜ ਨੂੰ ਚਿੰਤਤ ਹੋਣਾ ਚਾਹੀਦਾ ਹੈ। ਜਦੋਂ ਆਲੋਚਕ ਲੋਕਤੰਤਰ ਦੇ ਸਪੇਸ ਵਿਚ ਪ੍ਰਧਾਨ ਮੰਤਰੀ ਦੀ ਆਲੋਚਨਾ ਦਾ ਅਧਿਕਾਰ ਮੰਗਦੇ ਹਨ ਜਾਂ ਇਸਤੇਮਾਲ ਕਰਦੇ ਹਨ ਤਾਂ ਫਿਰ ਉਨ੍ਹਾਂ ਦੇ ਪ੍ਰਤੀਕ ਏਨੇ ਸਾਮੰਤੀ ਕਿਉਂ ਹਨ। ਕੀ ਸਾਡੀ ਸਿਆਸੀ ਭਾਸ਼ਾ ਟਵਿੱਟਰ 'ਤੇ ਅਭੱਦਰ ਅਤੇ ਹਿੰਸਕ ਭਾਸ਼ਾ ਲਿਖਣ ਵਾਲੇ ਟਰੋਲ ਦੀ ਹੁੰਦੀ ਜਾ ਰਹੀ ਹੈ...? ਫਿਰ ਉਹ ਸਪੇਸ ਕਿਥੋਂ ਬਚੇਗਾ, ਜਿੱਥੇ ਹਾਲੇ ਲੋਕਤੰਤਰ ਦੇ ਨਵੇਂ ਨਵੇਂ ਪ੍ਰਤੀਕ ਘੜੇ ਜਾਣੇ ਹਨ। ਜਿਥੇ ਆਲੋਚਨਾ ਦੀ ਇਕ ਮਰਿਆਦਾ ਹੁੰਦੀ ਹੈ। ਜੁੱਤੇ ਨਾਲ ਮਾਰਨ ਵਾਲਿਆਂ ਨੂੰ ਆਪਣਾ ਬਲੱਡ ਟੈਸਟ ਕਰਵਾ ਲੈਣਾ ਚਾਹੀਦਾ ਹੈ ਕਿ ਕਿਤੇ ਉਹ ਵੀ ਫਿਰਕੂ ਤੇ ਮਰਦਵਾਦੀ ਟਰੋਲ ਵਾਂਗ ਤਾਂ ਨਹੀਂ ਹੁੰਦੇ ਜਾ ਰਹੇ ਹਨ।

ਜ਼ਰੂਰ ਪ੍ਰਧਾਨ ਮੰਤਰੀ ਦਾ ਮਜ਼ਾਕ ਉਡਾਓ, ਸਖ਼ਤ ਆਲੋਚਨਾ ਕਰੋ, ਚੁਟਕੀ ਵੀ ਲਓ, ਪਰ ਕਿਸੇ ਨੂੰ ਜੁੱਤਾ ਮਾਰਨ ਦੀ ਕਲਪਨਾ ਤੋਂ ਦੂਰ ਰਹੋ। ਇਹ ਗੱਲ ਮੈਂ ਪ੍ਰਧਾਨ ਮੰਤਰੀ ਅਹੁਦੇ ਪ੍ਰਤੀ ਕਿਸੇ ਸ਼ਰਧਾ ਨਾਲ ਨਹੀਂ ਕਹਿ ਰਿਹਾ ਹਾਂ। ਮੈਂ ਕਿਸੇ ਵੀ ਵਿਅਕਤੀ ਨੂੰ ਚੌਰਾਹੇ 'ਤੇ ਜੁੱਤੇ ਮਾਰਨ ਦੀ ਸਾਮੰਤੀ ਤੇ ਸਵਰਨ ਮਾਨਸਿਕਤਾ ਖ਼ਿਲਾਫ਼ ਹਾਂ। ਸਾਡੇ ਲੋਕਤੰਤਰ ਦੀ ਭਾਸ਼ਾ ਅਜਿਹੀ ਹੋਣੀ ਚਾਹੀਦੀ ਹੈ, ਜਿਸ ਵਿਚ ਕਮਜ਼ੋਰ ਤੋਂ ਕਮਜ਼ੋਰ ਵਿਅਕਤੀ ਸੁੱਰਖਿਅਤ ਮਹਿਸੂਸ ਕਰੇ। ਆਲੋਚਕਾਂ ਦਾ ਇਕ ਕੰਮ ਬਦਲਵਾਂ ਆਦਰਸ਼ ਘੜਨਾ ਵੀ ਹੁੰਦਾ ਹੈ। ਉਨ੍ਹਾਂ ਨੂੰ ਸੱਤਾ ਦੀ ਅਭੱਦਰ ਭਾਸ਼ਾ ਬੋਲਣ ਦੇ ਰੁਝਾਨ ਤੋਂ ਬਚਣਾ ਚਾਹੀਦਾ ਹੈ। ਸੱਤਾ ਆਮਦਨ ਕਰ ਨੋਟਿਸ, ਜੇਲ੍ਹ, ਧਮਕੀ, ਫੋਨ ਰਿਕਾਰਡਿੰਗ ਵਗੈਰਾ ਨਾਲ ਜੁੱਤੇ ਨਾਲ ਮਾਰਨ ਦੀ ਆਪਣੀ ਖਵਾਹਿਸ਼ ਪੂਰੀ ਕਰਦੀ ਰਹਿੰਦੀ ਹੈ। ਪਰ ਇਨ੍ਹਾਂ ਗੱਲਾਂ ਦਾ ਵਿਰੋਧ ਕਰਨ ਵਾਲੇ ਵਿਰੋਧ ਵਿਚ ਉਨ੍ਹਾਂ ਸਾਰੇ ਪ੍ਰਤੀਕਾਂ ਦਾ ਕਿਵੇਂ ਇਸਤੇਮਾਲ ਕਰ ਸਕਦੇ ਹਨ।

ਆਪਣੇ ਹੀ ਕਿਸੇ ਭਾਸ਼ਣ ਵਿਚ ਪ੍ਰਧਾਨ ਮੰਤਰੀ ਨੇ ਕਿਹਾ ਸੀ ਕਿ ਕਾਲੇ ਧਨ ਨੂੰ ਖ਼ਤਮ ਕਰਨ ਲਈ ਇਕ ਲੱਖ ਲੋਕਾਂ ਨੂੰ ਲਗਾਉਣਾ ਪਏਗਾ ਤਾਂ ਲਾਵਾਂਗਾ। ਆਖ਼ਰ ਵਿਰੋਧੀ ਇਸ ਬਿਆਨ ਨੂੰ ਵਾਰ ਵਾਰ ਕਿਉਂ ਨਹੀਂ ਯਾਦ ਕਰਵਾਉਂਦੇ? ਜੇਕਰ ਪ੍ਰਧਾਨ ਮੰਤਰੀ ਆਪਣੇ ਇਸ ਬਿਆਨ 'ਤੇ ਕਾਇਮ ਰਹੇ ਤਾਂ ਇਕ ਲੱਖ ਨੌਜਵਾਨਾਂ ਨੂੰ ਰੁਜ਼ਗਾਰ ਮਿਲ ਸਕਦਾ ਹੈ। ਜਿਹੜੇ ਪ੍ਰਧਾਨ ਮੰਤਰੀ ਢਾਈ ਸਾਲਾਂ ਵਿਚ ਇਕ ਲੋਕਪਾਲ ਨਿਯੁਕਤ ਨਹੀਂ ਕਰ ਸਕੇ, ਉਹ ਕਾਲੇ ਧਨ ਨਾਲ ਲੜਨ ਲਈ ਇਕ ਲੱਖ ਲੋਕਾਂ ਨੂੰ ਲਾਉਣ ਦੀ ਗੱਲ ਕਰ ਰਹੇ ਹਨ। ਤਾਂ ਇਹ ਗੱਲ ਹਰ ਦੀਵਾਰ 'ਤੇ ਲਿਖੀ ਹੋਣੀ ਚਾਹੀਦੀ ਹੈ। ਆਮਦਨ ਵਿਭਾਗ ਨੂੰ ਵੈਸੇ ਹੀ 20,000 ਦੇ ਕਰੀਬ ਅਧਿਕਾਰੀਆਂ ਅਤੇ ਕਰਮਚਾਰੀਆਂ ਦੀ ਜ਼ਰੂਰਤ ਹੈ। ਮੈਂ ਹੈਰਾਨ ਹਾਂ ਕਿ ਲਾਲੂ ਯਾਦਵ ਵਰਗੇ ਸਿਆਸਤਦਾਨ ਕਿਵੇਂ ਇਸ ਸਾਮੰਤੀ ਪ੍ਰਤੀਕ ਦਾ ਇਸਤੇਮਾਲ ਕਰ ਰਹੇ ਹਨ, ਜਦਕਿ ਉਨ੍ਹਾਂ ਦੇ ਮੁਹਾਵਰੇ ਅਤੇ ਪ੍ਰਤੀਕ ਸਭ ਤੋਂ ਮੌਲਿਕ ਅਤੇ ਜਮਹੂਰੀਅਤ ਵਾਲੇ ਹੋਇਆ ਕਰਦੇ ਸਨ। ਕੀ ਸਾਡੇ ਨੇਤਾ ਵੀ ਸੋਸ਼ਲ ਮੀਡੀਆ ਦੀ ਭਾਸ਼ਾ ਬੋਲਣ ਲੱਗੇ ਹਨ। ਜੇਕਰ ਅਜਿਹਾ ਹੈ, ਤਾਂ ਇਹ ਠੀਕ ਨਹੀਂ ਹੈ।

ਵੈਸੇ, ਜੁੱਤਾ ਮਾਰਨ ਦਾ ਖ਼ਿਆਲ ਪ੍ਰਧਾਨ ਮੰਤਰੀ ਦੇ ਆਲੋਚਕਾਂ ਤੇ ਵਿਰੋਧੀਆਂ ਨੂੰ ਹੀ ਨਹੀਂ ਆ ਰਿਹਾ ਹੈ। ਖ਼ੁਦ ਉਨ੍ਹਾਂ ਦੇ ਮੰਤਰੀ ਵੀ ਜੁੱਤਾ ਮਾਰਨ ਦਾ ਸੁਪਨਾ ਦੇਖਦੇ ਹਨ। ਕੁਝ ਦਿਨ ਪਹਿਲਾਂ 'ਇੰਡੀਅਨ ਐਕਸਪ੍ਰੈੱਸ' ਵਿਚ ਅਰੁਣਾਚਲ ਪ੍ਰਦੇਸ਼ ਤੋਂ ਇਕ ਖ਼ਬਰ ਛਪੀ ਸੀ ਕਿ ਗ੍ਰਹਿ ਰਾਜ ਮੰਤਰੀ ਕਿਰੇਨ ਰਿਜੂ ਨੇ ਕਿਸੇ ਦੇ ਬਕਾਇਆ ਭੁਗਤਾਨ ਦੀ ਸਿਫ਼ਾਰਸ਼ ਕੀਤੀ ਸੀ, ਜਿਸ 'ਤੇ ਘੁਟਾਲੇ ਦਾ ਦੋਸ਼ ਸੀ। ਗ੍ਰਹਿ ਮੰਤਰਾਲੇ ਦੇ ਬਾਹਰ ਪੱਤਰਕਾਰ ਉਨ੍ਹਾਂ ਤੋਂ ਸਵਾਲ ਪੁੱਛਣ ਲੱਗੇ। ਇਕ ਮੰਤਰੀ ਦਾ ਬਿਆਨ ਭਿਆਨਕ, ਗੈਰਜਮਹੂਰੀ ਤੇ ਸਾਮੰਤੀ ਸੀ। ਮੈਨੂੰ ਇਸ ਗੱਲ ਦੀ ਜਾਣਕਾਰੀ ਨਹੀਂ ਹੈ ਕਿ ਉਨ੍ਹਾਂ ਨੇ ਆਪਣੇ ਬਿਆਨ 'ਤੇ ਅਫ਼ਸੋਸ ਜ਼ਾਹਰ ਕੀਤਾ ਹੈ ਜਾਂ ਨਹੀਂ। ਪ੍ਰਧਾਨ ਮੰਤਰੀ ਦੇ ਸ਼ਬਦ-ਸ਼ਬਦ ਬਿਆਨ ਨਾਲ ਇਹ ਲੇਖ ਸ਼ੁਰੂ ਹੋਇਆ ਸੀ। ਉਨ੍ਹਾਂ ਦੇ ਹੀ ਮੰਤਰੀ ਦੇ ਸ਼ਬਦ ਸ਼ਬਦ ਬਿਆਨ ਨਾਲ ਇਸ ਲੇਖ ਨੂੰ ਸਮਾਪਤ ਕਰ ਰਿਹਾ ਹਾਂ।

"ਜੋ ਨਿਊਜ਼ ਪਲਾਂਟ ਕਰ ਰਹੇ ਹਨ, ਉਹ ਸਾਡੇ ਕੋਲ ਆਉਣਗੇ ਤਾਂ ਜੁੱਤੇ ਖਾਣਗੇ...।"

# ਕੀ ਦੇਸ਼ ਸੱਚਮੁਚ ਬਦਲ ਰਿਹਾ ਹੈ, ਪਰ ਕਿਵੇਂ ?

**ਜਿਵੇਂ-ਜਿਵੇਂ ਸਮਾਂ ਗੁਜਰੇਗਾ, ਇਸ ਦਾ ਨਤੀਜਾ ਹੋਵੇਗਾ ਕਿ ਅਰਥਵਿਵਸਥਾ ਵਿੱਚ ਸਿਰਫ਼ ਵੱਡੇ ਵਪਾਰਕ ਘਰਾਣੇ ਹੀ ਰਹਿ ਜਾਣਗੇ ਅਤੇ ਛੋਟੇ ਤੇ ਮੱਧਮ ਵਰਗ ਦੇ ਵਪਾਰੀ ਖ਼ਤਮ ਹੋ ਜਾਣਗੇ। ਅਜਿਹਾ ਅਮਰੀਕਾ ਵਿੱਚ ਵਾਲਮਾਰਟ ਨੇ ਕਰਕੇ ਵਿਖਾਇਆ ਹੈ, ਜਿਸ ਨੇ ਛੋਟੇ ਵਪਾਰੀਆਂ ਨੂੰ ਲਗਭਗ ਪੂਰੀ ਤਰ੍ਹਾਂ ਖ਼ਤਮ ਕਰ ਦਿੱਤਾ ਹੈ। ਅਸੀਂ ਕੁਝ ਅਜਿਹਾ ਹੀ ਆਪਣੇ ਦੇਸ਼ ਵਿੱਚ ਵੀ ਵੇਖ ਸਕਦੇ ਹਾਂ। ਕਈ ਵੱਡੀਆਂ ਰਿਟੇਲ ਕੰਪਨੀਆਂ ਨੇ ਮਾਲ 'ਚ ਵੱਡੇ ਸਟੋਰ ਖੋਲ੍ਹ ਕੇ ਕਰਿਆਨਾ ਵੇਚਣ ਵਾਲੇ ਛੋਟੇ ਵਪਾਰੀਆਂ ਦੇ ਧੰਦੇ ਨੂੰ ਕਾਫੀ ਮੰਦਾ ਕਰ ਦਿੱਤਾ ਹੈ।**



**ਜਗਦੀਪ ਛੋਕਰ**

ਨੋਟਬੰਦੀ ਜਾਂ ਨੋਟ ਬਦਲੀ ਬਾਰੇ ਵੱਖ-ਵੱਖ ਸੰਚਾਰ ਸਾਧਨਾਂ ਵਿੱਚ ਵੱਡੀ ਚਰਚਾ ਹੋਣੀ ਕੋਈ ਹੈਰਾਨੀ ਵਾਲੀ ਗੱਲ ਨਹੀਂ ਹੈ। ਜ਼ਿਆਦਾਤਰ ਚਰਚਾ ਦੇ ਦੋ ਮੁੱਖ ਦ੍ਰਿਸ਼ਟੀਕੋਣ ਧਿਆਨ 'ਚ ਆਉਂਦੇ ਹਨ। ਇਕ ਨੂੰ ਸਰਕਾਰ ਸਕਾਰਾਤਮਕ ਅਤੇ ਦੂਜੇ ਨੂੰ ਨਕਾਰਾਤਮਕ ਕਰਾਰ ਦਿੰਦੀ ਹੈ। ਪਹਿਲਾ ਦ੍ਰਿਸ਼ਟੀਕੋਣ ਹੈ ਕਿ ਨੋਟਬੰਦੀ ਬਹੁਤ ਜ਼ਰੂਰੀ ਅਤੇ ਚੰਗਾ ਕਦਮ ਸੀ ਅਤੇ ਹੈ। ਹਾਲਾਂਕਿ ਇਸ ਤੋਂ ਆਮ ਲੋਕਾਂ ਨੂੰ ਪ੍ਰੇਸ਼ਾਨੀ ਤਾਂ ਜ਼ਰੂਰੀ ਹੋਈ ਹੈ, ਪਰ ਲੋਕ ਉਸ ਪ੍ਰੇਸ਼ਾਨੀ ਦੇ ਬਾਵਜੂਦ ਇਸ ਕਦਮ ਤੋਂ ਖੁਸ਼ ਹਨ, ਕਿਉਂਕਿ ਇਹ ਕਦਮ ਦੇਸ਼ ਅਤੇ ਸਮਾਜ ਦੇ ਹਿੱਤ 'ਚ ਹੈ। ਦੂਜਾ ਪਹਿਲੂ, ਜਿਸ ਨੂੰ ਸਰਕਾਰੀ ਸੂਤਰ ਅਤੇ ਸਰਕਾਰ ਦੇ ਸਮਰਥਕ ਨਕਾਰਾਤਮਕ ਸਮਝਦੇ ਹਨ, ਇਹ ਹੈ ਕਿ ਨੋਟਬੰਦੀ ਤੋਂ ਸਿਰਫ ਗਰੀਬਾਂ ਨੂੰ ਪ੍ਰੇਸ਼ਾਨੀ ਅਤੇ ਨੁਕਸਾਨ ਹੋਇਆ ਹੈ। ਇਸ ਨਾਲ ਅਮੀਰਾਂ 'ਤੇ ਕੋਈ ਖਾਸ ਅਸਰ ਨਹੀਂ ਪਿਆ ਹੈ, ਨਾ ਹੀ ਪਵੇਗਾ ਅਤੇ ਨਾ ਹੀ ਇਸ ਤੋਂ ਦੇਸ਼ 'ਚ ਮੌਜੂਦ ਕਾਲੇਧਨ 'ਤੇ ਕੋਈ ਫਰਕ ਪਵੇਗਾ। ਇਹ ਵਧਦਾ ਹੀ ਰਹੇਗਾ।

ਦੋਹਾਂ ਵਿਚੋਂ ਕਿਹੜਾ ਪਹਿਲੂ ਸਹੀ ਹੈ ਜਾਂ ਗਲਤ ਹੈ ਅਤੇ ਅਸਰ ਕਿਸ ਹੱਦ ਤਕ ਪਵੇਗਾ, ਇਸ ਦਾ ਫੈਸਲਾ ਤਾਂ ਲੋਕਾਂ ਨੇ ਹੀ ਕਰਨਾ ਹੈ। ਪਰ ਇਸ ਦਾ ਇਕ ਪਹਿਲੂ ਇਹ ਵੀ ਹੈ, ਜਿਸ ਬਾਰੇ ਕੋਈ ਖਾਸ ਚਰਚਾ ਸੁਣਨ ਨੂੰ ਨਹੀਂ ਮਿਲੀ ਅਤੇ ਉਹ ਹੈ ਨੋਟਬੰਦੀ ਦਾ ਦੇਸ਼ ਦੇ ਵਪਾਰ ਅਤੇ ਕਾਰੋਬਾਰ 'ਤੇ ਪੈਣ ਵਾਲਾ ਸਥਾਈ ਅਸਰ। ਬਾਕੀ ਦੇਸ਼ਾਂ ਦੀ ਤਰ੍ਹਾਂ ਭਾਰਤ ਵਿੱਚ ਵੀ ਵਪਾਰ ਤਿੰਨ ਪੱਧਰਾਂ 'ਤੇ ਹੁੰਦਾ ਹੈ - ਵੱਡੇ ਵਪਾਰਕ ਸੰਗਠਨ, ਮੱਧਮ ਵਪਾਰਕ ਸੰਗਠਨ ਅਤੇ ਛੋਟੇ ਵਪਾਰਕ ਸੰਗਠਨ। ਆਮ ਤੌਰ 'ਤੇ ਇਨ੍ਹਾਂ ਬਾਰੇ ਚਰਚਾ ਦੋ ਭਾਗਾਂ 'ਚ ਹੁੰਦੀ ਹੈ - ਇਕ ਪਾਸੇ ਵੱਡੇ ਸੰਗਠਨ ਅਤੇ ਦੂਜੇ ਪਾਸੇ ਮੱਧਮ ਤੇ ਛੋਟੇ ਸੰਗਠਨ। ਵੱਡੇ ਵਪਾਰਕ ਸੰਗਠਨਾਂ ਨੇ ਆਮ ਤੌਰ 'ਤੇ ਨੋਟਬੰਦੀ ਦਾ ਸਵਾਗਤ ਕੀਤਾ ਹੈ ਅਤੇ ਇਹ ਸਮਝਿਆ ਜਾ ਰਿਹਾ ਹੈ ਕਿ ਵੱਡੇ ਸੰਗਠਨਾਂ 'ਤੇ ਨੋਟਬੰਦੀ ਦਾ ਅਸਰ ਚੰਗਾ ਹੀ ਹੋਵੇਗਾ। ਨੋਟਬੰਦੀ ਦਾ ਮੱਧਮ ਅਤੇ ਛੋਟੇ ਵਪਾਰਕ ਸੰਗਠਨਾਂ 'ਤੇ ਕੀ ਅਸਰ ਪਵੇਗਾ ਜਾਂ ਪੈ ਸਕਦਾ ਹੈ, ਇਹ ਮੁੱਦਾ ਗੌਰਤਲਬ ਹੈ। ਇਸ 'ਤੇ ਵਿਚਾਰ ਕਰਨਾ ਪਵੇਗਾ।

ਜਿਵੇਂ ਕਿ ਹਰੀਸ਼ ਦਾਮੋਦਰਨ ਨੇ ਹਾਲ ਹੀ ਵਿੱਚ ਇਕ ਲੇਖ 'ਚ ਲਿਖਿਆ ਹੈ ਕਿ 2013-14 ਵਿੱਚ ਕੀਤੀ ਗਈ ਆਰਥਿਕ ਮਰਦਮਸ਼ੁਮਾਰੀ ਤੋਂ ਪਤਾ ਲੱਗਾ ਹੈ ਕਿ ਦੇਸ਼ 'ਚ ਲਗਭਗ 5.84 ਕਰੋੜ ਛੋਟੇ ਕਾਰੋਬਾਰ ਹਨ, ਜਿਨ੍ਹਾਂ 'ਚ 12.77 ਕਰੋੜ ਲੋਕ ਕੰਮ ਕਰਦੇ ਹਨ। ਇਨ੍ਹਾਂ ਸਾਰੇ ਲੋਕਾਂ ਨੂੰ 500 ਅਤੇ 1000 ਰੁਪਏ ਦੇ ਨੋਟਾਂ ਦੀ ਬੰਦੀ ਤੋਂ ਬਹੁਤ ਪ੍ਰੇਸ਼ਾਨੀ ਹੋਈ ਹੈ। ਇਨ੍ਹਾਂ ਦੇ ਨਾਲ ਹਨ 13.83 ਕਰੋੜ ਛੋਟੇ ਕਿਸਾਨ ਅਤੇ ਖੇਤ ਮਜ਼ਦੂਰ (2010-11 'ਚ ਕੀਤੀ ਗਈ ਖੇਤੀ ਮਰਦਮਸ਼ੁਮਾਰੀ ਅਨੁਸਾਰ) ਜਿਨ੍ਹਾਂ ਨੂੰ ਮਿਲਾ ਕੇ ਦੇਸ਼ ਦੀ ਅਰਥਵਿਵਸਥਾ ਦਾ ਗੈਰ-ਰਸਮੀ ਐਂਟਰਪ੍ਰਾਈਜ ਹਿੱਸਾ (ਇਨਫੋਰਮਲ ਐਂਟਰਪ੍ਰਾਈਜ ਸੈਕਟਰ ਆਫ਼ ਇੰਡੀਅਨ ਇਕੋਨਾਮੀ) ਬਣਦਾ ਹੈ। ਅਰਥਵਿਵਸਥਾ ਦਾ ਇਹ ਹਿੱਸਾ ਨਕਦ ਪੈਸੇ 'ਤੇ ਹੀ ਚੱਲਦਾ ਹੈ, ਜਿਸ 'ਚ ਕੱਚੇ ਮਾਲ ਨੂੰ ਖਰੀਦਣਾ, ਬਣੇ ਹੋਏ ਮਾਲ ਨੂੰ ਬਾਜ਼ਾਰ ਤਕ ਪਹੁੰਚਾਉਣਾ ਅਤੇ ਉਸ ਨੂੰ ਵੇਚਣਾ ਅਤੇ ਕਰਮਚਾਰੀਆਂ ਦੀ ਤਨਖਾਹ ਦੇਣਾ ਸ਼ਾਮਲ ਹੈ। ਅਰਥਵਿਵਸਥਾ 'ਚ ਚਲਨ ਵਿੱਚ ਮੌਜੂਦ ਕੁਲ ਮੁਦਰਾ ਦੇ 86 ਫ਼ੀਸਦੀ ਹਿੱਸੇ ਨੂੰ ਅਰਥਵਿਵਸਥਾ ਵਿੱਚੋਂ ਕੱਢ ਲੈਣ ਨਾਲ ਦੇਸ਼ ਦੇ ਲਗਭਗ 80 ਫ਼ੀਸਦੀ ਮਜ਼ਦੂਰ ਵਰਗ ਦੇ ਕੰਮ ਕਰਨ ਦੇ ਤਰੀਕੇ ਦਾ ਇਕ ਜ਼ਰੂਰੀ ਤੱਤ ਜਾਂ ਹਿੱਸਾ ਹਟਾ ਲਿਆ ਗਿਆ ਹੈ, ਜਿਸ ਕਾਰਨ ਉਨ੍ਹਾਂ ਵੱਲੋਂ ਰੋਜ਼ਾਨਾ ਕੰਮ ਕਰ ਕੇ ਆਪਣੀ ਰੋਜ਼ੀ-ਰੋਟੀ ਕਮਾਉਣਾ ਬਹੁਤ ਮੁਸ਼ਕਲ ਹੋ ਗਿਆ ਹੈ। ਇਹ ਵੀ ਸਹੀ ਹੈ ਕਿ ਨੋਟਬੰਦੀ ਦਾ ਕੁੱਝ ਅਸਰ ਵਪਾਰ ਅਤੇ ਵੱਡੇ ਖੇਤਰ 'ਤੇ ਵੀ ਪਿਆ ਹੈ, ਕਿਉਂਕਿ ਉਨ੍ਹਾਂ ਦਾ ਵੀ ਕਾਫੀ ਕੰਮ ਲੜੀ ਦੇ ਅੰਤਮ ਹਿੱਸੇ 'ਚ ਵਪਾਰੀ ਹੀ ਕਰਦੇ ਸਨ ਅਤੇ ਇਹ ਵੀ ਸਿਰਫ ਨਕਦੀ ਵਿੱਚ ਹੁੰਦਾ ਸੀ। ਪਰ ਸਭ ਤੋਂ ਮਹੱਤਵਪੂਰਨ ਸਵਾਲ ਹੈ ਕਿ ਕੀ ਅਰਥਵਿਵਸਥਾ ਵਿੱਚ ਇਸ ਉਥਲ-ਪੁਥਲ ਦੇ ਨਾਲ ਜੂਝਣ ਦੀ ਸਮਰੱਥਾ, ਸਹਿਣਸ਼ੀਲਤਾ ਅਤੇ ਆਰਥਿਕ ਲਚਕੀਲਾਪਨ ਹੈ?

ਵੱਡੇ ਵਪਾਰੀਆਂ ਨੂੰ ਇਸ ਉਥਲ-ਪੁਥਲ ਨਾਲ ਨਜਿੱਠਣ ਵਿੱਚ ਅਤੇ ਬਿਨਾਂ ਨਕਦੀ ਦੇ ਵਪਾਰ ਕਰਨ ਵਿੱਚ ਕੋਈ ਖਾਸ ਜਾਂ ਵਾਧੂ ਪ੍ਰੇਸ਼ਾਨੀ ਨਹੀਂ ਹੋਵੇਗੀ, ਕਿਉਂਕਿ ਉਨ੍ਹਾਂ 'ਚ ਬਹੁਤ ਦਿਨ ਤਕ ਮੰਦੀ ਸਹਿਣ ਦੀ ਸਮਰੱਥਾ ਹੈ। ਮੁੱਖ ਕਾਰਨ ਉਨ੍ਹਾਂ ਦੀ ਆਰਥਿਕ ਮਜ਼ਬੂਤੀ ਹੈ, ਕਿਉਂਕਿ ਉਨ੍ਹਾਂ ਕੋਲ ਜਮ੍ਹਾ ਪੂੰਜੀ ਹੈ। ਛੋਟੇ ਵਪਾਰੀਆਂ ਦੀ ਕਹਾਣੀ ਕੁੱਝ ਹੋਰ ਕਿਸਮ ਦੀ ਹੈ। ਉਨ੍ਹਾਂ 'ਚ ਜ਼ਿਆਦਾਤਰ ਦਾ ਵਪਾਰ ਰੋਜ਼ਾਨਾ ਕਮਾਉਣ ਅਤੇ ਰੋਜ਼ਾਨਾ ਖਾਣ ਜਿਹਾ ਹੈ, ਕਿਉਂਕਿ ਉਨ੍ਹਾਂ ਦੀ ਜਮ੍ਹਾ ਪੂੰਜੀ ਬਹੁਤ ਘੱਟ ਜਾਂ ਨਾ ਦੇ ਬਰਾਬਰ ਹੁੰਦੀ ਹੈ।

ਸੰਭਾਵਨਾ ਇਹ ਹੈ ਕਿ ਛੋਟੇ ਵਪਾਰੀਆਂ 'ਚੋਂ ਜ਼ਿਆਦਾਤਰ ਨੂੰ ਆਪਣੇ ਧੰਦੇ ਬੰਦ ਨਾ ਕਰਨੇ ਪੈਣ ਜਾਣ। ਇਹ ਛੋਟੇ ਵਪਾਰ ਦੇਸ਼ ਦੇ ਕੁੱਲ ਘਰੇਲੂ ਉਤਪਾਦ (ਜੀ.ਡੀ.ਪੀ.) ਦਾ 40 ਫ਼ੀਸਦੀ ਹਨ, ਇਸ ਲਈ ਜੇ ਇਹ ਬੰਦ ਹੋ ਗਏ ਅਤੇ ਇਨ੍ਹਾਂ 'ਚ ਜ਼ਿਆਦਾਤਰ ਅਰਥਵਿਵਸਥਾ ਦੀ ਉਥਲ-ਪੁਥਲ ਖ਼ਤਮ ਹੋਣ ਤੋਂ ਬਾਅਦ ਵੀ ਨਹੀਂ ਖੁੱਲ੍ਹ ਪਾਏ ਤਾਂ ਇਸ ਦਾ ਅਰਥਵਿਵਸਾ ਅਤੇ ਆਮ ਲੋਕਾਂ 'ਤੇ ਬਹੁਤ ਖਰਾਬ ਅਸਰ ਪੈਣ ਦੀ ਸੰਭਾਵਨਾ ਪੈਦਾ ਹੋ ਸਕਦੀ ਹੈ।

ਇਹ ਚਰਚਾ ਦਾ ਵਿਸ਼ਾ ਹੈ ਕਿ ਨਕਦੀ 'ਤੇ ਚੱਲਣ ਵਾਲੇ ਕਿੰਨੇ ਵਪਾਰ ਬਿਨਾਂ ਨਕਦੀ ਦੇ ਚਲ ਪਾਉਣਗੇ ਅਤੇ ਕਿੰਨੇ ਖ਼ਰੀਦਦਾਰ ਮਸ਼ੀਨਾਂ (ਪੀ.ਓ.ਐਸ. ਮਸ਼ੀਨ ਜਾਂ ਸਵਾਈਪ ਮਸ਼ੀਨ) ਰਾਹੀਂ ਵਪਾਰ ਕਰ ਸਕਣਗੇ ਅਤੇ ਇਨ੍ਹਾਂ ਮਸ਼ੀਨਾਂ ਦਾ ਕਿਰਾਇਆ ਦੇ ਸਕਣਗੇ?

ਹੁਣ ਤਕ ਸਿਰਫ਼ 15 ਲੱਖ ਅਜਿਹੀਆਂ ਮਸ਼ੀਨਾਂ ਹਨ। ਇਹ ਮਸ਼ੀਨਾਂ ਖ਼ਰੀਦਣ ਦੇ ਅਤੇ ਇਨ੍ਹਾਂ ਦੀ ਵਰਤੋਂ ਕਰਨ ਦਾ ਖਰਚਾ ਦੇਣ ਤੋਂ ਛੋਟੇ ਅਤੇ ਮੱਧਮ ਵਪਾਰਾਂ 'ਤੇ ਵਪਾਰ ਕਰਨ ਦਾ ਖਰਚਾ ਵੱਧ ਜਾਵੇਗਾ ਅਤੇ ਸ਼ਾਇਦ ਉਨ੍ਹਾਂ ਨੂੰ ਇਸ ਖਰਚ ਦਾ ਭੁਗਤਾਨ ਕਰਨ ਤੋਂ ਬਾਅਦ ਵਪਾਰ ਕਰਨ ਦਾ ਕੋਈ ਲਾਭ ਹੀ ਨਾ ਰਹੇ। ਜਿਵੇਂ-ਜਿਵੇਂ ਸਮਾਂ ਗੁਜਰੇਗਾ, ਇਸ ਦਾ ਨਤੀਜਾ ਹੋਵੇਗਾ ਕਿ ਅਰਥਵਿਵਸਥਾ ਵਿੱਚ ਸਿਰਫ਼ ਵੱਡੇ ਵਪਾਰਕ ਸੰਗਠਨ ਹੀ ਰਹਿ ਜਾਣਗੇ ਅਤੇ ਛੋਟੇ ਤੇ ਮੱਧਮ ਵਰਗ ਦੇ ਵਪਾਰੀ ਖ਼ਤਮ ਹੋ ਜਾਣਗੇ। ਅਜਿਹਾ ਅਮਰੀਕਾ ਵਿੱਚ ਵਾਲਮਾਰਟ ਨੇ ਕਰਕੇ ਵਿਖਾਇਆ ਹੈ, ਜਿਸ ਨੇ ਛੋਟੇ ਵਪਾਰੀਆਂ ਨੂੰ ਲਗਭਗ ਪੂਰੀ ਤਰ੍ਹਾਂ ਖ਼ਤਮ ਕਰ ਦਿੱਤਾ ਹੈ। ਅਸੀਂ ਕੁਝ ਅਜਿਹਾ ਹੀ ਆਪਣੇ ਦੇਸ਼ ਵਿੱਚ ਵੀ ਵੇਖ ਸਕਦੇ ਹਾਂ। ਕਈ ਵੱਡੀਆਂ ਰਿਟੇਲ ਕੰਪਨੀਆਂ ਨੇ ਮਾਲ 'ਚ ਵੱਡੇ ਸਟੋਰ ਖੋਲ੍ਹ ਕੇ ਕਰਿਆਨਾ ਵੇਚਣ ਵਾਲੇ ਛੋਟੇ ਵਪਾਰੀਆਂ ਦੇ ਧੰਦੇ ਨੂੰ ਕਾਫੀ ਮੰਦਾ ਕਰ ਦਿੱਤਾ ਹੈ। ਅਜਿਹਾ ਹੀ ਵੱਡੀਆਂ ਜੇਵਰਾਤ ਕੰਪਨੀਆਂ ਨੇ ਛੋਟੇ ਸੁਨਿਆਰਾਂ ਦਾ ਧੰਦਾ ਲਗਭਗ ਖਤਮ ਕਰ ਦਿੱਤਾ ਹੈ। ਨੋਟਬੰਦੀ ਇਸ ਨੂੰ ਬੜ੍ਹਾਵਾ ਦੇਵੇਗੀ ਅਤੇ ਹੌਲੀ-ਹੌਲੀ ਛੋਟੇ ਅਤੇ ਮੱਧਮ ਵਪਾਰ ਖ਼ਤਮ ਹੋ ਜਾਣਗੇ ਅਤੇ ਸਿਰਫ਼ ਵੱਡੇ ਵਪਾਰੀ ਹੀ ਮੁੱਖ ਤੌਰ 'ਤੇ ਵਪਾਰ ਕਰਨਗੇ। ਇਹ ਸਮਾਜ 'ਚ ਫ਼ਾਸਲਾ ਵਧਾਉਣਗੇ।

ਇੱਥੇ ਅਸੀਂ ਆਰਥਿਕ ਪ੍ਰਭਾਵਾਂ ਦੀ ਚਰਚਾ ਕੀਤੀ, ਪਰ ਇਸ ਦੇ ਸਮਾਜਿਕ ਪ੍ਰਭਾਵ ਤਾਂ ਹੋਰ ਵੀ ਜ਼ਿਆਦਾ ਡੂੰਘਾਈ ਨਾਲ ਦੇਸ਼ 'ਤੇ ਅਸਰ ਕਰਨਗੇ। ਸਭ ਤੋਂ ਪਹਿਲਾਂ ਸਮਾਜਿਕ ਸੰਵੇਦਨਾ ਅਤੇ ਸੰਵੇਦਨਸ਼ੀਲਤਾ 'ਤੇ ਇਸ ਤੋਂ ਉਲਟ ਪ੍ਰਭਾਵ ਪੈ ਰਿਹਾ ਹੈ। ਜਿਸ ਨੂੰ ਬਦਲਾਅ ਤੋਂ ਲਾਭ ਹੋ ਰਿਹਾ ਹੈ, ਉਸ ਨੂੰ ਉਲਟ ਪ੍ਰਭਾਵ ਝੱਲ ਰਹੇ ਸਮਾਜ ਦੀ ਕੋਈ ਚਿੰਤਾ ਨਹੀਂ ਹੈ। ਇਹ ਮੁਕਾਬਲੇ 'ਚ ਬਦਲ ਸਕਦੀ ਹੈ। ਸਾਡੇ ਜਿਹੇ ਸਮਾਜ 'ਚ ਇਹ ਨੁਕਸਾਨਦੇਹ ਹੋ ਸਕਦਾ ਹੈ। ਹਾਂ, ਦੇਸ਼ ਸੱਚਮੁਚ ਬਦਲ ਰਿਹਾ ਹੈ।

**ਸੰਸਥਾਪਕ ਏ.ਡੀ.ਆਰ., ਆਈ.ਆਈ.ਐਮ.**
**ਅਹਿਮਦਾਬਾਦ ਦੇ ਸਾਬਕਾ ਡਾਇਰੈਕਟਰ-ਇਨ-ਚਾਰਜ**

# ਗੁਰਦੁਆਰਾ ਸਾਹਿਬ ਫਰੀਮੌਂਟ ਕਮੇਟੀ ਵਲੋਂ ਸਾਕਾ ਨਕੋਦਰ ਦੇ ਸ਼ਹੀਦਾਂ ਦੀਆਂ ਤਸਵੀਰਾਂ ਕੇਂਦਰੀ ਸਿੱਖ ਅਜਾਇਬ ਘਰ 'ਚ ਲਾਉਣ ਦੀ ਅਪੀਲ

## ਕਮੇਟੀ ਵਲੋਂ ਸ਼ਹੀਦ ਪਰਿਵਾਰਾਂ ਦਾ ਕੀਤਾ ਜਾਵੇਗਾ ਸਨਮਾਨ

**ਸਾਨ ਫਰਾਂਸਿਸਕੋ/ਬਿਊਰੋ ਨਿਊਜ਼ :**
ਗੁਰਦੁਆਰਾ ਸਾਹਿਬ ਫਰੀਮੌਂਟ, ਕੈਲੀਫੋਰਨੀਆ ਦੀ ਕਮੇਟੀ ਦੀ ਇੱਥੇ ਇਕੱਤਰਤਾ ਹੋਈ, ਜਿਸ ਵਿਚ 1986 ਵਿਚ ਵਾਪਰੇ ਸਾਕਾ ਨਕੋਦਰ ਵੱਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ ਦਾ ਧਿਆਨ ਦਿਵਾਉਣ ਲਈ ਗੰਭੀਰ ਵਿਚਾਰ ਵਟਾਂਦਰਾ ਹੋਇਆ। ਜ਼ਿਕਰਯੋਗ ਹੈ ਕਿ 2 ਫਰਵਰੀ 1986 ਨੂੰ ਪੰਜਾਬ ਦੇ ਸ਼ਹਿਰ ਨਕੋਦਰ ਵਿਚ ਮੁਹੱਲਾ ਗੁਰੂ ਨਾਨਕਪੁਰਾ ਦੇ ਗੁਰਦੁਆਰੇ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਚਾਰ ਸਰੂਪ ਸਿੱਖ ਧਰਮ ਵਿਰੋਧੀ ਅਨਸਰਾਂ ਵਲੋਂ ਅਗਨ ਭੇਟ ਕਰ ਦਿੱਤੇ ਗਏ ਸਨ ਤੇ ਬਾਅਦ ਵਿਚ ਚਾਰ ਫਰਵਰੀ 1986 ਨੂੰ ਪੰਜਾਬ ਪੁਲੀਸ ਵਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਵਿਰੁੱਧ ਸ਼ਾਂਤਮਈ ਵਿਖਾਵਾ ਕਰ ਰਹੇ ਸਿੱਖਾਂ 'ਤੇ ਬਿਨਾਂ ਕਿਸੇ ਭੜਕਾਹਟ ਦੇ ਅੰਨ੍ਹੇਵਾਹ ਗੋਲੀਆਂ ਚਲਾ ਦਿੱਤੀਆਂ ਗਈਆਂ ਸਨ, ਜਿਸ ਵਿਚ 4 ਸਿੰਘ ਸ਼ਹੀਦ ਹੋ ਗਏ ਸਨ। ਇਨ੍ਹਾਂ ਸ਼ਹੀਦ ਸਿੰਘਾਂ ਦੇ ਸ਼ਹੀਦੀ ਸਰੂਪ ਵੀ ਪਰਿਵਾਰਾਂ ਨੂੰ ਅੰਤਿਮ ਸੰਸਕਾਰ ਲਈ ਨਾ ਦਿੱਤੇ ਗਏ ਤੇ ਪੁਲੀਸ ਵਲੋਂ ਇਨ੍ਹਾਂ ਨੂੰ ਲਾਵਾਰਿਸ ਅਤੇ ਅਣਪਛਾਤੇ ਕਹਿ ਕੇ ਮਿੱਟੀ ਦਾ ਤੇਲ ਪਾ ਕੇ ਸਾੜ ਦਿੱਤਾ ਗਿਆ।

ਕਮੇਟੀ ਮੈਂਬਰਾਂ ਪਰਮਿੰਦਰ ਸਿੰਘ, ਜਸਦੇਵ ਸਿੰਘ, ਅਰਵਿੰਦਰ ਕੌਰ, ਹਰਿੰਦਰਪਾਲ ਸਿੰਘ ਤੇ ਗੁਰਿੰਦਰ ਸਿੰਘ ਨੇ ਦੁੱਖ ਜ਼ਾਹਰ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਵਲੋਂ ਅੱਜ ਤਕ ਇਸ ਸਬੰਧੀ ਜਸਟਿਸ ਗੁਰਨਾਮ ਸਿੰਘ ਦੀ ਅਦਾਲਤੀ ਜਾਂਚ ਰਿਪੋਰਟ ਵੀ ਜਨਤਕ ਨਹੀਂ ਕੀਤੀ ਗਈ ਅਤੇ 4 ਸਿੱਖ ਨੌਜਵਾਨਾਂ ਦੇ ਕਾਤਲ ਪੁਲੀਸ ਅਧਿਕਾਰੀਆਂ ਖ਼ਿਲਾਫ਼ ਕੋਈ ਕਾਰਵਾਈ ਨਹੀਂ ਹੋਈ। ਤਿੰਨ ਦਹਾਕੇ ਪਹਿਲਾਂ ਹੋਏ ਇਸ ਸ਼ਹੀਦੀ ਸਾਕੇ ਦੀ ਅੱਗ ਅਜੇ ਵੀ ਸਿੱਖਾਂ ਦੇ ਦਿਲਾਂ ਵਿਚ ਬਲ ਰਹੀ ਹੈ ਤੇ ਸ਼ਹੀਦ ਸਿੰਘਾਂ ਦੇ ਪਰਿਵਾਰ ਇਨ੍ਹਾਂ ਨਾ ਭਰਨ ਵਾਲੇ ਜ਼ਖ਼ਮਾਂ ਦੀ ਪੀੜ ਨੂੰ ਨਿਰੰਤਰ ਆਪਣੇ ਅੰਦਰ ਸਮੋਈ ਬੈਠੇ ਹਨ। ਇਨ੍ਹਾਂ ਗੁਰਸਿੱਖ ਨੌਜਵਾਨਾਂ ਨੇ ਪੰਥ ਅਤੇ ਗੁਰੂ ਗ੍ਰੰਥ ਸਾਹਿਬ ਲਈ ਕੁਰਬਾਨੀ ਦੇ ਕੇ ਇਹ ਸਿੱਧ ਕੀਤਾ ਕਿ ਇਕ ਸਿੱਖ ਲਈ ਗੁਰੂ ਦਾ ਸਤਿਕਾਰ ਆਪਣੀ ਜਾਨ ਤੋਂ ਵੀ ਉਪਰ ਹੈ।

ਕੁਰਬਾਨੀ ਦੇਣ ਵਾਲੇ ਇਹ ਸਿੰਘ ਭਾਈ ਰਵਿੰਦਰ ਸਿੰਘ ਲਿੱਤਰਾਂ, ਭਾਈ ਹਰਿਮੰਦਰ ਸਿੰਘ ਸ਼ਾਮ ਚੁਰਾਸੀ, ਭਾਈ ਬਲਧੀਰ ਸਿੰਘ ਫ਼ੌਜੀ ਰਾਮਗੜ੍ਹ ਤੇ ਭਾਈ ਝਲਮਨ ਸਿੰਘ ਰਾਜੋਵਾਲ-ਗੋਰਸੀਆ ਤਾਂ ਆਪਣਾ ਫਰਜ਼ ਨਿਭਾ ਗਏ ਪਰ ਸ਼੍ਰੋਮਣੀ ਕਮੇਟੀ ਵਲੋਂ ਇਨ੍ਹਾਂ ਸਿੱਖ ਸ਼ਹੀਦਾਂ ਦੇ ਚਿੱਤਰ ਕੇਂਦਰੀ ਸਿੱਖ ਅਜਾਇਬ ਘਰ ਵਿਚ ਲਾਉਣ ਦੀ ਆਪਣੀ ਜ਼ਿੰਮੇਵਾਰੀ ਅਜੇ ਤਕ ਨਹੀਂ ਨਿਭਾਈ ਗਈ। ਇਸ ਇਕੱਤਰਤਾ ਵਿਚ ਮਤਾ ਪਾ ਕੇ ਸ਼੍ਰੋਮਣੀ ਕਮੇਟੀ ਨੂੰ ਅਪੀਲ ਕੀਤੀ ਗਈ ਕਿ ਇਨ੍ਹਾਂ ਸ਼ਹੀਦਾਂ ਦੇ 31ਵੇਂ ਸ਼ਹੀਦੀ ਦਿਹਾੜੇ 'ਤੇ ਇਨ੍ਹਾਂ ਦੇ ਚਿੱਤਰ ਕੇਂਦਰੀ ਸਿੱਖ ਅਜਾਇਬ ਘਰ ਵਿਚ ਲਾਏ ਜਾਣ। ਇਹ ਵੀ ਮਤਾ ਪਾਇਆ ਗਿਆ ਕਿ ਇਨ੍ਹਾਂ ਸਿੱਖ ਸ਼ਹੀਦਾਂ ਦੇ ਚਿੱਤਰ ਗੁਰਦੁਆਰਾ ਸਾਹਿਬ ਫਰੀਮੌਂਟ, ਕੈਲੀਫੋਰਨੀਆ ਵਿਚ ਲਾਏ ਜਾਣ ਤੇ ਸ਼ਹੀਦ ਪਰਿਵਾਰਾਂ ਨੂੰ ਸਨਮਾਨਿਤ ਕੀਤਾ ਜਾਵੇਗਾ।

# ਸਿੱਖ ਇਤਿਹਾਸ ਨਾਲ ਛੇੜਛਾੜ ਕਰਨ ਵਾਲੇ ਦਿਲਗੀਰ ਕਾਰਵਾਈ ਲਈ ਅਕਾਲ ਤਖ਼ਤ ਨੂੰ ਪੱਤਰ ਲਿਖਿਆ

**ਅੰਮ੍ਰਿਤਸਰ/ਬਿਊਰੋ ਨਿਊਜ਼ :** ਸਿੱਖ ਵਿਦਵਾਨ ਹਰਜਿੰਦਰ ਸਿੰਘ ਦਿਲਗੀਰ ਵੱਲੋਂ ਇੱਕ ਵੀਡੀਓ ਰਾਹੀਂ ਸਿੱਖ ਇਤਿਹਾਸ ਸਬੰਧੀ ਕੀਤੀਆਂ ਵਿਵਾਦਿਤ ਟਿੱਪਣੀਆਂ ਦਾ ਮਾਮਲਾ ਨਸ਼ਰ ਹੋਣ ਉਪਰੰਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇਸ ਸਬੰਧ ਵਿੱਚ ਕਾਰਵਾਈ ਲਈ ਸ੍ਰੀ ਅਕਾਲ ਤਖ਼ਤ ਨੂੰ ਪੱਤਰ ਲਿਖਿਆ ਹੈ। ਇਸ ਬਾਰੇ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਕਿਹਾ ਕਿ ਇਸ ਮਾਮਲੇ ਨੂੰ ਪੰਜ ਸਿੰਘ ਸਾਹਿਬਾਨ ਦੀ ਅਗਲੀ ਇਕੱਤਰਤਾ ਵਿੱਚ ਵਿਚਾਰਿਆ ਜਾਵੇਗਾ। ਸ਼੍ਰੋਮਣੀ ਕਮੇਟੀ ਦੇ ਬੁਲਾਰੇ ਨੇ ਦੱਸਿਆ ਕਿ ਹਰਜਿੰਦਰ ਸਿੰਘ ਦਿਲਗੀਰ ਵੱਲੋਂ ਸੋਸ਼ਲ ਮੀਡੀਆ 'ਤੇ ਪਾਈ ਗਈ ਇੱਕ ਵੀਡੀਓ ਰਾਹੀਂ ਦਸਮ ਪਾਤਸ਼ਾਹ ਦੇ ਛੋਟੇ ਸਾਹਿਬਜ਼ਾਦਿਆਂ ਨੂੰ ਸੂਬਾ ਸਰਹਿੰਦ ਕੋਲ ਗ੍ਰਿਫ਼ਤਾਰ ਕਰਵਾਉਣ ਵਾਲੇ ਗੰਗੂ ਨੂੰ ਨਿਰਦੋਸ਼ ਦੱਸਿਆ ਗਿਆ ਸੀ। ਇਸੇ ਤਰ੍ਹਾਂ ਟੋਡਰ ਮੱਲ ਦੀ ਥਾਂ ਉਸ ਦੇ ਪਰਿਵਾਰ ਵੱਲੋਂ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਦਾ ਸਸਕਾਰ ਕਰਨ ਦੀ ਗੱਲ ਆਖੀ ਗਈ ਸੀ। ਇਸੇ ਤਰ੍ਹਾਂ ਮੋਤੀ ਰਾਮ ਮਹਿਰਾ ਵੱਲੋਂ ਸਾਹਿਬਜ਼ਾਦਿਆਂ ਤੇ ਮਾਤਾ ਗੁਜਰੀ ਨੂੰ ਦੁੱਧ ਪਿਲਾਉਣ 'ਤੇ ਸ਼ੱਕ ਪ੍ਰਗਟ ਕੀਤਾ ਗਿਆ ਸੀ। ਉਸ ਦੇ ਇਸ ਬਿਆਨ ਤੋਂ ਬਾਅਦ ਸਿੱਖ ਕੌਮ ਵਿੱਚ ਰੋਸ ਹੈ

# ਮੁੰਡੇ-ਕੁੜੀ ਦੇ ਭੇਦਭਾਵ ਖ਼ਿਲਾਫ਼ ਲੜਾਈ ਵਿੱਢਣ ਵਾਲੀ ਬੱਚੀ ਮੁਸਕਾਨ ਦਾ ਸਨਮਾਨ

**ਨਿਊਯਾਰਕ/ਬਿਊਰੋ ਨਿਊਜ਼ :** ਵੈਨਕੂਵਰ (ਕੇਨੈਡਾ) ਦੀ 10 ਸਾਲਾ ਬੱਚੀ ਮੁਸਕਾਨ ਨੇ ਆਪਣੀ ਛੋਟੀ ਉਮਰ ਵਿਚ ਕਈ ਅਚੰਭੇ ਵਾਲੇ ਕੰਮ ਕਰਕੇ ਇਤਿਹਾਸ ਸਿਰਜਿਆ ਹੈ। ਉਸ ਨੂੰ ਛੇ ਸਾਲ ਦੀ ਉਮਰ ਵਿਚ ਪਤਾ ਲਗਾ ਕਿ ਸਾਡੇ ਸਮਾਜ ਵਿਚ ਮੁੰਡਿਆਂ ਅਤੇ ਕੁੜੀਆਂ ਵਿਚ ਏਨਾ ਭੇਦ-ਭਾਵ ਹੈ ਕਿ ਕੁੜੀਆਂ ਨੂੰ ਪੇਟ ਵਿਚ ਮਾਰ ਦਿੱਤਾ ਜਾਂਦਾ ਹੈ। ਇਸ ਗੱਲ ਨੇ ਉਸ ਨੂੰ ਐਨਾ ਬੇਚੈਨ ਕੀਤਾ ਕਿ ਉਸ ਨੇ ਇਸ ਵਿਰੁੱਧ ਲੜਾਈ ਲੜਨ ਵਿੱਢਣ ਦਾ ਫੈਸਲਾ ਕੀਤਾ।



ਉਸ ਨੇ ਪਾਕਿਸਤਾਨੀ ਲੜਕੀ ਮਲਾਲਾ ਦੀ ਕਿਤਾਬ ਪੜ੍ਹੀ। ਜਿੱਥੋਂ ਉਸ ਦੀ ਭਾਵੁਕਤਾ ਹੋਰ ਵੀ ਸੰਜੀਦਗੀ ਨਾਲ ਪ੍ਰਫੁੱਲਤ ਹੋਈ। ਉਸ ਨੇ ਆਪਣਾ ਜੇਬ ਖਰਚ ਘਟਾ ਕੇ ਮਲਾਲਾ ਦੀ ਫਾਊਂਡੇਸ਼ਨ ਲਈ ਫੰਡ ਜੁਟਾਇਆ। ਉਸ ਨੇ ਸਕੂਲ ਦੇ ਬੱਚਿਆਂ ਕੋਲੋਂ 1200 ਡਾਲਰ ਇਕੱਠੇ ਕਰਕੇ ਮਲਾਲਾ ਦੀ ਫਾਊਂਡੇਸ਼ਨ ਲਈ ਪੈਸੇ ਭੇਜੇ। ਫਿਰ ਉਸ ਨੇ ਡੇਢ ਸਾਲ ਦੀ ਮਿਹਨਤ ਨਾਲ 365 ਸਫਿਆਂ ਦੀ ਆਪਣੀਆਂ ਭਾਵਨਾਵਾਂ ਜ਼ਾਹਰ ਕਰਦੀ ਕਿਤਾਬ ਲਿਖੀ। ਉਸ ਨੇ Helping Hand ਨਾਮੀ ਆਪਣੀ ਫਾਊਂਡੇਸ਼ਨ ਬਣਾਈ। ਇਸ ਰਾਹੀਂ ਉਹ ਫੰਡ ਇਕੱਠਾ ਕਰਕੇ ਲੋੜਵੰਦ ਬੱਚਿਆਂ ਨੂੰ ਭੇਜਦੀ ਹੈ। ਆਸ ਹੈ ਕਿ ਇਹ ਬੱਚੀ ਜਿੱਥੇ ਆਪਣਾ ਨਾਮ ਰੌਸ਼ਨ ਕਰੇਗੀ, ਉਥੇ ਆਪਣੀ ਕੌਮ ਅਤੇ ਦੇਸ਼ ਦਾ ਨਾਮ ਵੀ ਦੁਨੀਆ ਭਰ ਵਿਚ ਚਮਕਾਏਗੀ। ਉਸ ਨੇ ਇਸ ਤਰ੍ਹਾਂ ਦੀਆਂ ਤਿੰਨ ਹੋਰ ਕਿਤਾਬਾਂ 'ਤੇ ਕੰਮ ਕਰਨਾ ਸ਼ੁਰੂ ਕੀਤਾ ਹੈ। ਭਾਈ ਗੁਰਮੇਲ ਸਿੰਘ ਸਾਬਕਾ ਹਜ਼ੂਰੀ ਰਾਗੀ ਨੇ ਨਿਊਯਾਰਕ ਵਿਚ ਉਨ੍ਹਾਂ ਦੀ ਜਾਣ-ਪਹਿਚਾਣ ਕਰਵਾਈ, ਜਿੱਥੇ ਸੰਗਤਾਂ ਨੇ ਉਸ ਦਾ ਸਨਮਾਨ ਕੀਤਾ। ਅਮਰੀਕ ਸਿੰਘ ਟਾਹਲੀ ਨੇ ਕਿਹਾ ਕਿ ਉਨ੍ਹਾਂ ਨੂੰ ਇਸ ਬੱਚੀ ਤੋਂ ਬੜੀਆਂ ਆਸਾਂ ਹਨ। ਪ੍ਰਧਾਨ ਰਘਬੀਰ ਸਿੰਘ ਬੱਬੀ ਅਤੇ ਸਕੱਤਰ ਦਲੇਰ ਸਿੰਘ ਨੇ ਬੱਚੀ ਨੂੰ ਸ਼ੁਭ ਕਾਮਨਾਵਾਂ ਦਿੱਤੀਆਂ। ਸਮੁੱਚੀ ਕਮੇਟੀ ਨੇ ਮਿਲ ਕੇ ਮੁਸਕਾਨ ਨੂੰ ਸਨਮਾਨ ਵਜੋਂ ਪਲੈਕ ਭੇਟ ਕੀਤੀ ਅਤੇ ਸਿਰੋਪਉ ਦੀ ਬਖਸ਼ਿਸ਼ ਕੀਤੀ। ਕਮੇਟੀ ਨੇ ਵਾਅਦਾ ਕੀਤਾ ਕਿ ਮੁਸਕਾਨ ਦੀ ਅਗਲੀ ਕਿਤਾਬ 'ਤੇ ਉਸ ਨੂੰ ਗੋਲਡ ਮੈਡਲ ਨਾਲ ਸਨਮਾਨਿਤ ਕੀਤਾ ਜਾਵੇਗਾ।

# ਅਰਦਾਸ ਵੇਲੇ ਮੈਂ ਸਮਾਗਮ ਵਿੱਚ ਹਾਜ਼ਰ ਨਹੀਂ ਸੀ : ਮੇਜਰ ਸਿੰਘ

**ਅੰਮ੍ਰਿਤਸਰ/ਬਿਊਰੋ ਨਿਊਜ਼ :** ਸਿੱਖ ਅਰਦਾਸ ਦੀ ਨਕਲ ਦੇ ਮਾਮਲੇ ਵਿੱਚ ਰਾਮਪੁਰਾ ਫੂਲ ਤੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਮੈਂਬਰ ਮੇਜਰ ਸਿੰਘ ਨੇ ਸ੍ਰੀ ਅਕਾਲ ਤਖ਼ਤ ਦੇ ਸਕੱਤਰੇਤ ਵਿਖੇ ਆਪਣਾ ਸਪਸ਼ਟੀਕਰਨ ਦਿੱਤਾ ਹੈ, ਜਿਸ ਵਿੱਚ ਉਨਾਂ ਨੇ ਦਾਅਵਾ ਕੀਤਾ ਕਿ ਉਹ ਅਰਦਾਸ ਵੇਲੇ ਸਮਾਗਮ ਵਿੱਚ ਹਾਜ਼ਰ ਨਹੀਂ ਸਨ। ਸ੍ਰੀ ਮੇਜਰ ਸਿੰਘ ਆਪਣੇ ਸਮਰਥਕਾਂ ਸਮੇਤ ਸ੍ਰੀ ਅਕਾਲ ਤਖ਼ਤ ਦੇ ਸਕੱਤਰੇਤ ਵਿਖੇ ਪੁੱਜੇ ਸਨ, ਜਿੱਥੇ ਉਹ ਇੰਚਾਰਜ ਪ੍ਰੋ. ਸੁਖਦੇਵ ਸਿੰਘ ਨੂੰ ਮਿਲੇ। ਇਸ ਮੌਕੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਹਾਜ਼ਰ ਨਹੀਂ ਸਨ ਪਰ ਸ਼੍ਰੋਮਣੀ ਕਮੇਟੀ ਮੈਂਬਰ ਨੇ ਆਪਣਾ ਲਿਖਤੀ ਸਪਸ਼ਟੀਕਰਨ ਸਕੱਤਰੇਤ ਵਿਖੇ ਦਿੱਤਾ। ਆਪਣੇ ਸਪਸ਼ਟੀਕਰਨ ਵਿੱਚ ਆਪਣੇ ਆਪ ਨੂੰ ਸ੍ਰੀ ਅਕਾਲ ਤਖ਼ਤ ਨੂੰ ਸਮਰਪਿਤ ਹੋਣ ਦਾ ਦਾਅਵਾ ਕਰਦਿਆਂ ਉਨਾਂ ਆਖਿਆ ਕਿ ਇਸ ਮਾਮਲੇ ਵਿੱਚ ਜਦੋਂ ਵੀ ਗਿਆਨੀ ਗੁਰਬਚਨ ਸਿੰਘ ਵੱਲੋਂ ਉਨਾਂ ਨੂੰ ਸੱਦਿਆ ਜਾਵੇਗਾ, ਉਹ ਹਾਜ਼ਰ ਹੋਣਗੇ। ਆਪਣੇ ਆਪ ਨੂੰ ਇਸ ਮਾਮਲੇ ਵਿੱਚ ਨਿਰਦੋਸ਼ ਦੱਸਦਿਆਂ ਉਨਾਂ ਆਖਿਆ ਕਿ ਉਸ ਸਮਾਗਮ ਵਿੱਚ ਸ਼ਾਮਲ ਹੋਏ ਸਨ ਅਤੇ ਮੱਥਾ ਟੇਕਿਆ ਸੀ। ਮੱਥਾ ਟੇਕਣ ਤੋਂ ਬਾਅਦ ਜਦੋਂ ਤਿਲਕ ਲਾਉਣ ਲਈ ਆਖਿਆ ਤਾਂ ਉਨਾਂ ਨੇ ਮਨਾਂ ਕਰ ਦਿੱਤਾ। ਇਸ ਦੌਰਾਨ ਉਹ ਵਾਪਸ ਚਲੇ ਗਏ ਸਨ। ਜਦੋਂ ਅਰਦਾਸ ਹੋਈ ਤਾਂ ਉਹ ਸਮਾਗਮ ਵਿੱਚ ਹਾਜ਼ਰ ਨਹੀਂ ਸਨ। ਸਮਾਗਮ ਦੀ ਸਮਾਪਤੀ ਮਗਰੋਂ ਜਦੋਂ ਰੋਡ ਸ਼ੋਅ ਸ਼ੁਰੂ ਹੋਇਆ ਤਾਂ ਉਹ ਉਸ ਵੇਲੇ ਰੋਡ ਸ਼ੋਅ ਵਿੱਚ ਸ਼ਾਮਲ ਹੋਏ ਸਨ। ਸਿੱਖ ਅਰਦਾਸ ਨਾਲ ਮਿਲਦੀ-ਜੁਲਦੀ ਅਰਦਾਸ ਬਾਰੇ ਉਨਾਂ ਆਖਿਆ ਕਿ ਇਹ ਸਿੱਖ ਅਰਦਾਸ ਦੀ ਨਕਲ ਹੈ ਅਤੇ ਜਾਣਬੁੱਝ ਕੇ ਬਣਾਈ ਗਈ ਹੈ। ਅਰਦਾਸ ਨੂੰ ਤੋੜ-ਮਰੋੜ ਕੇ ਪੇਸ਼ ਕਰਨਾ ਸਮਾਜ ਵਿੱਚ ਵੰਡ ਪੈਦਾ ਕਰਨ ਦੇ ਬਰਾਬਰ ਹੈ। ਉਨਾਂ ਆਖਿਆ ਕਿ ਉਹ ਬਤੌਰ ਸਿੱਖ ਸਾਰੇ ਧਰਮਾਂ ਦਾ ਸਤਿਕਾਰ ਕਰਦੇ ਹਨ ਪਰ ਕਿਸੇ ਵੀ ਧਰਮ ਦੇ ਸ਼ਰਧਾਲੂਆਂ ਦੇ ਮਨਾਂ ਨੂੰ ਠੇਸ ਨਹੀਂ ਪਹੁੰਚਾਉਣੀ ਚਾਹੀਦੀ। ਉਨਾਂ ਆਖਿਆ ਕਿ ਉਹ ਭਾਵੇਂ ਬੇਕਸੂਰ ਹਨ ਪਰ ਜੇਕਰ ਅਕਾਲ ਤਖ਼ਤ ਵੱਲੋਂ ਕੋਈ ਸੇਵਾ ਵੀ ਬਖ਼ਸ਼ੀ ਗਈ ਤਾਂ ਉਹ ਸਿਰ ਮੱਥੇ ਪ੍ਰਵਾਨ ਕਰਨਗੇ।



## ਏਜੀਪੀਸੀ ਨੇ ਸ੍ਰੀ ਅਕਾਲ ਤਖ਼ਤ ਨੂੰ ਠੋਸ ਫੈਸਲਾ ਲੈਣ ਦੀ ਕੀਤੀ ਅਪੀਲ

**ਵਾਸ਼ਿੰਗਟਨ ਡੀ. ਸੀ./ਬਿਊਰੋ ਨਿਊਜ਼:** ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ (ਏਜੀਪੀਸੀ) ਨੇ ਸਿੱਖਾਂ ਦੀ ਸਰਵਉੱਚ ਧਾਰਮਿਕ ਸੰਸਥਾ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਗੁਰਬਚਨ ਸਿੰਘ ਨੂੰ ਜਾਰੀ ਅਪੀਲ 'ਚ ਬਾਦਲ ਸਰਕਾਰ ਦੇ ਸੀਨੀਅਰ ਸਿਕੰਦਰ ਸਿੰਘ ਮਲੂਕਾ ਵੱਲੋਂ ਆਪਣੇ ਦਫਤਰ ਦੇ ਉਦਘਾਟਨ ਮੌਕੇ ਕੀਤੀ ਗਈ ਅਰਦਾਸ ਦੀ ਬੇਅਦਬੀ ਸਬੰਧੀ ਠੋਸ ਕਦਮ ਉਠਾਉਣ ਲਈ ਮੰਗ ਕੀਤੀ ਹੈ। ਉਨ੍ਹਾਂ ਕਿਹਾ ਕਿ ਉਹ ਮੰਤਰੀ ਜੋ ਆਪਣੇ-ਆਪ ਨੂੰ ਅਖੌਤੀ ਪੰਥਕ ਨੇਤਾ ਅਖਵਾਉਂਦੇ ਹਨ, ਦਾ ਅਸਲੀ ਕਿਰਦਾਰ ਵੀ ਇਸ ਘਟਨਾ ਉਪਰੰਤ ਜੱਗ ਜਾਹਿਰ ਹੋਇਆ ਹੈ ਕਿ ਕਿਸ ਤਰ੍ਹਾਂ ਉਹ ਸਿੱਖੀ ਰਵਾਇਤਾਂ ਨੂੰ ਢਾਹ ਲਾ ਰਹੇ ਹਨ। ਏਜੀਪੀਸੀ ਦੇ ਪ੍ਰਧਾਨ ਸ. ਜਸਵੰਤ ਸਿੰਘ ਹੋਠੀ ਅਤੇ ਕੋਆਰਡੀਨੇਟਰ ਡਾ. ਪ੍ਰਿਤਪਾਲ ਸਿੰਘ ਨੇ ਕਿਹਾ ਕਿ ਇਸ ਤੋਂ ਪਹਿਲਾਂ ਇਸੇ ਸਰਕਾਰ ਦੌਰਾਨ

ਬਾਕੀ ਸਫ਼ਾ 36 'ਤੇ

## ਪੰਜ ਪਿਆਰਿਆਂ ਨੇ ਮਲੂਕਾ ਦੇ ਬਾਈਕਾਟ ਦੀ ਕੀਤੀ ਅਪੀਲ

**ਅੰਮ੍ਰਿਤਸਰ :** ਸ੍ਰੀ ਅਕਾਲ ਤਖਤ ਸਾਹਿਬ ਦੇ ਬਰਖਾਸਤ ਪੰਜ ਪਿਆਰਿਆਂ ਨੇ ਅਰਦਾਸ ਦੀ ਬੇਅਦਬੀ ਮਾਮਲੇ ਵਿਚ ਸਿੱਖ ਪੰਥ ਨੂੰ ਅਪੀਲ ਕੀਤੀ ਹੈ ਕਿ ਕੈਬਨਿਟ ਮੰਤਰੀ ਸਿਕੰਦਰ ਸਿੰਘ ਮਲੂਕਾ ਦਾ ਬਾਈਕਾਟ ਕੀਤਾ ਜਾਵੇ। ਇਥੇ ਜਾਰੀ ਬਿਆਨ ਵਿਚ ਸਾਬਕਾ ਪੰਜ ਪਿਆਰਿਆਂ ਭਾਈ ਸਤਨਾਮ ਸਿੰਘ ਖੰਡਾ, ਭਾਈ ਮੰਗਲ ਸਿੰਘ, ਭਾਈ ਮੇਜਰ ਸਿੰਘ, ਭਾਈ ਸਤਨਾਮ ਸਿੰਘ ਖਾਲਸਾ ਤੇ ਭਾਈ ਤਰਲੋਕ ਸਿੰਘ ਨੇ ਕਿਹਾ ਕਿ ਸਿਕੰਦਰ ਸਿੰਘ ਮਲੂਕਾ ਵੱਲੋਂ ਆਪਣੇ ਚੋਣ ਦਫਤਰ ਦੀ ਆਰੰਭਤਾ ਵੇਲੇ ਸਿੱਖ ਅਰਦਾਸ ਨਾਲ ਕੀਤੀ ਛੇੜਛਾੜ ਨਾਲ ਸਿੱਖ ਜਗਤ ਦੇ ਹਿਰਦੇ ਵਲੂੰਧਰੇ ਗਏ ਹਨ। ਉਨ੍ਹਾਂ ਕਿਹਾ ਕਿ ਇਨ੍ਹਾਂ ਸਿਆਸੀ ਅਖੌਤੀ ਆਗੂਆਂ ਨੇ ਸ੍ਰੀ ਗੁਰੂ ਗ੍ਰਥ ਸਾਹਿਬ ਤੇ ਗੁਰੂ ਪੰਥ ਤੋਂ ਮੂੰਹ ਫੇਰ ਕੇ ਗੁਰੂ ਦੋਖੀਆਂ ਦੀ ਕਤਾਰ ਵਿਚ ਖੜ੍ਹੇ ਹੋਣ ਦਾ ਕਰੂਰ ਫੈਸਲਾ ਕਰ ਲਿਆ ਹੈ ਜੋ ਨਿੰਦਣਯੋਗ ਹੈ। ਉਨ੍ਹਾਂ ਸਮੂਹ ਪੰਥ ਨੂੰ ਅਪੀਲ ਕੀਤੀ ਕਿ ਸਿਕੰਦਰ ਸਿੰਘ ਮਲੂਕਾ ਨੂੰ ਪੰਥ ਬਿਲਕੂਲ ਮੂੰਹ ਨਾ ਲਾਵੇ ਤੇ ਉਸ ਦਾ ਬਾਈਕਾਟ ਕੀਤਾ ਜਾਵੇ।

## ਮਲੂਕਾ ਦੀ ਮੁਆਫੀ ਨਾਲ ਮਸਲਾ ਖਤਮ ਨਹੀ ਹੁੰਦਾ; ਕਿਉਕਿ ਚਿੰਤਾ ਦਾ ਵਿਸ਼ਾ ਅਰਦਾਸ ਦੀ ਨਕਲ ਹੈ : ਦਲ ਖ਼ਾਲਸਾ

**ਅੰਮ੍ਰਿਤਸਰ/ਸਿੱਖ ਸਿਆਸਤ ਬਿਊਰੋ:** ਦਲ ਖ਼ਾਲਸਾ ਨੇ ਸਪੱਸ਼ਟ ਸ਼ਬਦਾਂ ਵਿੱਚ ਕਿਹਾ ਹੈ ਕਿ ਅਕਾਲੀ ਮੰਤਰੀ ਸਿਕੰਦਰ ਸਿੰਘ ਮਲੂਕਾ ਦੀ ਮੁਆਫੀ ਨਾਲ ਮਸਲਾ ਖਤਮ ਨਹੀ ਹੁੰਦਾ ਕਿਉਂਕਿ ਸਮਸਿਆ ਦੀ ਜੜ੍ਹ ਅਤੇ ਚਿੰਤਾ ਦਾ ਵਿਸ਼ਾ ਅਰਦਾਸ ਦੀ ਨਕਲ ਹੈ ਅਤੇ ਇਸ ਸਮੱਸਿਆ ਨਾਲ ਨਜਿੱਠਣਾ ਸਿੱਖ ਪੰਥ ਲਈ ਬੇਹੱਦ ਜ਼ਰੂਰੀ ਹੈ। ਜਥੇਬੰਦੀ ਨੇ ਕਿਹਾ ਕਿ ਸਿੱਖ ਅਰਦਾਸ ਦੀ ਨਕਲ ਕਰਕੇ ਇਸਨੂੰ ਹਿੰਦੂ ਅਰਦਾਸ ਵਾਂਗ ਪੇਸ਼ ਕਰਨਾ ਸ਼ਰਾਰਤੀ ਅਤੇ ਈਰਖਾਲੂ ਮਾਨਸਿਕਤਾ ਦੀ ਉਪਜ ਹੈ। ਦਲ ਖ਼ਾਲਸਾ ਦੇ ਪ੍ਰਧਾਨ ਹਰਪਾਲ ਸਿੰਘ ਚੀਮਾ ਅਤੇ ਬੁਲਾਰੇ ਕੰਵਰਪਾਲ ਸਿੰਘ ਨੇ ਖਦਸ਼ਾ ਜਤਾਇਆ ਕਿ ਅਕਾਲੀ ਸਰਕਾਰ ਮਲੂਕੇ ਦੀ ਮੁਆਫੀ ਨੂੰ ਆਧਾਰ ਬਣਾ ਕੇ ਮਸਲਾ ਰਫਾ-ਦਫਾ ਕਰ ਸਕਦੀ ਹੈ। ਉਨ੍ਹਾਂ ਕਿਹਾ ਕਿ ਅਸਲ ਮੁੱਦਾ ਅਰਦਾਸ ਦੀ ਨਕਲ ਕਰਨਾ ਅਤੇ ਉਸ ਦਾ ਹਿੰਦੂਕਰਨ ਕਰਨਾ ਹੈ, ਜੋ ਕਾਬਲੇ-ਬਰਦਾਸ਼ਤ ਨਹੀਂ। ਉਨ੍ਹਾਂ ਕਿਹਾ ਕਿ ਹਿੰਦੂਵਾਦੀ ਤਾਕਤਾਂ ਆਪਣੇ ਖ਼ਤਰਨਾਕ ਮਨਸੂਬਿਆਂ ਨਾਲ ਦੋਵਾਂ ਧਰਮਾਂ ਦੇ ਲੋਕਾਂ ਨੂੰ ਫਿਰਕਾਪ੍ਰਸਤੀ ਦੀ ਭੱਠੀ ਵਿਚ ਝੋਕਣਾ ਚਾਹੁੰਦੀਆਂ ਹਨ। ਉਨਾਂ ਅੱਗੇ ਕਿਹਾ, 'ਇਹ ਹਰਕਤ ਉਸ ਕਟੱੜਪੰਥੀ ਹਿੰਦੂ ਮਾਨਸਿਕਤਾ ਨੂੰ ਦਰਸਾਉਂਦੀ ਹੈ, ਜਿਸ ਨੇ ਪਹਿਲਾਂ ਦੁਰਗਿਆਣਾ ਮੰਦਰ ਨੂੰ ਦਰਬਾਰ ਸਾਹਿਬ ਦੀ ਨਕਲ ਕਰਕੇ ਬਰਾਬਰ 'ਤੇ ਖੜ੍ਹਾ ਕੀਤਾ, ਹੁਣ ਉਸੇ ਮਾਨਸਿਕਤਾ ਨੇ ਅਰਦਾਸ ਦੀ ਨਕਲ ਕੀਤੀ ਹੈ। ਉਨ੍ਹਾਂ ਸ਼੍ਰੋਮਣੀ ਕਮੇਟੀ ਵਲੋਂ ਬਣਾਏ ਜਾਂਚ ਪੈਨਲ 'ਤੇ ਟਿੱਪਣੀ ਕਰਦਿਆਂ ਕਿਹਾ ਕਿ ਆਪਣੇ ਮੈਂਬਰਾਂ (ਜੋ ਅਕਾਲੀ ਦਲ ਨਾਲ ਹੀ ਸਬੰਧਤ ਹਨ) ਰਾਹੀਂ ਜਾਂਚ ਕਰਵਾਉਣ ਦਾ ਅਰਥ ਸੰਗਤਾਂ ਦੀਆਂ ਅੱਖਾਂ ਵਿੱਚ ਧੂੜ ਪਾਉਣਾ ਹੈ। ਉਨ੍ਹਾਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਪ੍ਰੋਫੈਸਰ ਕਿਰਪਾਲ ਸਿੰਘ ਬੰਡੂਗਰ ਨੂੰ ਕਿਹਾ ਹੈ ਕਿ ਉਹ ਮੁੱਦੇ ਦੇ ਮਾਹਰਾਂ ਅਤੇ ਨਾਮਵਰ ਵਿਦਵਾਨਾਂ ਤੇ ਇਤਿਹਾਸਕਾਰਾਂ ਨੂੰ ਜ਼ਿੰਮੇਵਾਰੀ ਦੇਣ ਅਤੇ ਹਿੰਦੂ ਸੰਸਥਾ 'ਰਮਾਇਣ ਪ੍ਰਚਾਰ ਮੰਡਲ ਰਾਮਪੁਰਾ ਫੂਲ' ਜਿਨ੍ਹਾਂ ਨੇ ਪ੍ਰੋਗਰਾਮ ਵਿੱਚ ਅਹਿਮ ਭੂਮਿਕਾ ਨਿਭਾਈ, ਉਨ੍ਹਾਂ ਦੇ ਅਧਿਕਾਰੀਆਂ ਨੂੰ ਸੱਦ ਕਿ ਇਸ ਗੱਲ ਦੀ ਜਾਂਚ ਕਰਨ ਕਿ ਇਹ ਨਕਲ ਕੀਤੀ ਅਰਦਾਸ ਕਿਸ ਨੇ ਬਣਾਈ, ਕਦੋਂ ਤੋਂ ਬਣੀ, ਕਿਸ ਹਿੰਦੂ ਗ੍ਰੰਥ ਵਿੱਚ ਇਸ ਦੇ ਪ੍ਰਮਾਣ ਹਨ ਅਤੇ ਇਹ ਕਦੋਂ ਤੋਂ ਮੰਦਰਾਂ ਵਿੱਚ ਪੜ੍ਹੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਉਹ ਇਸ ਸੰਵੇਦਣਸ਼ੀਲ ਮੁੱਦੇ 'ਤੇ ਗੱਲ ਕਰਨ ਲਈ ਪ੍ਰੋ. ਬੰਡੂਗਰ ਨੂੰ ਮਿਲਣਗੇ।

## ਮਲੂਕਾ ਨੇ ਅਕਾਲ ਤਖ਼ਤ 'ਤੇ ਕੋਈ ਲਿਖਤੀ ਮੁਆਫ਼ੀ ਨਹੀਂ ਭੇਜੀ

**ਅੰਮ੍ਰਿਤਸਰ/ਬਿਊਰੋ ਨਿਊਜ਼ :** ਸਿੱਖ ਅਰਦਾਸ ਦੀ ਨਕਲ ਦੇ ਮਾਮਲੇ ਵਿੱਚ ਕੈਬਨਿਟ ਮੰਤਰੀ ਸਿਕੰਦਰ ਸਿੰਘ ਮਲੂਕਾ ਨੇ ਮੀਡੀਆ ਵਿੱਚ ਸਿੱਖ ਪੰਥ ਕੋਲੋਂ ਮਾਫੀ ਮੰਗ ਲਈ ਹੈ ਪਰ ਇਸ ਸਬੰਧੀ ਹੁਣ ਤੱਕ ਲਿਖਤੀ ਤੌਰ 'ਤੇ ਸ੍ਰੀ ਅਕਾਲ ਤਖ਼ਤ ਵਿਖੇ ਕੋਈ ਪੱਤਰ ਨਹੀਂ ਪੁੱਜਾ ਹੈ। ਦੂਜੇ ਪਾਸੇ ਸਿੱਖ ਜਥੇਬੰਦੀ ਦਲ ਖਾਲਸਾ ਨੇ ਆਖਿਆ ਕਿ ਅਕਾਲੀ ਮੰਤਰੀ ਦੀ ਮੁਆਫੀ ਨਾਲ ਮਸਲਾ ਖ਼ਤਮ ਨਹੀਂ ਹੁੰਦਾ ਕਿਉਂਕਿ ਸਮੱਸਿਆ ਦੀ ਜੜ੍ਹ ਅਤੇ ਚਿੰਤਾ ਦਾ ਵਿਸ਼ਾ ਅਰਦਾਸ ਦੀ ਨਕਲ ਹੈ। ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਵੱਲੋਂ ਇਸ ਮਾਮਲੇ ਦੀ ਜਾਂਚ ਲਈ ਸ਼੍ਰੋਮਣੀ ਕਮੇਟੀ ਨੂੰ ਆਦੇਸ਼ ਦਿੱਤੇ ਗਏ ਸਨ ਅਤੇ ਸ਼੍ਰੋਮਣੀ ਕਮੇਟੀ ਵੱਲੋਂ ਮਾਮਲੇ ਦੀ ਜਾਂਚ ਲਈ ਤਿੰਨ ਮੈਂਬਰੀ ਕਮੇਟੀ ਦਾ ਗਠਨ ਕੀਤਾ ਗਿਆ ਹੈ, ਜੋ 15 ਦਿਨਾਂ ਵਿੱਚ ਆਪਣੀ ਜਾਂਚ ਰਿਪੋਰਟ ਸ੍ਰੀ ਅਕਾਲ ਤਖ਼ਤ ਨੂੰ ਸੌਂਪੇਗੀ। ਇਸ ਦੌਰਾਨ ਸ੍ਰੀ ਮਲੂਕਾ ਨੇ ਮੀਡੀਆ ਵਿਚ ਆਖਿਆ ਉਹ ਇਸ ਮਾਮਲੇ ਵਿੱਚ ਸ੍ਰੀ ਅਕਾਲ ਤਖ਼ਤ ਅੱਗੇ ਨਤਮਸਤਕ ਹਨ ਪਰ ਇਸ ਮਾਮਲੇ ਸਬੰਧੀ ਸ੍ਰੀ ਅਕਾਲ ਤਖ਼ਤ ਵਿਖੇ ਉਨ੍ਹਾਂ ਵਲੋਂ ਕੋਈ ਪੱਤਰ ਨਹੀਂ ਪੁੱਜਾ ਹੈ। ਇਸ ਦੀ ਪੁਸ਼ਟੀ ਸ੍ਰੀ ਅਕਾਲ ਤਖ਼ਤ ਦੇ ਸਕੱਤਰੇਤ ਵੱਲੋਂ ਕੀਤੀ ਗਈ ਹੈ।

## ਮੁਤਵਾਜ਼ੀ ਜਥੇਦਾਰਾਂ ਵਲੋਂ ਮਲੂਕਾ ਤੇ ਸਤਨਾਮ ਸਿੰਘ ਭਾਈ ਰੂਪਾ 9 ਜਨਵਰੀ ਨੂੰ ਤਲਬ

**ਅੰਮ੍ਰਿਤਸਰ/ਬਿਊਰੋ ਨਿਊਜ਼ :** ਮੁਤਵਾਜ਼ੀ ਜਥੇਦਾਰਾਂ ਨੇ ਅਰਦਾਸ ਦੀ ਨਕਲ ਦੇ ਮਾਮਲੇ ਵਿੱਚ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਦੇ ਬਰਾਬਰ ਕਾਰਵਾਈ ਕਰਦਿਆਂ ਪੰਜਾਬ ਸਰਕਾਰ ਦੇ ਕੈਬਨਿਟ ਮੰਤਰੀ ਸਿਕੰਦਰ ਸਿੰਘ ਮਲੂਕਾ ਅਤੇ ਸ਼੍ਰੋਮਣੀ ਕਮੇਟੀ ਦੇ ਸਾਬਕਾ ਮੈਂਬਰ ਸਤਨਾਮ ਸਿੰਘ ਭਾਈ ਰੂਪਾ ਨੂੰ ਆਪਣਾ ਪੱਖ ਪੇਸ਼ ਕਰਨ ਲਈ 9 ਜਨਵਰੀ ਨੂੰ ਅਕਾਲ ਤਖ਼ਤ 'ਤੇ ਤਲਬ ਕਰ ਲਿਆ ਹੈ। ਇਸ ਤੋਂ ਇਲਾਵਾ ਨੀਲਧਾਰੀ ਸੰਪਰਦਾ ਦੇ ਬਾਬਾ ਸਤਨਾਮ ਸਿੰਘ ਪਿਪਲੀ ਵਾਲੇ ਨੂੰ ਵੀ ਗੁਰਇਤਿਹਾਸ ਸਬੰਧੀ ਇਤਰਾਜ਼ਯੋਗ ਟਿੱਪਣੀਆਂ ਕਰਨ 'ਤੇ 9 ਜਨਵਰੀ ਨੂੰ ਤਲਬ ਕੀਤਾ ਗਿਆ ਹੈ। ਇਹ ਆਦੇਸ਼ ਮੁਤਵਾਜ਼ੀ ਜਥੇਦਾਰਾਂ ਭਾਈ ਧਿਆਨ ਸਿੰਘ ਮੰਡ, ਭਾਈ ਅਮਰੀਕ ਸਿੰਘ ਤੇ ਭਾਈ ਬਲਜੀਤ ਸਿੰਘ ਦਾਦੂਵਾਲ ਵੱਲੋਂ ਜਾਰੀ ਕੀਤੇ ਗਏ ਹਨ।

ਕਾਰਵਾਈ ਸਬੰਧੀ ਜਾਣਕਾਰੀ ਦਿੰਦਿਆਂ ਅਕਾਲ ਤਖ਼ਤ ਦੇ ਕਾਰਜਕਾਰੀ ਮੁਤਵਾਜ਼ੀ ਜਥੇਦਾਰ ਭਾਈ ਧਿਆਨ ਸਿੰਘ ਮੰਡ ਨੇ ਆਖਿਆ ਕਿ ਬੀਤੇ ਦਿਨੀਂ ਰਾਮਪੁਰਾ ਫੂਲ ਵਿੱਚ ਕੈਬਨਿਟ ਮੰਤਰੀ ਸਿਕੰਦਰ ਸਿੰਘ ਮਲੂਕਾ ਦੇ ਚੋਣ ਦਫ਼ਤਰ ਦੇ ਉਦਘਾਟਨ ਸਮੇਂ ਅਰਦਾਸ ਦੀ ਨਕਲ ਕੀਤੀ ਗਈ ਹੈ, ਜਿਸ ਨਾਲ ਸਿੱਖਾਂ ਦੇ ਮਨਾਂ ਨੂੰ ਠੇਸ ਪੁੱਜੀ ਹੈ। ਉਨ੍ਹਾਂ ਆਖਿਆ ਕਿ ਇਸ ਮਾਮਲੇ ਦੀ ਜਾਂਚ ਲਈ ਸੁਰਜੀਤ ਸਿੰਘ ਕਾਲਾਬੂਲਾ ਦੀ ਅਗਵਾਈ ਹੇਠ ਬਹਾਦਰ ਸਿੰਘ ਭਸੌੜ, ਪ੍ਰਸ਼ੋਤਮ ਸਿੰਘ ਫੱਗੂਵਾਲਾ ਤੇ ਪਰਮਿੰਦਰ ਸਿੰਘ ਆਧਾਰਿਤ ਚਾਰ ਮੈਂਬਰੀ ਕਮੇਟੀ ਬਣਾਈ ਗਈ ਹੈ, ਜੋ 9 ਜਨਵਰੀ ਤੋਂ ਪਹਿਲਾਂ ਇਸ ਮਾਮਲੇ ਵਿੱਚ ਆਪਣੀ ਰਿਪੋਰਟ ਸਿੰਘ ਸਾਹਿਬਾਨ ਨੂੰ ਦੇਵੇਗੀ।



ਉਨ੍ਹਾਂ ਇਸ ਮਾਮਲੇ ਵਿੱਚ ਕੈਬਨਿਟ ਮੰਤਰੀ ਸ੍ਰੀ ਮਲੂਕਾ ਅਤੇ ਸਾਬਕਾ ਸ਼੍ਰੋਮਣੀ ਕਮੇਟੀ ਮੈਂਬਰ ਸਤਨਾਮ ਸਿੰਘ ਭਾਈ ਰੂਪਾ ਨੂੰ ਆਪਣਾ ਪੱਖ ਸਪਸ਼ਟ ਕਰਨ ਲਈ 9 ਜਨਵਰੀ ਨੂੰ ਅਕਾਲ ਤਖ਼ਤ ਵਿਖੇ ਪੇਸ਼ ਹੋਣ ਦੀ ਹਦਾਇਤ ਕੀਤੀ ਹੈ। ਉਨ੍ਹਾਂ ਆਖਿਆ ਕਿ ਸਬੰਧਤ ਵਿਅਕਤੀ ਜੇਕਰ 9 ਜਨਵਰੀ ਨੂੰ ਪੇਸ਼ ਨਾ ਹੋਏ ਤਾਂ ਪੰਥਕ ਮਰਿਆਦਾ ਅਨੁਸਾਰ ਅਗਲੀ ਕਾਰਵਾਈ ਕੀਤੀ ਜਾਵੇਗੀ। ਇਸੇ ਦੌਰਾਨ ਨੀਲਧਾਰੀ ਸੰਪਰਦਾ ਦੇ ਬਾਬਾ ਸਤਨਾਮ ਸਿੰਘ ਪਿਪਲੀ ਵਾਲੇ ਨੂੰ ਵੀ 9 ਜਨਵਰੀ ਨੂੰ ਅਕਾਲ ਤਖ਼ਤ 'ਤੇ ਪੇਸ਼ ਹੋ ਕੇ ਆਪਣਾ ਪੱਖ ਸਪਸ਼ਟ ਕਰਨ ਦੇ ਆਦੇਸ਼ ਦਿੱਤੇ ਹਨ। ਉਨ੍ਹਾਂ ਆਖਿਆ ਕਿ ਬਾਬਾ ਪਿਪਲੀ ਨੇ ਕਥਾ-ਕੀਰਤਨ ਕਰਦਿਆਂ ਗੁਰਇਤਿਹਾਸ ਸਬੰਧੀ ਕੁਝ ਇਤਰਾਜ਼ਯੋਗ ਟਿੱਪਣੀਆਂ ਕੀਤੀਆਂ ਹਨ। ਇਸੇ ਦੌਰਾਨ ਉਨ੍ਹਾਂ ਅਰਦਾਸ ਦੀ ਨਕਲ ਦੇ ਮਾਮਲੇ ਦੀ ਜਾਂਚ ਵਾਸਤੇ ਬਣਾਈ ਚਾਰ ਮੈਂਬਰੀ ਕਮੇਟੀ ਨੂੰ ਹੀ ਇਸ ਮਾਮਲੇ ਦੀ ਜਾਂਚ ਦਾ ਕੰਮ ਵੀ ਸੌਂਪਿਆ ਹੈ। ਉਨ੍ਹਾਂ ਆਖਿਆ ਕਿ ਇਹ ਜਾਂਚ ਕਮੇਟੀ ਦੋਵਾਂ ਮਾਮਲਿਆਂ ਦੀ ਜਾਂਚ ਕਰੇਗੀ ਤੇ ਆਪਣੀ ਰਿਪੋਰਟ 9 ਜਨਵਰੀ ਤੋਂ ਪਹਿਲਾਂ ਦੇਵੇਗੀ। ਉਨ੍ਹਾਂ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਮਾਮਲਿਆਂ ਵਿੱਚ ਹੁਣ ਤਕ ਕੋਈ ਕਾਰਵਾਈ ਨਾ ਹੋਣ ਦੇ ਦੋਸ਼ ਲਾਉਂਦਿਆਂ ਆਖਿਆ ਕਿ ਸ਼੍ਰੋਮਣੀ ਅਕਾਲੀ ਦਲ ਦਾ ਚੋਣਾਂ ਵਿੱਚ ਬਾਈਕਾਟ ਕੀਤਾ ਜਾਣਾ ਚਾਹੀਦਾ ਹੈ। ਇਸ ਮੀਟਿੰਗ ਵਿੱਚ ਪੰਜ ਸਿੰਘ ਸਾਹਿਬਾਨ ਵਜੋਂ ਭਾਈ ਮੇਜਰ ਸਿੰਘ ਅਤੇ ਭਾਈ ਹਰੀ ਸਿੰਘ ਵੀ ਸ਼ਾਮਲ ਸਨ।

ਸਫ਼ਾ ਇਕ ਦੀ ਬਾਕੀ

## ਜਾਂਚ ਕਮੇਟੀ ਨੇ ਅਰਦਾਸ ਮਾਮਲੇ ਦੀ ਰਿਪੋਰਟ ਅਕਾਲ ਤਖ਼ਤ ਨੂੰ ਸੌਂਪੀ

ਸ਼ਾਮਲ ਸਨ। ਇਸ ਮੌਕੇ ਉਨਾਂ ਕਿਹਾ ਕਿ ਸੰਤ ਸਤਨਾਮ ਸਿੰਘ ਪਿਪਲੀ ਵਾਲਿਆਂ ਨੇ ਕੀਰਤਨ ਕਰਦਿਆਂ ਗੁਰੂ ਸਾਹਿਬਾਨ ਦੇ ਪਰਿਵਾਰ ਦੇ ਸਬੰਧ ਵਿੱਚ ਕੁਝ ਅਜਿਹੇ ਸ਼ਬਦ ਬੋਲੇ ਸਨ, ਜੋ ਗੁਰਮਤਿ ਅਨੁਸਾਰ ਨਹੀਂ ਪਰ ਉਨਾਂ ਇਤਿਹਾਸ ਅਨੁਸਾਰ ਆਪਣੀ ਰਾਇ ਭੇਜੀ ਹੈ ਤੇ ਸਪਸ਼ਟੀਕਰਨ ਦਿੰਦਿਆਂ ਖ਼ਾਲਸਾ ਪੰਥ ਤੋਂ ਮੁਆਫ਼ੀ ਮੰਗੀ ਹੈ। ਉਨਾਂ ਕਿਹਾ ਕਿ ਇਸ ਮਾਮਲੇ 'ਤੇ ਵਿਚਾਰ ਵੀ 8 ਜਨਵਰੀ ਨੂੰ ਕੀਤਾ ਜਾਵੇਗਾ। ਉਨਾਂ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਦੇ ਸਬੰਧ ਵਿੱਚ ਸੰਗਤਾਂ ਨੂੰ ਕਿਹਾ ਹੈ ਕਿ ਸੰਗਤ ਤਿੰਨ, ਚਾਰ ਤੇ ਪੰਜ ਜਨਵਰੀ ਨੂੰ ਦੀਪਮਾਲਾ ਕਰੇ ਅਤੇ ਗੁਰੂ ਗੋਬਿੰਦ ਸਿੰਘ ਜੀ ਦਾ ਸੰਦੇਸ਼ ਵਿਸ਼ਵ ਭਰ ਵਿੱਚ ਪਹੁੰਚਾਇਆ ਜਾਵੇ। ਸ਼੍ਰੋਮਣੀ ਕਮੇਟੀ ਦੀ ਤਿੰਨ ਮੈਂਬਰੀ ਕਮੇਟੀ ਨੇ ਬਠਿੰਡਾ ਦੇ ਗੁਰਦੁਆਰਾ ਹਾਜੀ ਰਤਨ ਵਿੱਚ ਕੈਬਨਿਟ ਮੰਤਰੀ ਸਿਕੰਦਰ ਸਿੰਘ ਮਲੂਕਾ ਨੂੰ ਤਲਬ ਕੀਤਾ ਸੀ ਅਤੇ ਮਲੂਕਾ ਦੇ ਬਿਆਨ ਦਰਜ ਕਰਨ ਮਗਰੋਂ ਕਮੇਟੀ ਨੇ ਆਪਣੀ ਰਿਪੋਰਟ ਤਿਆਰ ਕਰ ਲਈ ਸੀ। ਸ਼੍ਰੋਮਣੀ ਕਮੇਟੀ ਦੇ ਮੈਂਬਰ ਮੋਹਨ ਸਿੰਘ ਬੰਗੀ ਨੇ ਪੁਸ਼ਟੀ ਕੀਤੀ ਕਿ ਕਮੇਟੀ ਨੇ ਕੈਬਨਿਟ ਮੰਤਰੀ ਮਲੂਕਾ ਨੂੰ ਤਲਬ ਕੀਤਾ ਸੀ ਅਤੇ ਉਨਾਂ ਦੇ ਬਿਆਨ ਦਰਜ ਕਰਨ ਮਗਰੋਂ ਰਿਪੋਰਟ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੂੰ ਸੌਂਪ ਦਿੱਤੀ। ਸ਼੍ਰੋਮਣੀ ਕਮੇਟੀ ਦੇ ਮੀਤ ਪ੍ਰਧਾਨ ਬਾਬਾ ਬੂਟਾ ਸਿੰਘ ਗੁਰਥੜੀ ਨੇ ਕਿਹਾ ਕਿ ਸ੍ਰੀ ਮਲੂਕਾ ਨੇ ਕਮੇਟੀ ਕੋਲ ਆਪਣਾ ਪੱਖ ਰੱਖਿਆ ਹੈ ਕਿ ਭਾਜਪਾ ਤੇ ਹਿੰਦੂ ਜਥੇਬੰਦੀਆਂ ਵੱਲੋਂ ਦਫ਼ਤਰ ਦੇ ਉਦਘਾਟਨ ਦਾ ਸਮਾਗਮ ਰੱਖਿਆ ਗਿਆ ਸੀ, ਜਿਸ ਵਿੱਚ ਉਨਾਂ ਨੇ ਸਿਰਫ਼ ਸ਼ਮੂਲੀਅਤ ਕੀਤੀ ਸੀ। ਸ੍ਰੀ ਮਲੂਕਾ ਨੇ ਆਪਣੇ ਪੱਖ ਵਿੱਚ ਆਖਿਆ ਹੈ ਕਿ ਜਦੋਂ ਅਰਦਾਸ ਹੋ ਰਹੀ ਸੀ ਤਾਂ ਉਦੋਂ ਉਨਾਂ ਨੂੰ ਵੀ ਅਜਿਹਾ ਮਹਿਸੂਸ ਹੋਇਆ ਸੀ। ਉਨਾਂ ਆਖਿਆ ਹੈ ਕਿ ਉਹ ਅਕਾਲ ਤਖ਼ਤ ਨੂੰ ਸਮਰਪਿਤ ਹਨ ਅਤੇ ਪ੍ਰੰਪਰਾ ਅਨੁਸਾਰ ਹਰ ਤਰਾਂ ਦੀ ਸੇਵਾ ਲਈ ਤਿਆਰ ਹਨ। ਪਤਾ ਲੱਗਿਆ ਹੈ ਕਿ ਮਲੂਕਾ ਵੱਲੋਂ ਕਮੇਟੀ ਨੂੰ ਕੋਈ ਰਿਕਾਰਡ ਨਹੀਂ ਪੇਸ਼ ਕੀਤਾ ਗਿਆ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੇ ਕਿਹਾ ਕਿ ਅਕਾਲ ਤਖ਼ਤ ਸਾਹਿਬ ਦੀ ਹਦਾਇਤ 'ਤੇ ਉਨਾਂ ਨੇ ਕਮੇਟੀ ਬਣਾਈ ਸੀ ਅਤੇ ਹੁਣ ਰਿਪੋਰਟ ਮਗਰੋਂ ਅਕਾਲ ਤਖ਼ਤ ਦੇ ਜਥੇਦਾਰ ਵੱਲੋਂ ਹੀ ਅਗਲਾ ਫ਼ੈਸਲਾ ਲਿਆ ਜਾਣਾ ਹੈ।

### ਮਲੂਕਾ ਨੂੰ ਹੁਣ ਅਲਾਹਾਬਾਦ 'ਵਰਸਿਟੀ ਦਾ ਸਹਾਰਾ :

ਬਠਿੰਡਾ : ਕੈਬਨਿਟ ਮੰਤਰੀ ਸਿਕੰਦਰ ਸਿੰਘ ਮਲੂਕਾ ਦੀ ਟੀਮ ਅਰਦਾਸ ਮਾਮਲੇ ਵਿੱਚ ਅਲਾਹਾਬਾਦ ਯੂਨੀਵਰਸਿਟੀ ਦੀ ਮੱਦਦ ਲਵੇਗੀ, ਜਿਥੋਂ ਰਮਾਇਣ ਦੇ ਪੁਰਾਣੇ ਰਿਕਾਰਡ ਨੂੰ ਲਿਆਂਦਾ ਜਾ ਰਿਹਾ ਹੈ। ਸ਼੍ਰੋਮਣੀ ਕਮੇਟੀ ਦੀ ਤਿੰਨ ਮੈਂਬਰੀ ਕਮੇਟੀ ਕੋਲ ਆਪਣਾ ਪੱਖ ਰੱਖਣ ਵਾਸਤੇ ਮਲੂਕਾ ਟੀਮ ਪੁਰਾਣਾ ਰਿਕਾਰਡ ਫਰੋਲ ਰਹੀ ਹੈ। ਅਲਾਹਾਬਾਦ ਯੂਨੀਵਰਸਿਟੀ ਤੱਕ ਪਹੁੰਚ ਕੀਤੀ ਜਾ ਰਹੀ ਹੈ, ਜਿਥੇ ਪੁਰਾਣੀ ਰਮਾਇਣ ਹੋਣ ਦਾ ਪਤਾ ਲੱਗਿਆ ਹੈ। ਪਿਛਲੇ ਦੋ ਦਹਾਕਿਆਂ ਦੌਰਾਨ ਧਾਰਮਿਕ ਸਮਾਰੋਹਾਂ ਵਿੱਚ ਰਮਾਇਣ ਦੀ ਹੋਈ ਅਰਦਾਸ ਦੇ ਵੀਡੀਓਜ਼ ਵੀ ਇਕੱਠੇ ਕੀਤੇ ਜਾ ਰਹੇ ਹਨ। ਪੰਥਕ ਆਗੂਆਂ ਵੱਲੋਂ ਇਸ ਮਾਮਲੇ ਵਿੱਚ ਸਿਕੰਦਰ ਸਿੰਘ ਮਲੂਕਾ ਖ਼ਿਲਾਫ਼ ਥਾਣਾ ਰਾਮਪੁਰਾ ਵਿੱਚ ਸ਼ਿਕਾਇਤ ਵੀ ਕੀਤੀ ਗਈ ਹੈ। ਮਲੂਕਾ ਦੇ ਨਜ਼ਦੀਕੀ ਅਕਾਲੀ ਆਗੂ ਰੌਕੀ ਕਾਂਸਲ ਦਾ ਕਹਿਣਾ ਹੈ ਕਿ ਧਾਰਮਿਕ ਸੰਗਠਨਾਂ ਨੂੰ ਅਲਾਹਾਬਾਦ ਯੂਨੀਵਰਸਿਟੀ ਵਿੱਚ ਪੁਰਾਣੀ ਰਮਾਇਣ ਹੋਣ ਦਾ ਪਤਾ ਲੱਗਾ ਹੈ, ਜਿਸ ਵਿੱਚ ਇਹ ਅਰਦਾਸ ਅੰਕਿਤ ਹੈ। ਰੌਕੀ ਕਾਂਸਲ ਨੇ ਦੱਸਿਆ ਕਿ ਜੋ ਪੁਰਾਣੇ ਧਾਰਮਿਕ ਗ੍ਰੰਥ ਹਨ, ਉਨਾਂ ਨੂੰ ਵੀ ਸਬੂਤ ਵਜੋਂ ਪੇਸ਼ ਕੀਤਾ ਜਾਵੇਗਾ।

### ਸਿਮਰਨਜੀਤ ਸਿੰਘ ਮਾਨ ਵੱਲੋਂ ਫੌਰੀ ਕਾਰਵਾਈ ਕਰਨ ਦੀ ਮੰਗ

ਫ਼ਤਹਿਗੜ੍ਹ ਸਾਹਿਬ : ਸ਼੍ਰੋਮਣੀ ਅਕਾਲੀ ਦਲ (ਅ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਅਪੀਲ ਕੀਤੀ ਹੈ ਕਿ ਸਿੱਖ ਕੌਮ ਦੀ ਅਰਦਾਸ ਦੀ ਬੇਅਦਬੀ ਮੌਕੇ ਕੈਬਨਿਟ ਮੰਤਰੀ ਸਿਕੰਦਰ ਸਿੰਘ ਮਲੂਕਾ ਦੇ ਸ਼ਾਮਲ ਹੋਣ ਕਾਰਨ ਸਿੱਖ ਤਖ਼ਤਾਂ ਦੇ ਜਥੇਦਾਰ ਫ਼ੌਰੀ ਕਾਰਵਾਈ ਕਰਨ। ਉਨ੍ਹਾਂ ਸਪਸ਼ਟ ਕੀਤਾ ਕਿ ਉਹ ਹਿੰਦੂ ਧਰਮ ਗ੍ਰੰਥਾਂ ਦੇ ਵਿਰੁੱਧ ਨਹੀਂ ਹਨ ਪਰ ਸਿੱਖ ਕੌਮ ਦੀ ਅਰਦਾਸ ਜਾਂ ਸਿੱਖਾਂ ਦੀਆਂ ਮਹਾਨ ਰਵਾਇਤਾਂ, ਨਿਯਮਾਂ ਤੇ ਅਸੂਲਾਂ ਦਾ ਅਪਮਾਨ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਸਿੰਘ ਸਾਹਿਬਾਨ ਨੂੰ ਅਪੀਲ ਕੀਤੀ ਕਿ ਉਹ ਕੈਬਨਿਟ ਮੰਤਰੀ ਵੱਲੋਂ ਕੀਤੀ ਗਈ ਕੁਤਾਹੀ ਲਈ ਫੌਰੀ ਕਾਰਵਾਈ ਕਰਦੇ ਹੋਏ ਸਿੱਖੀ ਰਵਾਇਤਾਂ ਅਨੁਸਾਰ ਸਖ਼ਤ ਸਜ਼ਾ ਦੇਣ ਦਾ ਪ੍ਰਬੰਧ ਕਰਨ।

# ਸਿੱਖ ਫੈਡਰੇਸ਼ਨ ਯੂ.ਕੇ. ਨੇ ਸਾਕਾ ਨੀਲਾ ਤਾਰਾ ਸਬੰਧੀ ਫਾਈਲਾਂ ਜਨਤਕ ਕਰਨ ਦੀ ਕੀਤੀ ਅਪੀਲ



**ਲੰਡਨ/ਬਿਊਰੋ ਨਿਊਜ਼ :** ਯੂਕੇ ਦੀ ਸਿੱਖ ਫੈਡਰੇਸ਼ਨ ਨੇ 1984 ਦੇ ਸਾਕਾ ਨੀਲਾ ਤਾਰਾ ਵਿੱਚ ਬਰਤਾਨੀਆ ਦੀ ਕਥਿਤ ਸ਼ਮੂਲੀਅਤ ਬਾਰੇ ਗੁਪਤ ਫਾਈਲਾਂ ਨੂੰ ਜਨਤਕ ਕਰਨ ਦੀ ਅਪੀਲ ਕੀਤੀ ਹੈ। ਅਪਰੇਸ਼ਨ ਬਲਿਊ ਸਟਾਰ ਵਿਚ ਇੰਗਲੈਂਡ ਦੀ ਭੂਮਿਕਾ ਨਾਲ ਸਬੰਧਤ ਗੁਪਤ ਫਾਈਲਾਂ ਜਨਤਕ ਕੀਤੇ ਜਾਣ ਦੀ ਮੰਗ ਬਰਤਾਨੀਆ ਵਿਚ ਫਿਰ ਉੱਠਣ ਲੱਗੀ ਹੈ। ਬਰਤਾਨੀਆ ਵਿਚ ਸਰਗਰਮ ਸਿੱਖ ਫੈਡਰੇਸ਼ਨ ਨੇ ਮੌਜੂਦਾ ਪ੍ਰਧਾਨ ਮੰਤਰੀ ਥਰੈਸਾ ਮੇਅ ਨੂੰ ਅਪੀਲ ਕੀਤੀ ਹੈ ਕਿ ਅਪਰੇਸ਼ਨ ਬਲਿਊ ਸਟਾਰ ਦੌਰਾਨ ਇੰਗਲੈਂਡ ਦੀ ਭੂਮਿਕਾ ਨਾਲ ਸਬੰਧਤ ਸਾਰੀਆਂ ਗੁਪਤ ਫਾਈਲਾਂ ਜਨਤਕ ਕੀਤੀਆਂ ਜਾਣ । ਸਿੱਖ ਫਾਊਂਡੇਸ਼ਨ ਅਨੁਸਾਰ ਅਪਰੇਸ਼ਨ ਬਲਿਊ ਸਟਾਰ ਦੀਆਂ ਫਾਈਲਾਂ ਜਨਤਕ ਹੋਣ ਤੋਂ ਬਾਅਦ ਇਸ ਗੱਲ ਦਾ ਖ਼ੁਲਾਸਾ ਹੋਵੇਗਾ ਕਿ ਪੂਰੇ ਅਪਰੇਸ਼ਨ ਦੌਰਾਨ ਬਰਤਾਨੀਆ ਦੀ ਭੂਮਿਕਾ ਕੀ ਸੀ।

ਸਿੱਖ ਫੈਡੇਰਸ਼ਨ ਯੂਕੇ ਦੀ ਅਪੀਲ 'ਤੇ ਸੁਣਵਾਈ ਨਿਊਯਾਰਕ ਵਿੱਚ ਇਨਫਰਮੇਸ਼ਨ ਟ੍ਰਿਬਿਊਨਲ ਵੱਲੋਂ ਕੀਤੀ ਜਾਵੇਗੀ। ਇਸ ਅਪੀਲ ਵਿੱਚ ਚਾਰ ਫਾਈਲਾਂ ਨੂੰ ਜਨਤਕ ਕਰਨ ਦੀ ਗੱਲ ਕੀਤੀ ਗਈ ਹੈ। ਸਿੱਖ ਫੈਡਰੇਸ਼ਨ ਨਾਲ ਜੁੜੇ ਦਵਿੰਦਰ ਸਿੰਘ ਅਨੁਸਾਰ ਇਨਫਰਮੇਸ਼ਨ ਟ੍ਰਿਬਿਊਨਲ ਕੋਲ ਇਹ ਮਾਮਲਾ ਵਿਚਾਰ ਅਧੀਨ ਹੈ ਤੇ ਇਸ ਉੱਤੇ ਅਗਲੇ ਸਾਲ ਸੁਣਵਾਈ ਹੋਵੇਗੀ। ਦਵਿੰਦਰ ਸਿੰਘ ਅਨੁਸਾਰ ਬਰਤਾਨੀਆ ਦੀ ਜਨਤਾ ਨੂੰ ਇਹ ਅਧਿਕਾਰ ਹੈ ਕਿ 30 ਸਾਲ ਪਹਿਲਾਂ ਆਖ਼ਰ ਕੀ ਹੋਇਆ ਸੀ? ਇਸ ਤੋਂ ਪਹਿਲਾਂ 2014 ਵਿਚ ਇਸ ਗੱਲ ਦਾ ਖ਼ੁਲਾਸਾ ਹੋਇਆ ਸੀ ਕਿ 1984 ਦੇ ਅਪ੍ਰੇਸ਼ਨ ਬਲਿਊ ਸਟਾਰ ਦਾ ਪੂਰਾ ਖ਼ਾਕਾ ਬਰਤਾਨੀਆ ਦੇ ਸਪੈਸ਼ਲ ਐਕਸ਼ਨ ਸੁਰੱਖਿਆ ਗਾਰਡ ਨੇ ਤਿਆਰ ਕੀਤਾ ਸੀ। ਭਾਰਤ ਸਰਕਾਰ ਅਨੁਸਾਰ ਇਸ ਘੱਲੂਘਾਰੇ ਵਿਚ 400 ਲੋਕ ਮਾਰੇ ਗਏ ਸਨ, ਜਦ ਕਿ ਗੈਰ-ਸਰਕਾਰੀ ਅੰਕੜੇ ਇਸ ਦੌਰਾਨ ਮਾਰੇ ਗਏ ਲੋਕਾਂ ਦੀ ਗਿਣਤੀ ਕਿਤੇ ਵੱਧ ਦੱਸ ਰਹੇ ਹਨ। ਇਸ ਮੌਕੇ 100 ਤੋਂ ਵੱਧ ਭਾਰਤੀ ਫ਼ੌਜੀ ਵੀ ਮਾਰੇ ਗਏ ਸਨ। ਯੂਕੇ ਦੇ ਕੈਬਨਿਟ ਦਫ਼ਤਰ ਦੇ ਬੁਲਾਰੇ ਨੇ ਦੱਸਿਆ ਕਿ ਇਸ ਕੇਸ ਦੀ ਸੁਣਵਾਈ ਨਿਊਯਾਰਕ ਵਿੱਚ ਹੋਵੇਗੀ ਤੇ ਪਹਿਲੇ ਪੜਾਅ ਦੀ ਸੁਣਵਾਈ ਤੋਂ ਬਾਅਦ ਹੀ ਇਸ ਮਾਮਲੇ 'ਤੇ ਕੋਈ ਟਿੱਪਣੀ ਕੀਤੀ ਜਾ ਸਕੇਗੀ। ਉਧਰ ਫੈਡਰੇਸ਼ਨ ਦਾ ਕਹਿਣਾ ਹੈ ਕਿ ਇਹ ਦਸਤਾਵੇਜ਼ ਇਸ ਮਾਮਲੇ 'ਤੇ ਰੌਸ਼ਨੀ ਪਾ ਸਕਦੇ ਹਨ।

# ਰਾਣਾ ਗੁਰਜੀਤ 'ਤੇ ਕੇਸਾਂ ਤੇ ਦਸਤਾਰ ਦੀ ਬੇਅਦਬੀ ਦੇ ਲੱਗੇ ਦੋਸ਼ਾਂ ਦਾ ਮਾਮਲਾ ਅਕਾਲ ਤਖ਼ਤ 'ਤੇ ਪੁੱਜਾ

## *ਧਰਮ ਪ੍ਰਚਾਰ ਕਮੇਟੀ ਕਰੇਗੀ ਮਾਮਲੇ ਦੀ ਜਾਂਚ*

**ਅੰਮ੍ਰਿਤਸਰ/ਬਿਊਰੋ ਨਿਊਜ਼ :** ਦਸੂਹਾ ਵਾਸੀ ਕੁਲਵਿੰਦਰ ਸਿੰਘ ਬੱਬਲ ਦੀ ਦਸਤਾਰ ਅਤੇ ਕੇਸਾਂ ਦੀ ਬੇਅਦਬੀ ਦਾ ਮਾਮਲਾ ਸ੍ਰੀ ਅਕਾਲ ਤਖ਼ਤ ਸਾਹਿਬ ਪੁੱਜ ਗਿਆ ਹੈ। ਉਨ੍ਹਾਂ ਕਾਂਗਰਸ ਵਿਧਾਇਕ ਰਾਣਾ ਗੁਰਜੀਤ ਸਿੰਘ ਅਤੇ ਉਸ ਦੇ ਸਮਰਥਕਾਂ 'ਤੇ ਕੇਸਾਂ ਅਤੇ ਦਸਤਾਰ ਦੀ ਬੇਅਦਬੀ ਦਾ ਦੋਸ਼ ਲਾਉਂਦਿਆਂ ਇਨਸਾਫ਼ ਦੀ ਅਪੀਲ ਕੀਤੀ ਹੈ। ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਇਸ ਮਾਮਲੇ ਦੀ ਪੜਤਾਲ ਧਰਮ ਪ੍ਰਚਾਰ ਕਮੇਟੀ ਨੂੰ ਕਰਨ ਦੀ ਹਦਾਇਤ ਕੀਤੀ ਹੈ।



ਉਨ੍ਹਾਂ ਆਖਿਆ ਕਿ ਪੜਤਾਲੀਆ ਰਿਪੋਰਟ ਆਉਣ ਮਗਰੋਂ ਅਗਲੀ ਕਾਰਵਾਈ ਕੀਤੀ ਜਾਵੇਗੀ। ਕੁਲਵਿੰਦਰ ਸਿੰਘ ਅਤੇ ਉਸ ਦੇ ਸਾਥੀਆਂ ਨੇ ਸ੍ਰੀ ਅਕਾਲ ਤਖ਼ਤ ਦੇ ਸਕੱਤਰੇਤ ਪੁੱਜ ਕੇ ਸ਼ਿਕਾਇਤ ਪੱਤਰ ਵੀ ਸੌਂਪਿਆ। ਉਸ ਨੇ ਦਾਅਵਾ ਕੀਤਾ ਕਿ ਰਾਣਾ ਗੁਰਜੀਤ ਸਿੰਘ ਨੇ ਗਿਣੀ-ਮਿੱਥੀ ਸਾਜ਼ਿਸ਼ ਤਹਿਤ ਆਪਣੇ ਸਮਰਥਕਾਂ ਸਮੇਤ ਉਸ ਦੀ ਦਸਤਾਰ ਅਤੇ ਕੇਸਾਂ ਦੀ ਖਿੱਚ ਧੂਹ ਕਰ ਕੇ ਬੇਅਦਬੀ ਕੀਤੀ ਹੈ। ਉਸ ਨੇ ਦੋਸ਼ ਲਾਇਆ ਕਿ ਮਗਰੋਂ ਕਾਂਗਰਸ ਆਗੂ ਨੇ ਇਸ ਕਾਰਵਾਈ ਲਈ ਆਪਣੇ ਸਮਰਥਕਾਂ ਨੂੰ ਸ਼ਾਬਾਸ਼ੀ ਵੀ ਦਿੱਤੀ। ਉਸ ਨੇ ਜਥੇਦਾਰ ਨੂੰ ਅਪੀਲ ਕੀਤੀ ਕਿ ਪੰਥਕ ਮਰਿਆਦਾ ਅਨੁਸਾਰ ਕਾਂਗਰਸ ਆਗੂ ਅਤੇ ਉਸ ਦੇ ਸਮਰਥਕਾਂ ਖਿਲਾਫ਼ ਕਾਰਵਾਈ ਕੀਤੀ ਜਾਵੇ। ਇਸ ਦੌਰਾਨ ਕੈਬਨਿਟ ਮੰਤਰੀ ਬਿਕਰਮ ਸਿੰਘ ਮਜੀਠੀਆ ਨੇ ਆਖਿਆ ਕਿ ਰਾਣਾ ਗੁਰਜੀਤ ਸਿੰਘ ਨੂੰ ਇਸ ਕਾਰੇ ਲਈ ਸਿੱਖ ਕੌਮ ਕੋਲੋਂ ਮੁਆਫ਼ੀ ਮੰਗਣੀ ਚਾਹੀਦੀ ਹੈ। ਉਨ੍ਹਾਂ ਆਖਿਆ ਕਿ ਕਾਂਗਰਸ ਆਗੂਆਂ ਦਾ ਇਹ ਵਰਤਾਰਾ ਸਾਬਿਤ ਕਰਦਾ ਹੈ ਕਿ ਸ੍ਰੀ ਹਰਿਮੰਦਰ ਸਾਹਿਬ ਦੀ ਬੇਹੁਰਮਤੀ ਵਾਲੀ ਸੋਚ ਅੱਜ ਵੀ ਬਰਕਰਾਰ ਹੈ। ਉਧਰ ਕਾਂਗਰਸ ਆਗੂ ਰਾਣਾ ਗੁਰਜੀਤ ਸਿੰਘ ਨੇ ਬਿਕਰਮ ਸਿੰਘ ਮਜੀਠੀਆ 'ਤੇ ਦੋਸ਼ ਲਾਏ ਹਨ ਕਿ ਉਸ ਨੇ ਸਿਆਸੀ ਮੁਫ਼ਾਦਾਂ ਤਹਿਤ ਪੁਲੀਸ ਦੀ ਦੁਰਵਰਤੋਂ ਕਰਦਿਆਂ ਉਨ੍ਹਾਂ ਖਿਲਾਫ਼ ਗਲਤ ਪਰਚਾ ਦਰਜ ਕਰਾਇਆ ਹੈ। ਝਗੜੇ ਨਾਲ ਆਪਣਾ ਕੋਈ ਸਬੰਧ ਨਾ ਹੋਣ ਦਾ ਦਾਅਵਾ ਕਰਦਿਆਂ ਉਨ੍ਹਾਂ ਕਿਹਾ ਕਿ ਉਹ ਤਾਂ ਵਿਰੋਧ ਕਰ ਰਹੇ ਕਾਂਗਰਸ ਆਗੂਆਂ ਨੂੰ ਮਨਾਉਣ ਲਈ ਗਏ ਸਨ।

# ਨਿਊਯਾਰਕ ਪੁਲੀਸ ਵਿਚ ਸਿੱਖ ਅ਼ਫਸਰਾਂ ਨੂੰ ਦਸਤਾਰ ਸਜਾਉਣ ਤੇ ਡੇਢ ਇੰਚ ਤਕ ਦਾੜ੍ਹੀ ਰੱਖਣ ਦੀ ਇਜਾਜ਼ਤ

**ਨਿਊ ਯਾਰਕ/ਬਿਊਰੋ ਨਿਊਜ਼ :**

ਨਿਊ ਯਾਰਕ ਪੁਲੀਸ ਵਿਭਾਗ ਨੇ ਵਰਦੀ ਸਬੰਧੀ ਨੀਤੀ ਵਿੱਚ ਨਰਮੀ ਵਰਤਦਿਆਂ ਸਿੱਖ ਅ਼ਫਸਰਾਂ ਨੂੰ ਪਗੜੀ ਬੰਨ੍ਹਣ ਅਤੇ ਦਾੜ੍ਹੀ ਰੱਖਣ ਦੀ ਖੁੱਲ੍ਹ ਦੇ ਦਿੱਤੀ ਹੈ। ਨਿਊ ਯਾਰਕ ਪੁਲੀਸ ਕਮਿਸ਼ਨਰ ਜੇਮਜ਼ ਓ ਨੀਲ ਨੇ ਨਵੇਂ ਭਰਤੀ ਹੋਏ ਰੰਗਰੂਟਾਂ ਦੇ ਪੁਲੀਸ ਵਿੱਚ ਦਾਖ਼ਲੇ ਲਈ ਕੀਤੇ ਸਮਾਰੋਹ ਵਿੱਚ ਧਾਰਮਿਕ ਚਿੰਨ੍ਹਾਂ ਦੀ ਪਾਲਣਾ ਯਕੀਨੀ ਬਣਾਉਣ ਲਈ ਕਦਮਾਂ ਦਾ ਐਲਾਨ ਕੀਤਾ। ਸੋਧੀ ਨੀਤੀ ਤਹਿਤ ਸਿੱਖ ਅਫਸਰਾਂ ਨੂੰ ਡੇਢ ਇੰਚ ਤੱਕ ਦਾੜ੍ਹੀ ਵਧਾਉਣ ਦੀ ਇਜਾਜ਼ਤ ਹੋਵੇਗੀ। ਸਮਾਰੋਹ ਮਗਰੋਂ ਸਿੱਖ ਅ਼ਫਸਰਾਂ ਨਾਲ ਖੜ੍ਹੇ ਓ ਨੀਲ ਨੇ ਕਿਹਾ ਕਿ ਇਨ੍ਹਾਂ ਕਦਮਾਂ ਦਾ ਮੰਤਵ ਨਿਊ ਯਾਰਕ ਪੁਲੀਸ ਵਿਭਾਗ ਵਿੱਚ ਵੰਨ-ਸੁਵੰਨਤਾ ਲਿਆਉਣਾ ਹੈ। ਨਿਊ ਯਾਰਕ ਪੋਸਟ ਨੇ ਉਨ੍ਹਾਂ ਦੇ ਹਵਾਲੇ ਨਾਲ ਕਿਹਾ ਕਿ ਇਸ ਸਮੇਂ 160 ਸਿੱਖ ਪੁਲੀਸ ਅ਼ਫਸਰ ਹਨ ਅਤੇ ਉਨ੍ਹਾਂ ਦੀ ਗਿਣਤੀ ਵਧਾਉਣ ਦੀ ਯੋਜਨਾ ਹੈ। ਅਫਸਰ ਨੀਲੀ ਦਸਤਾਰ ਬੰਨ ਸਕਣਗੇ ਅਤੇ ਇਸ ਉਪਰ ਇਕ ਖਾਸ ਤਰ੍ਹਾਂ ਦਾ ਟੋਪ (ਹੈਟ) ਹੋਵੇਗਾ। ਉਨ੍ਹਾਂ ਨੂੰ ਪੁਲੀਸ ਦੀ ਰਵਾਇਤੀ ਟੋਪੀ ਨਹੀਂ ਪਹਿਨਣੀ ਪਵੇਗੀ। ਉਨ੍ਹਾਂ ਕਿਹਾ ਕਿ ਅਸੀਂ ਇਹ ਤਬਦੀਲੀ ਇਸ ਲਈ ਕਰ ਰਹੇ ਹਾਂ ਕਿ ਇਹ ਯਕੀਨੀ ਬਣਾਇਆ ਜਾ ਸਕੇ ਨਿਊਯਾਰਕ ਵਿਚ ਰਹਿੰਦੇ ਸਭ ਭਾਈਚਾਰਿਆਂ ਦੇ ਲੋਕਾਂ ਨੂੰ ਨਿਊਯਾਰਕ ਪੁਲੀਸ ਵਿਭਾਗ ਵਿਚ ਸੇਵਾ ਕਰਨ ਦਾ ਮੌਕਾ ਮਿਲੇ। ਅਸੀ ਚਾਹੁੰਦੇ ਹਾਂ ਕਿ ਘੱਟ ਗਿਣਤੀ ਭਾਈਚਾਰੇ ਦੇ ਵੱਧ ਤੋਂ ਵੱਧ ਲੋਕ ਨਿਊਯਾਰਕ ਪੁਲੀਸ ਵਿਭਾਗ ਵਿਚ ਭਰਤੀ ਹੋਣ ਇਸ ਦੇ ਲਈ ਕੋਸ਼ਿਸ਼ਾਂ ਵੀ ਜਾਰੀ ਹਨ। ਧਾਰਮਿਕ ਆਜ਼ਾਦੀ ਲੋਕਾਂ ਵਿਚ ਪੁਲੀਸ ਵਿਭਾਗ ਵਿਚ ਭਰਤੀ ਹੋਣ ਲਈ ਵਿਸ਼ਵਾਸ਼ ਪੈਦਾ ਕਰੇਗੀ। ਉਨ੍ਹਾਂ ਕਿਹਾ ਕਿ ਅਸੀਂ ਨਿਊਯਾਰਕ ਪੁਲੀਸ ਵਿਭਾਗ ਨੂੰ ਜਿੰਨਾ ਸੰਭਵ ਹੋ ਸਕੇ, ਓਨਾ ਵਿਭਿੰਨਤਾ ਪੂਰਨ ਬਣਾਉਣਾ ਚਾਹੁੰਦੇ ਹਾਂ ਅਤੇ ਸਾਡਾ ਮੰਨਣਾ ਹੈ ਇਹ ਕਦਮ ਇਸ ਵਿਚ ਸਾਡੀ ਮਦਦ ਕਰੇਗਾ। ਪੁਲੀਸ ਅਕੈਡਮੀ ਤੋਂ ਗ੍ਰੈਜੂਏਟ ਹੋਏ 557 ਰੰਗਰੂਟਾਂ ਵਿਚ 33 ਮੁਸਲਮਾਨ ਅਤੇ ਦੋ ਸਿੱਖ ਅਫਸਰ ਹਨ। ਸਿੱਖ ਅਫਸਰਾਂ ਦੀ ਸੰਸਥਾ ਨੇ ਇਸ ਫੈਸਲੇ ਦਾ ਸਵਾਗਤ ਕੀਤਾ ਹੈ। ਉਨ੍ਹਾਂ ਟਵੀਟ ਕਰਦਿਆਂ ਨਿਊਯਾਰਕ ਪੁਲੀਸ ਵਿਭਾਗ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਇਹ ਸਿੱਖ ਭਾਈਚਾਰੇ ਲਈ ਮਾਣ ਵਾਲਾ ਪਲ ਹੈ।' ਸਿੱਖ ਐਡਵੋਕੇਸੀ ਗਰੁੱਪ ਸਿੱਖ ਕੋਲੀਜ਼ਨ ਨੇ ਨਿਊਯਾਰਕ ਪੁਲੀਸ ਦੇ ਇਸ ਫੈਸਲੇ ਦਾ ਸਵਾਗਤ ਕਰਦਿਆਂ ਕਿਹਾ ਕਿ, 'ਇਸ ਨਾਲ ਸਿੱਖ ਭਾਈਚਾਰੇ ਨੂੰ ਨਾ ਸਿਰਫ ਸਨਮਾਨ ਮਿਲਿਆ ਹੈ, ਬਲਕਿ ਉਨ੍ਹਾਂ ਦਾ ਹੌਸਲਾ ਵੀ ਵਧਿਆ ਹੈ।' ਇਸ ਨਾਲ ਇਹ ਸੰਦੇਸ਼ ਸਾਫ ਤੌਰ 'ਤੇ ਜਾਵੇਗਾ ਕਿ ਸਿੱਖ ਭਾਈਚਾਰੇ ਦਾ ਅਮਰੀਕਾ ਵਿਚ ਅਹਿਮ ਯੋਗਦਾਨ ਹੈ ਅਤੇ ਉਨ੍ਹਾਂ ਨਾਲ ਭੇਦ ਭਾਵ ਨਹੀਂ ਕੀਤਾ ਜਾ ਸਕਦਾ। 'ਸਿੱਖ ਆਫਿਸਰਜ਼ ਐਸੋਸੀਏਸ਼ਨ' ਨੇ ਟਵਿੱਟਰ ਉਤੇ ਇਸ ਕਦਮ ਦੀ ਸ਼ਲਾਘਾ ਕੀਤੀ।



**ਨਿਊਯਾਰਕ ਪੁਲੀਸ ਵਿਭਾਗ ਦੇ ਕਮਿਸ਼ਨਰ ਜੇਮਜ਼ ਓ ਨੀਲ ਨਾਲ ਨਜ਼ਰ ਆ ਰਹੇ ਨਵੇਂ ਭਰਤੀ ਹੋਏ ਸਿੱਖ ਅ਼ਫਸਰ।**

# ਸਿੱਖਸ ਫਾਰ ਜਸਟਿਸ ਨੇ ਪੰਜਾਬ ਦੇ ਪਾਣੀਆਂ ਦੀ ਰਾਖੀ ਲਈ ਦਸਤਖ਼ਤ ਮੁਹਿੰਮ ਸ਼ੁਰੂ ਕੀਤੀ



**ਫਤਹਿਗੜ੍ਹ ਸਾਹਿਬ/ਸਿੱਖ ਸਿਆਸਤ ਬਿਊਰੋ:** ਆਲ ਇੰਡੀਆ ਸਿੱਖ ਸਟੂਡੈਂਟ ਫੈਡਰੇਸ਼ਨ ਵੱਲੋਂ ਪੰਜਾਬ ਵਾਟਰ ਰੈਫਰੰਡਮ ਕਰਵਾਉਣ ਲਈ ਦਸਤਖ਼ਤ ਮੁਹਿੰਮ ਤਹਿਤ ਇੱਕ ਕੈਂਪ ਲਾਇਆ ਗਿਆ। ਦੋ ਰੋਜ਼ਾ ਇਸ ਕੈਂਪ ਦੌਰਾਨ ਹਜ਼ਾਰਾਂ ਲੋਕਾਂ ਦੇ ਦਸਤਖ਼ਤ ਕਰਵਾਏ ਗਏ। ਫੈਡਰੇਸ਼ਨ ਮੁਖੀ ਭਾਈ ਕਰਨੈਲ ਸਿੰਘ ਪੀਰਮੁਹੰਮਦ ਨੇ ਦੱਸਿਆ ਕਿ ਉਨ੍ਹਾਂ ਦੀ ਸੰਸਥਾ ਵੱਲੋਂ ਪਾਣੀਆਂ ਦੀ ਰਾਖੀ ਲਈ ਦਸਤਖ਼ਤ ਮੁਹਿੰਮ ਦਾ ਆਗਾਜ਼ ਸ਼ਹੀਦਾਂ ਦੀ ਧਰਤੀ ਫਤਹਿਗੜ੍ਹ ਸਾਹਿਬ ਤੋਂ ਕੀਤਾ ਗਿਆ ਹੈ। ਇਹ ਦਸਤਖ਼ਤ ਮੁਹਿੰਮ ਜਨਵਰੀ ਦੇ ਪੂਰੇ ਮਹੀਨੇ ਚੱਲੇਗੀ। ਪਹਿਲੀ ਜਨਵਰੀ ਨੂੰ ਅੰਮ੍ਰਿਤਸਰ ਵਿਖੇ, 5 ਜਨਵਰੀ ਨੂੰ ਪਟਨਾ ਸਾਹਿਬ ਵਿਖੇ ਤੇ ਮੁਕਤਸਰ ਮਾਘੀ ਦੇ ਮੇਲੇ ਉੱਪਰ ਲੋਕਾਂ ਤੋਂ ਪੰਜਾਬ ਦੇ ਪਾਣੀਆਂ ਲਈ ਦਸਤਖ਼ਤ ਕਰਵਾਏ ਜਾਣਗੇ। ਸਿੱਖਸ ਫਾਰ ਜਸਟਿਸ ਵਲੋਂ ਪੰਜਾਬ ਦੇ ਪਾਣੀਆਂ ਦੀ ਰਾਖੀ ਲਈ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਸਹਿਯੋਗ ਨਾਲ ਦਸਤਖ਼ਤ ਮੁਹਿੰਮ ਸ਼ੁਰੂ ਕੀਤੀ ਗਈ ਇਸ ਤੋਂ ਇਲਾਵਾ ਪਿੰਡਾਂ ਵਿਚ ਬੂਥ ਲਗਾ ਕੇ ਵੀ ਇਸ ਮੁਹਿੰਮ ਨੂੰ ਅੱਗੇ ਤੋਰਿਆ ਜਾਵੇਗਾ। ਉਨ੍ਹਾਂ ਦੱਸਿਆ ਕਿ ਫੈਡਰੇਸ਼ਨ ਵੱਲੋਂ ਮਨੁੱਖੀ ਅਧਿਕਾਰ ਸੰਸਥਾ ਸਿੱਖਜ਼ ਫ਼ਾਰ ਜਸਟਿਸ ਦੁਆਰਾ ਪੰਜਾਬ ਦੇ ਪਾਣੀਆਂ ਦੇ ਹੱਕ ਵਿਚ ਇੰਟਰਨੈਸ਼ਨਲ ਪੱਧਰ 'ਤੇ ਸ਼ੁਰੂ ਕੀਤੀ ਗਈ ਮੁਹਿੰਮ ਦਾ ਸਮਰਥਨ ਕਰਦਿਆਂ ਉਕਤ ਕੈਂਪ ਲਾਇਆ ਗਿਆ ਹੈ। ਪੀਰਮੁਹੰਮਦ ਨੇ ਕਿਹਾ ਕਿ ਪੰਜਾਬ ਦੇ ਪਾਣੀਆਂ ਸਬੰਧੀ ਰਾਜਨੀਤਕ ਦਲਾਂ ਵੱਲੋਂ ਕੇਵਲ ਫੋਕੀ ਬਿਆਨਬਾਜ਼ੀ ਕੀਤੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਪੰਜਾਬ ਦੇ ਪਾਣੀ ਦੂਜੇ ਰਾਜਾਂ ਨੂੰ ਦੇਣ ਵਿਰੁੱਧ ਹੁਣ ਇੰਟਰਨੈਸ਼ਨਲ ਪੱਧਰ 'ਤੇ ਸਿੱਖਸ ਫ਼ਾਰ ਜਸਟਿਸ ਮਨੁੱਖੀ ਅਧਿਕਾਰ ਸੰਸਥਾ ਵੱਲੋਂ ਨੀਦਰਲੈਂਡ ਵਿਚ ਹੇਗ ਕੋਰਟ ਵਿਚ ਪਟੀਸ਼ਨ ਦਰਜ ਕਰਵਾਈ ਜਾ ਰਹੀ ਹੈ। ਇਸ ਮੌਕੇ ਫੈਡਰੇਸ਼ਨ ਆਗੂ ਪ੍ਰਭਜੋਤ ਸਿੰਘ, ਹਰਦਿੱਤ ਸਿੰਘ, ਜਗਰੂਪ ਸਿੰਘ ਚੀਮਾ, ਜੈਮਲ ਸਿੰਘ, ਹਰਜਿੰਦਰ ਸਿੰਘ, ਲਖਵਿੰਦਰ ਸਿੰਘ, ਖੁਸ਼ਵਿੰਦਰ ਸਿੰਘ, ਅਰਸ਼ਦੀਪ ਸਿੰਘ, ਭੁਪਿੰਦਰ ਸਿੰਘ ਪੰਜਾਬੀ ਯੂਨੀਵਰਸਿਟੀ ਪਟਿਆਲਾ ਅਤੇ ਗੁਰਮੀਤ ਸਿੰਘ ਗਿੱਲ ਹਾਜ਼ਰ ਸਨ।

# 'ਲੋਪੋਕੇ ਬ੍ਰਦਰਜ਼' ਨੇ ਸੈਕਰਾਮੈਂਟੋ ਵਿੱਚ ਸਜਾਈ ਸੂਫ਼ੀਆਨਾ ਮਹਿਫ਼ਿਲ

**ਸੈਕਰਾਮੈਂਟੋ/ਬਿਊਰੋ ਨਿਊਜ਼ :** ਕੈਲੀਫੋਰਨੀਆ ਦੇ ਵੱਖ ਵੱਖ ਸ਼ਹਿਰਾਂ ਵਿੱਚ ਪੰਜਾਬ ਤੋਂ ਆਏ ਗਾਇਕ 'ਲੋਪੋਕੇ ਬ੍ਰਦਰਜ਼' ਪ੍ਰੋਗਰਾਮ 'ਮਹਿਫ਼ਿਲ' ਰਾਹੀਂ ਨਾਮਣਾ ਖੱਟ ਰਹੇ ਹਨ। ਸੈਕਰਾਮੈਂਟੋ ਵਿੱਚ ਸਮਾਗਮ ਦੌਰਾਨ ਗਾਇਕ ਭਰਾਵਾਂ ਨੇ ਗਾਇਕੀ ਦੇ ਖ਼ੂਬ ਰੰਗ ਬਿਖੇਰੇ। ਸਰੋਤਿਆਂ ਦੀ ਮੰਗ 'ਤੇ ਪ੍ਰਬੰਧਕਾਂ ਨੇ ਲੋਪੋਕੇ ਭਰਾਵਾਂ ਦਾ ਸ਼ੋਅ ਸੈਕਰਾਮੈਂਟੋ ਵਿੱਚ ਦੁਬਾਰਾ ਕਰਵਾਇਆ।



ਗੋਲਡਨ ਸਟੇਟ ਟਰੱਕ ਸੇਲ ਦੇ ਮਾਲਕ ਧਰਮਿੰਦਰ ਸਿੰਘ ਤੇ ਸੁਰਿੰਦਰ ਸ਼ੇਰਗਿੱਲ ਵਲੋਂ ਕਰਵਾਏ ਗਏ ਸਮਾਗਮ ਵਿੱਚ ਗਾਇਕ ਭਰਾਵਾਂ ਲਖਬੀਰ ਲੋਪੋਕੇ ਤੇ ਰਾਜਿੰਦਰ ਲੋਪੋਕੇ ਨੇ ਸੁਰਾਂ ਦੀਆਂ ਛਹਿਬਰਾਂ ਲਾਈਆਂ। ਸ਼ੋਰ ਸ਼ਰਾਬੇ ਵਾਲੀ ਖੱਪ ਪਾਊ ਗਾਇਕੀ ਦੇ ਬਿਲਕੁਲ ਉਲਟ ਰੂਹ ਨੂੰ ਸਕੂਨ ਦੇਣ ਵਾਲੀਆਂ ਰਚਨਾਵਾਂ ਨੇ ਸਰੋਤਿਆਂ ਦੇ ਮਨ ਮੋਹ ਲਏ। ਲੋਕ ਗਾਇਕੀ ਦੇ ਨਾਲ ਨਾਲ ਸੂਫ਼ੀ ਗਾਇਕੀ ਦੀ ਮੁਹਾਰਤ ਰੱਖਣ ਵਾਲੇ ਇਨ੍ਹਾਂ ਗਾਇਕ ਭਰਾਵਾਂ ਨੇ ਕਮਾਲ ਦੀਆਂ ਬੰਦਿਸ਼ਾਂ ਪੇਸ਼ ਕਰਕੇ ਢਾਈ ਘੰਟੇ ਤੱਕ ਸਰੋਤਿਆਂ ਨੂੰ ਕੀਲ ਕੇ ਬਿਠਾਈ ਰੱਖਿਆ। ਕੀਬੋਰਡ 'ਤੇ ਨਰਿੰਦਰ ਬੱਗਾ ਅਤੇ ਤਬਲੇ 'ਤੇ ਇੰਡੀਆ ਤੋਂ ਆਏ ਮੰਗੀ ਸਹੋਤਾ ਨੇ ਸੁਰ ਤੇ ਤਾਲ ਦਾ ਮੇਲ ਕਰਵਾਉਂਦਿਆਂ ਸਮਾਗਮ ਨੂੰ ਤਾਜ਼ਗੀ ਬਖ਼ਸ਼ੀ। 'ਟੋਟਲ ਇੰਟਰਟੇਨਮੈਂਟ' ਦੇ ਅਵਤਾਰ ਲਾਖਾ ਅਤੇ ਵਿਜੇ ਸਿੰਘ ਨੇ ਦੱਸਿਆ ਕਿ 'ਲੋਪੋਕੇ ਭਰਾਵਾਂ' ਦੀਆਂ ਅਗਲੀਆਂ ਮਹਿਫ਼ਿਲਾਂ 7 ਜਨਵਰੀ ਨੂੰ ਸਟਾਕਟਨ ਅਤੇ 14 ਜਨਵਰੀ ਨੂੰ ਫਰਿਜ਼ਨੋ ਵਿੱਚ ਹੋਣ ਜਾ ਰਹੀਆਂ ਹਨ। ਹੋਰ ਜਾਣਕਾਰੀ ਲਈ ਅਵਤਾਰ ਲਾਖਾ ਨਾਲ 209 -200-0818 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਅਕਾਲੀ ਆਗੂ ਭੂੰਦੜ ਤੇ ਜੰਗਲਾਤ ਕਾਮਿਆਂ ਵਿਚਾਲੇ ਝੜਪ

## *ਅਕਾਲੀਆਂ ਦੇ ਲੱਠਮਾਰਾਂ ਨੇ ਬੇਰਹਿਮੀ ਨਾਲ ਕੀਤੀ ਕੁੱਟਮਾਰ, ਲੋਕਾਂ ਵੱਲੋਂ ਥਾਣੇ ਦਾ ਘਿਰਾਓ*

**ਮਾਨਸਾ/ਬਿਊਰੋ ਨਿਊਜ਼ :** ਇਥੋਂ ਨੇੜਲੇ ਪਿੰਡ ਦੂਲੋਵਾਲ ਦੇ ਸਰਕਾਰੀ ਸਕੂਲ ਵਿਚ ਇਕ ਸਮਾਗਮ ਦੌਰਾਨ ਰਾਜ ਸਭਾ ਮੈਂਬਰ ਤੇ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਮੀਤ ਪ੍ਰਧਾਨ ਬਲਵਿੰਦਰ ਸਿੰਘ ਭੂੰਦੜ ਅਤੇ ਵਣ ਵਿਭਾਗ ਦੇ ਮਜ਼ਦੂਰ ਹੱਥੋਪਾਈ ਹੋ ਗਏ। ਅਕਾਲੀਆਂ ਵੱਲੋਂ ਮਜ਼ਦੂਰਾਂ ਨੂੰ ਬੇਰਹਿਮੀ ਨਾਲ ਕੁੱਟਿਆ ਗਿਆ ਅਤੇ ਬਾਅਦ ਵਿਚ ਉਨ੍ਹਾਂ ਨੂੰ ਥਾਣਾ ਕੋਟਧਰਮੂ ਦੀ ਪੁਲੀਸ ਹਵਾਲੇ ਕਰ ਦਿੱਤਾ ਗਿਆ। ਅਕਾਲੀਆਂ ਨੇ ਮਜ਼ਦੂਰਾਂ 'ਤੇ ਸਮਾਗਮ ਵਿਚ ਨਸ਼ਾ ਕਰਕੇ ਆਉਣ 'ਤੇ ਸ੍ਰੀ ਭੂੰਦੜ ਨਾਲ ਬਦਤਮੀਜ਼ੀ ਕਰਨ ਦਾ ਦੋਸ਼ ਲਾਇਆ ਹੈ ਜਦੋਂ ਕਿ ਮਜ਼ਦੂਰਾਂ ਦਾ ਕਹਿਣਾ ਹੈ ਕਿ ਉਨ੍ਹਾਂ ਨੇ ਵਣ ਵਿਭਾਗ ਮਾਨਸਾ ਵਿੱਚ ਹੋਏ ਲੱਖਾਂ ਰੁਪਏ ਦੇ ਘਪਲੇ ਸਬੰਧੀ ਅਕਾਲੀ ਆਗੂ ਨੂੰ ਕਾਰਵਾਈ ਕਰਨ ਲਈ ਅਪੀਲ ਕੀਤੀ ਸੀ, ਜਿਸ ਤੋਂ ਖਿੱਝੇ ਅਕਾਲੀਆਂ ਨੇ ਉਨ੍ਹਾਂ ਦੇ ਸਿਰ ਵਿਚ ਸੱਟਾਂ ਮਾਰੀਆਂ ਹਨ। ਜਾਣਕਾਰੀ ਅਨੁਸਾਰ ਸ੍ਰੀ ਭੂੰਦੜ ਪਿੰਡ ਦੂਲੋਵਾਲ ਦੇ ਸਰਕਾਰੀ ਸਕੂਲ ਵਿੱਚ ਇਕ ਰਾਜਸੀ ਸਮਾਗਮ ਨੂੰ ਸੰਬੋਧਨ ਕਰਨ ਗਏ ਸਨ। ਵਣ ਵਿਭਾਗ ਦੇ ਦਿਹਾੜੀਦਾਰ ਕਾਮੇ ਅਤੇ ਦੂਲੋਵਾਲ ਵਾਸੀ ਰਾਜਾ ਸਿੰਘ ਅਤੇ ਜਲੰਧਰ ਸਿੰਘ ਨੇ ਸ੍ਰੀ ਭੂੰਦੜ ਕੋਲ ਜਾ ਕੇ ਵਣ ਵਿਭਾਗ ਵਿਚ 78 ਲੱਖ ਰੁਪਏ ਦਾ ਗਬਨ ਹੋਣ ਅਤੇ ਇਸ ਮਾਮਲੇ ਵਿਚ ਕਾਰਵਾਈ ਅੱਗੇ ਨਾ ਵਧਣ 'ਤੇ ਰੋਸ ਪ੍ਰਗਟਾਇਆ। ਉਥੇ ਖੜ੍ਹੇ ਅਕਾਲੀ ਵਰਕਰਾਂ ਨੇ ਕਿਸੇ ਗਲਤਫਹਿਮੀ ਕਾਰਨ ਦੋਵਾਂ ਮਜ਼ਦੂਰਾਂ ਨੂੰ ਪਾਸੇ ਕਰਨ ਦਾ ਯਤਨ ਕੀਤਾ, ਜਿਸ ਕਾਰਨ ਅਕਾਲੀ ਵਰਕਰਾਂ ਤੇ ਮਜ਼ਦੂਰਾਂ ਵਿਚ ਤੂੰ-ਤੂੰ-ਮੈਂ-ਮੈਂ ਹੋ ਗਈ। ਅਕਾਲੀਆਂ ਨੇ ਇਸ ਨੂੰ ਆਪਣੇ ਨੇਤਾ ਦੀ ਹੇਠੀ ਸਮਝਦਿਆਂ ਕਾਮਿਆਂ ਦੀ ਕੁੱਟਮਾਰ ਕਰ ਦਿੱਤੀ। ਜ਼ਿਕਰਯੋਗ ਹੈ ਕਿ ਬਲਵਿੰਦਰ ਸਿੰਘ ਭੂੰਦੜ ਦਾ ਪੁੱਤਰ ਦਿਲਰਾਜ ਸਿੰਘ ਸਰਦੂਲਗੜ੍ਹ ਵਿਧਾਨ ਸਭਾ ਹਲਕੇ ਤੋਂ ਅਕਾਲੀ ਦਲ ਦਾ ਉਮੀਦਵਾਰ ਹੈ। ਇਸ ਹਲਕੇ ਅਧੀਨ ਪਿੰਡ ਦੂਲੋਵਾਲ ਵੀ ਪੈਂਦਾ ਹੈ। ਦੱਸਣਯੋਗ ਹੈ ਕਿ ਜੰਗਲਾਤ ਕਾਮਿਆਂ ਵੱਲੋਂ ਆਪਣੀਆਂ ਮੰਗਾਂ ਤੇ ਵਿਭਾਗ ਵਿਚ ਹੋਏ 78 ਲੱਖ ਦੇ ਗਬਨ ਨੂੰ ਲੈ ਕੇ 48 ਦਿਨਾਂ ਤੋਂ ਡੀਸੀ ਦਫ਼ਤਰ ਬਾਹਰ ਧਰਨਾ ਦਿੱਤਾ ਹੋਇਆ ਹੈ।



ਥਾਣਾ ਕੋਟਧਰਮੂ ਅੱਗੇ ਲਾਏ ਧਰਨੇ ਨੂੰ ਸੰਬੋਧਨ ਕਰਦਾ ਹੋਇਆ ਐਡਵੋਕੇਟ ਕੁਲਵਿੰਦਰ ਸਿੰਘ ਉਡਤ।

ਕਾਮਿਆਂ ਦੇ ਸਮਰਥਨ ਵਿਚ ਆਏ ਸੀਪੀਆਈ (ਐਮ) ਦੇ ਜ਼ਿਲ੍ਹਾ ਸਕੱਤਰ ਐਡਵੋਕੇਟ ਕੁਲਵਿੰਦਰ ਸਿੰਘ ਉਡਤ, ਵਣ ਵਿਭਾਗ ਦੇ ਮਜ਼ਦੂਰਾਂ ਦੇ ਜ਼ਿਲ੍ਹਾ ਪ੍ਰਧਾਨ ਘੋਕਾ ਦਾਸ ਰੱਲਾ, ਸੀਪੀਆਈ (ਐਮ.ਐਲ) ਲਿਬਰੇਸ਼ਨ ਦੇ ਜ਼ਿਲ੍ਹਾ ਸਕੱਤਰ ਗੁਰਮੀਤ ਸਿੰਘ ਨੰਦਗੜ੍ਹ, ਬਲਾਕ ਪ੍ਰਧਾਨ ਬਲਵਿੰਦਰ ਸਿੰਘ ਘਰਾਂਗਣਾ, ਅਕਾਲੀ ਦਲ ਅੰਮ੍ਰਿਤਸਰ ਦੇ ਸੀਨੀਅਰ ਆਗੂ ਰਾਜਿੰਦਰ ਸਿੰਘ ਜਵਾਹਰਕੇ ਨੇ ਥਾਣਾ ਕੋਟਧਰਮੂ ਦਾ ਘਿਰਾਓ ਕੀਤਾ ਅਤੇ ਦੋਸ਼ ਲਾਇਆ ਕਿ ਮਜ਼ਦੂਰਾਂ ਦੀ ਗੱਲ ਸੁਣਨ ਦੀ ਬਜਾਏ ਅਕਾਲੀਆਂ ਨੇ ਉਨ੍ਹਾਂ ਨਾਲ ਕੁੱਟਮਾਰ ਕੀਤੀ ਹੈ। ਵੱਖ ਵੱਖ ਪਾਰਟੀਆਂ ਨਾਲ ਜੁੜੇ ਵਰਕਰਾਂ ਨੇ ਥਾਣਾ ਕੋਟਧਰਮੂ ਦਾ ਘਿਰਾਓ ਕਰਕੇ ਕਾਮਿਆਂ ਦੀ ਕੁੱਟਮਾਰ ਕਰਨ ਵਾਲੇ ਅਕਾਲੀ ਆਗੂਆਂ ਖ਼ਿਲਾਫ਼ ਕੇਸ ਦਰਜ ਕਰਕੇ ਜ਼ਖ਼ਮੀ ਮਜ਼ਦੂਰਾਂ ਨੂੰ ਰਿਹਾਅ ਕਰਨ ਦੀ ਮੰਗ ਕੀਤੀ। ਉਨ੍ਹਾਂ ਮਜ਼ਦੂਰਾਂ ਦੀ ਰਿਹਾਈ ਨਾ ਹੋਣ ਤਕ ਧਰਨਾ ਜਾਰੀ ਰੱਖਣ ਦਾ ਐਲਾਨ ਕੀਤਾ।

ਸ੍ਰੀ ਭੂੰਦੜ ਨੇ ਕਿਹਾ ਕਿ ਸਮਾਗਮ ਵਿੱਚ ਵਿਘਨ ਪਾਉਣ ਲਈ ਪਹਿਲਾਂ ਤੋਂ ਹੀ ਇਨ੍ਹਾਂ ਵਿਅਕਤੀਆਂ ਨੂੰ ਕਿਸੇ ਨੇ ਇਕੱਠ ਵਿਚ ਬਿਠਾਇਆ ਸੀ ਅਤੇ ਜਿਉਂ ਹੀ ਉਹ ਉਥੇ ਸੰਬੋਧਨ ਕਰਨ ਪੁੱਜੇ ਤਾਂ ਨਸ਼ੇ ਵਿੱਚ ਟੁੰਨ ਇਨ੍ਹਾਂ ਵਿਅਕਤੀਆਂ ਨੇ ਬਿਨਾਂ ਵਜ੍ਹਾ ਉਨ੍ਹਾਂ ਨਾਲ ਬਹਿਸ ਕੀਤੀ ਅਤੇ ਜਦੋਂ ਉਨ੍ਹਾਂ ਪਾਸੇ ਕਰਨ ਦਾ ਯਤਨ ਕੀਤਾ ਤਾਂ ਉਨ੍ਹਾਂ ਨੇ ਝਗੜਾ ਵਧਾ ਲਿਆ। ਸੀਪੀਆਈ (ਐਮ) ਦੇ ਜ਼ਿਲ੍ਹਾ ਸਕੱਤਰ ਐਡਵੋਕੇਟ ਕੁਲਵਿੰਦਰ ਸਿੰਘ ਉਡਤ ਨੇ ਦੱਸਿਆ ਕਿ ਪੁਲੀਸ ਕਾਰਵਾਈ ਖ਼ਿਲਾਫ਼ 3 ਜਨਵਰੀ ਨੂੰ 12 ਵਜੇ ਤੋਂ ਕੋਟ ਧਰਮੂ ਥਾਣੇ ਦਾ ਪੱਕੇ ਤੌਰ 'ਤੇ ਘਿਰਾਓ ਕੀਤਾ ਜਾਵੇਗਾ। ਥਾਣਾ ਕੋਟਧਰਮੂ ਦੇ ਮੁਖੀ ਗੁਰਮੇਲ ਸਿੰਘ ਨੇ ਕਿਹਾ ਕਿ ਦੋ ਵਿਅਕਤੀਆਂ ਨੇ ਸ਼ਰਾਬ ਪੀ ਕੇ ਸਮਾਗਮ ਵਿਚ ਵਿਘਨ ਪਾਇਆ ਹੈ ਅਤੇ ਪੁਲੀਸ ਨੇ ਉਨ੍ਹਾਂ ਦਾ ਡਾਕਟਰੀ ਮੁਆਇਨਾ ਕਰਾਇਆ ਹੈ। ਇਨ੍ਹਾਂ ਖ਼ਿਲਾਫ਼ ਕਾਨੂੰਨੀ ਕਾਰਵਾਈ ਕੀਤੀ ਜਾ ਰਹੀ ਹੈ।

# ਬਾਦਲਾਂ ਦੀਆਂ ਇੰਡੋ-ਕੈਨੇਡੀਅਨ ਬੱਸਾਂ ਦੇ ਅਮਲੇ ਦੀ ਗੁੰਡਾਗਰਦੀ, ਹਰਮਿਸ ਟਰਾਂਸਪੋਰਟ ਦੀਆਂ ਬੱਸਾਂ ਭੰਨੀਆਂ

## ਟਰਾਂਸਪੋਰਟ ਕੰਪਨੀ ਹਥਿਆਉਣਾ ਚਾਹੁੰਦਾ ਹੈ ਬਾਦਲ ਪਰਿਵਾਰ : ਮੋਹਿਤ ਗਿੱਲ

**ਰਾਜਪੁਰਾ/ਬਿਊਰੋ ਨਿਊਜ਼ :** ਇੰਡੋ-ਕੈਨੇਡੀਅਨ ਬੱਸ ਦੇ ਅਮਲੇ ਵੱਲੋਂ ਜਲੰਧਰ ਤੋਂ ਦਿੱਲੀ ਏਅਰਪੋਰਟ ਤੱਕ ਸਵਾਰੀਆਂ ਢੋਣ ਵਾਲੀ ਹਰਮਿਸ ਇੰਟਰਨੈਸ਼ਨਲ ਟਰਾਂਸਪੋਰਟ ਜਲੰਧਰ ਦੀਆਂ ਬੱਸਾਂ ਦੀ ਕੌਮੀਸ਼ਾਹ ਮਾਰਗ ਨੰ. 1 'ਤੇ ਪਿੰਡ ਗੰਡਿਆਂ ਨੇੜੇ ਘੇਰ ਕੇ ਤੋੜ-ਭੰਨ ਕੀਤੀ ਗਈ ਅਤੇ ਅਮਲੇ ਨੂੰ ਬੱਸਾਂ ਬੰਦ ਕਰਨ ਲਈ ਧਮਕਾਉਣ ਦੇ ਬਾਵਜੂਦ ਪੁਲੀਸ ਵੱਲੋਂ ਕਾਰਵਾਈ ਨਾ ਕੀਤੇ ਜਾਣ 'ਤੇ ਹਰਮਿਸ ਇੰਟਰਨੈਸ਼ਨਲ ਟ੍ਰਾਂਸਪੋਰਟ ਦੇ ਪ੍ਰਬੰਧਕਾਂ ਵੱਲੋਂ ਪੁਲੀਸ ਕਾਰਗੁਜ਼ਾਰੀ ਪ੍ਰਤੀ ਰੋਸ ਪਾਇਆ ਜਾ ਰਿਹਾ ਹੈ।

ਹਰਮਿਸ ਇੰਟਰਨੈਸ਼ਨਲ ਟ੍ਰਾਂਸਪੋਰਟ ਜਲੰਧਰ ਦੇ ਮਾਲਕ ਆਨੰਦ ਮੋਹਿਤ ਗਿੱਲ ਨੇ ਜਲੰਧਰ ਵਿਚ ਬਾਦਲ ਪਰਿਵਾਰ 'ਤੇ ਗੰਭੀਰ ਦੋਸ਼ ਲਾਉਂਦਿਆਂ ਕਿਹਾ ਕਿ ਉਨ੍ਹਾਂ ਦੀਆਂ ਛੇ ਬੱਸਾਂ ਪਿਛਲੇ ਕਰੀਬ ਦੋ ਮਹੀਨੇ ਤੋਂ ਪਰਮਿਟ 'ਤੇ ਜਲੰਧਰ ਤੋਂ ਦਿੱਲੀ ਏਅਰਪੋਰਟ ਤੱਕ ਰੋਜ਼ਾਨਾ ਸਵਾਰੀਆ ਢੋਅ ਰਹੀਆਂ ਹਨ। ਉਨ੍ਹਾਂ ਦੋਸ਼ ਲਗਾਇਆ ਕਿ ਐਤਵਾਰ ਦੇਰ ਸ਼ਾਮ ਨੂੰ ਜਦੋਂ ਉਨ੍ਹਾਂ ਦੀਆਂ ਦੋ ਬੱਸਾਂ ਪੀ.ਬੀ 01-ਬੀ. 2192 ਅਤੇ ਪੀ.ਬੀ. 01- ਬੀ. 2194 ਜਲੰਧਰ ਤੋਂ ਦਿੱਲੀ ਖਾਲੀ ਜਾ ਰਹੀਆਂ ਸਨ, ਤਾਂ ਬਾਦਲਾਂ ਦੀ ਮਾਲਕੀ ਵਾਲੀ ਇੰਡੋ-ਕੈਨੇਡੀਅਨ ਬੱਸ ਵਿੱਚ ਸਵਾਰ ਮੈਨੇਜਰ ਹਰਦੀਪ ਅਰੋੜਾ ਸਮੇਤ ਕਰੀਬ ਡੇਢ ਦਰਜਨ ਬੰਦਿਆਂ ਨੇ ਲੋਹੇ ਦੀਆਂ ਰਾਡਾਂ ਅਤੇ ਡਾਂਗਾਂ ਨਾਲ ਲੈਸ ਹੋ ਕੇ ਕੌਮੀ ਸ਼ਾਹ ਮਾਰਗ ਨੰ. 1 'ਤੇ ਪਿੰਡ ਗੰਡਿਆਂ ਨੇੜੇ ਉਨ੍ਹਾਂ ਦੀਆਂ ਬੱਸਾਂ ਮੂਹਰੇ ਆਪਣੀ ਬੱਸ ਲਗਾ ਕੇ ਬੱਸਾਂ ਰੋਕ ਲਈਆਂ ਅਤੇ ਇੰਡੋ-ਕੈਨੇਡੀਅਨ ਵਿੱਚ ਸਵਾਰ ਡਰਾਈਵਰ, ਕੰਡਕਟਰਾਂ ਅਤੇ ਹੋਰਨਾਂ ਲੱਠਮਾਰਾਂ ਨੇ ਉਨ੍ਹਾਂ (ਹਰਮਿਸ) ਦੀਆਂ ਬੱਸਾਂ 'ਤੇ ਲੋਹੇ ਦੀਆਂ ਰਾਡਾਂ ਅਤੇ ਡਾਂਗਾਂ ਨਾਲ ਹਮਲਾ ਕਰਕੇ ਭੰਨ ਤੋੜ ਕਰ ਦਿੱਤੀ ਅਤੇ ਨਾਲ ਹੀ ਉਕਤ ਬੱਸਾਂ ਦੇ ਅਮਲੇ ਡਰਾਈਵਰ ਬਲਜਿੰਦਰ ਸਿੰਘ ਖੰਨਾ, ਪਰਵਿੰਦਰ ਸਿੰਘ ਤਰਨਤਾਰਨ, ਕੰਡਕਟਰ ਸ਼ਸ਼ੀ ਅਤੇ ਸੰਦੀਪ ਕੁਮਾਰ ਨੂੰ ਧਮਕਾਇਆ ਕਿ ਉਹ ਇਸ ਰੂਟ 'ਤੇ ਆਪਣੀਆਂ ਬੱਸਾਂ ਲੈ ਕੇ ਜਾਣੀਆਂ ਬੰਦ ਕਰ ਦੇਣ ਨਹੀਂ ਤਾਂ ਭਿਆਨਕ ਨਤੀਜਾ ਭੁਗਤਣਾ ਪਵੇਗਾ। ਉਨ੍ਹਾਂ ਦੇ ਬੱਸ ਅਮਲੇ ਨੇ ਭੱਜ ਕੇ ਹਮਲਾਵਰਾਂ ਤੋਂ ਆਪਣੀ ਜਾਨ ਬਚਾਈ।



ਮੋਹਿਤ ਗਿੱਲ ਨੇ ਦੋਸ਼ ਲਗਾਇਆ ਕਿ ਇੰਡੋ-ਕੈਨੇਡੀਅਨ ਦੀ ਦਿੱਲੀ ਤੱਕ ਚੌਧਰ ਕਾਇਮ ਰੱਖਣ ਵਾਸਤੇ ਇਸ ਦੇ ਮਾਲਕਾਂ ਵੱਲੋਂ ਹੋਰਨਾਂ ਬੱਸ ਟਰਾਂਸਪੋਰਟਰਾਂ ਦਾ ਕਾਰੋਬਾਰ ਖਤਮ ਕਰਨ ਲਈ ਅਜਿਹਾ ਕੀਤਾ ਜਾ ਰਿਹਾ ਹੈ ਜੋ ਕਿ ਵੱਡੀ ਧੱਕੇਸ਼ਾਹੀ ਹੈ। ਗਿੱਲ ਨੇ ਦੱਸਿਆ ਕਿ ਉਨ੍ਹਾਂ ਦੀ ਟਰਾਂਸਪੋਰਟ ਦੇ ਮੈਨੇਜਰ ਸੁਖਬੀਰ ਸਿੰਘ ਵੱਲੋਂ ਇਸ ਸਬੰਧੀ ਥਾਣਾ ਸ਼ੰਭੂ ਦੀ ਪੁਲੀਸ ਕੋਲ ਸ਼ਿਕਾਇਤ ਕਰਨ ਦੇ ਬਾਵਜੂਦ ਦੂਜੇ ਦਿਨ ਵੀ ਪੁਲੀਸ ਨੇ ਕੋਈ ਕਾਰਵਾਈ ਨਹੀਂ ਕੀਤੀ। ਸੰਪਰਕ ਕਰਨ 'ਤੇ ਥਾਣਾ ਸ਼ੰਭੂ ਦੇ ਮੁਖੀ ਇੰਸਪੈਕਟਰ ਗੁਰਮੀਤ ਸਿੰਘ ਦਾ ਕਹਿਣਾ ਹੈ ਕਿ ਹਰਮਿਸ ਇੰਟਰਨੈਸ਼ਨਲ ਅਤੇ ਇੰਡੋ-ਕਨੇਡੀਅਨ ਦੋਵੇਂ ਧਿਰਾਂ ਦੇ ਝਗੜੇ ਸਬੰਧੀ ਸ਼ਿਕਾਇਤਾਂ ਮਿਲੀਆਂ ਹਨ। ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ। ਜਦ ਕਿ ਇਸ ਸਬੰਧੀ ਡੀ.ਐਸ.ਪੀ ਘਨੌਰ ਗੋਬਿੰਦਰ ਸਿੰਘ ਦਾ ਕਹਿਣਾ ਹੈ ਕਿ ਦੋਵੇਂ ਧਿਰਾਂ ਨੂੰ ਬੁਲਾਇਆ ਗਿਆ ਹੈ। ਦੋਵੇਂ ਧਿਰਾਂ ਬਾਹਰ ਹਨ ਉਨ੍ਹਾਂ ਦੇ ਆਉਣ 'ਤੇ ਬਿਆਨ ਦਰਜ ਕਰਕੇ ਮਾਮਲੇ ਦੀ ਜਾਂਚ ਉਪਰੰਤ ਅਗਲੇਰੀ ਕਾਰਵਾਈ ਕੀਤੀ ਜਾਵੇਗੀ।

# ਟੀਚਰਾਂ ਤੋਂ ਦੁਖੀ ਚੀਮਾ ਦਾ ਕੇਜਰੀ ਸਟਾਈਲ-ਰਾਜ ਭਵਨ 'ਤੇ ਰਾਤ ਭਰ ਦਿੱਤਾ ਧਰਨਾ

## *ਪੰਜਾਬ ਦੇ ਸਿੱਖਿਆ ਮੰਤਰੀ ਦੀ ਕੋਠੀ ਵਿੱਚ ਧਰਨਾ ਦੇਣ ਵਾਲੇ 33 ਬੇਰੁਜ਼ਗਾਰ ਗ੍ਰਿਫ਼ਤਾਰ*

**ਚੰਡੀਗੜ੍ਹ/ਬਿਊਰੋ ਨਿਊਜ਼ :** ਪੰਜਾਬ ਦੇ ਸਿੱਖਿਆ ਮੰਤਰੀ ਡਾ. ਦਲਜੀਤ ਸਿੰਘ ਚੀਮਾ ਨੇ ਯੂਟੀ ਪ੍ਰਸ਼ਾਸਨ ਵਿਰੁੱਧ ਸੜਕ ਉਪਰ ਅਤੇ ਬੇਰੁਜ਼ਗਾਰ ਅਧਿਆਪਕਾਂ ਨੇ ਸਿੱਖਿਆ ਮੰਤਰੀ ਦੀ ਇੱਥੇ ਸੈਕਟਰ-39 ਸਥਿਤ ਸਰਕਾਰੀ ਰਿਹਾਇਸ਼ ਵਿੱਚ ਧਰਨਾ ਦੇ ਕੇ ਨਵਾਂ ਵਰ੍ਹਾ 'ਮਨਾਇਆ'। ਚੰਡੀਗੜ੍ਹ ਪੁਲੀਸ ਨੇ ਕਈ ਘੰਟੇ ਪਏ ਰੌਲੇ ਤੋਂ ਬਾਅਦ ਤੜਕੇ ਦੋ ਵਜੇ ਡਾ. ਚੀਮਾ ਦੀ ਕੋਠੀ ਦੇ ਬਾਹਰ ਤੇ ਅੰਦਰ ਧਰਨਾ ਮਾਰੀ ਬੈਠੇ ਬੇਰੁਜ਼ਗਾਰ ਅਧਿਆਪਕਾਂ ਨੂੰ ਕਿਸੇ ਤਰ੍ਹਾਂ ਸ਼ਾਂਤ ਕਰ ਕੇ ਬਾਹਰ ਕੱਢਿਆ ਅਤੇ ਇਸ ਦੌਰਾਨ ਪੁਲੀਸ ਨੇ 33 ਬੇਰੁਜ਼ਗਾਰਾਂ ਨੂੰ ਗ੍ਰਿਫ਼ਤਾਰ ਕਰ ਕੇ ਥਾਣੇ ਬੰਦ ਕਰ ਦਿੱਤਾ। ਗ੍ਰਿਫ਼ਤਾਰ ਕੀਤੇ ਬੇਰੁਜ਼ਗਾਰਾਂ ਵਿੱਚ 12 ਲੜਕੀਆਂ ਤੇ 21 ਲੜਕੇ ਸ਼ਾਮਲ ਹਨ। ਬੇਰੁਜ਼ਗਾਰਾਂ ਵਿਰੁੱਧ ਕੇਸ ਦਰਜ ਕੀਤਾ ਗਿਆ ਹੈ। ਪੁਲੀਸ ਨੇ ਡਾ. ਚੀਮਾ ਦੇ ਪੀਏ ਪਰਮਿੰਦਰ ਸਿੰਘ ਦੀ ਸ਼ਿਕਾਇਤ 'ਤੇ ਕੇਸ ਦਰਜ ਕੀਤਾ ਹੈ। ਪੁਲੀਸ ਨੇ 21 ਮੁੰਡਿਆਂ ਵਿਰੁੱਧ ਧਾਰਾ 107 ਤੇ 151 ਦੀ ਕਾਰਵਾਈ ਕਰ ਕੇ ਉਨ੍ਹਾਂ ਨੂੰ 14 ਦਿਨਾਂ ਲਈ ਬੁੜੈਲ ਜੇਲ੍ਹ ਭੇਜ ਦਿੱਤਾ ਹੈ। ਕੁੜੀਆਂ ਨੂੰ ਜ਼ਮਾਨਤ ਦੇ ਦਿੱਤੀ ਹੈ। ਪੁਲੀਸ ਸੂਤਰਾਂ ਅਨੁਸਾਰ ਭਾਵੇਂ ਬੇਰੁਜ਼ਗਾਰ ਸ਼ਨਿੱਚਰਵਾਰ ਸਵੇਰੇ ਡਾ. ਚੀਮਾ ਦੀ ਕੋਠੀ ਦਾ ਘਿਰਾਓ ਕਰ ਕੇ ਉਥੇ ਬੈਠ ਗਏ ਸਨ ਪਰ ਸਿੱਖਿਆ ਮੰਤਰੀ ਦੇ ਸਟਾਫ਼ ਨੇ ਇਸ ਦੀ ਸ਼ਿਕਾਇਤ ਸ਼ਾਮੀਂ 6 ਵਜੇ ਦਿੱਤੀ। ਬੇਰੁਜ਼ਗਾਰਾਂ ਵੱਲੋਂ ਆਤਮਦਾਹ ਕਰਨ ਦੀ ਧਮਕੀ ਦੇਣ ਕਾਰਨ ਚੰਡੀਗੜ੍ਹ ਪੁਲੀਸ ਉਨ੍ਹਾਂ ਨੂੰ ਤਾਕਤ ਦੀ ਵਰਤੋਂ ਕਰ ਕੇ ਕੋਠੀ ਵਿੱਚੋਂ ਬਾਹਰ ਕੱਢਣ ਤੋਂ ਝਿਜਕ ਰਹੀ ਸੀ। ਇਸ ਦੌਰਾਨ ਜਦੋਂ ਡਾ. ਚੀਮਾ ਨੇ ਰਾਤ ਨੂੰ ਪੰਜਾਬ ਰਾਜ ਭਵਨ ਮੂਹਰੇ ਸੜਕ ਉਪਰ ਰੋਸ ਧਰਨਾ ਦਿੱਤਾ ਤਾਂ ਚੰਡੀਗੜ੍ਹ ਪੁਲੀਸ ਤੇ ਪ੍ਰਸ਼ਾਸਨ ਦੇ ਅਧਿਕਾਰੀਆਂ ਵਿੱਚ ਖਲਬਲੀ ਮਚ ਗਈ। ਧਰਨੇ ਦੌਰਾਨ ਡਾ. ਚੀਮਾ ਨੇ ਦੋਸ਼ ਲਾਇਆ ਕਿ ਚੰਡੀਗੜ੍ਹ ਪੁਲੀਸ ਵਿੱਚ ਪੰਜਾਬ ਪੁਲੀਸ ਦਾ ਕੋਈ ਅਧਿਕਾਰੀ ਨਾ ਹੋਣ ਕਾਰਨ ਇੱਥੋਂ ਦੇ ਅਧਿਕਾਰੀ ਪੰਜਾਬ ਦੇ ਇਕ ਮੰਤਰੀ ਦੀ ਸੁਣਵਾਈ ਕਰਨ ਤੋਂ ਵੀ ਇਨਕਾਰੀ ਹਨ।



ਤੜਕੇ ਇਕ ਵਜੇ ਰਾਜਪਾਲ ਵੀ.ਪੀ. ਬਦਨੌਰ ਨੇ ਚੰਡੀਗੜ੍ਹ ਦੇ ਇੰਸਪੈਕਟਰ ਜਨਰਲ ਤਜਿੰਦਰ ਸਿੰਘ ਲੂਥਰਾ ਨੂੰ ਤਲਬ ਕਰ ਕੇ ਡਾ. ਚੀਮਾ ਦੀ ਕੋਠੀ ਤੁਰੰਤ ਖਾਲੀ ਕਰਨ ਦੇ ਹੁਕਮ ਦਿੱਤੇ। ਇਸ ਤੋਂ ਬਾਅਦ ਸ੍ਰੀ ਲੂਥਰਾ ਨੇ ਡਾ. ਚੀਮਾ ਨਾਲ ਗੱਲਬਾਤ ਕੀਤੀ ਅਤੇ ਬੇਰੁਜ਼ਗਾਰਾਂ ਨਾਲ ਮੀਟਿੰਗ ਕਰਨ ਦਾ ਸੁਝਾਅ ਦਿੱਤਾ। ਇਸ ਤੋਂ ਬਾਅਦ ਤੜਕੇ ਡੇਢ ਵਜੇ ਦੇ ਕਰੀਬ ਡਾ. ਚੀਮਾ ਆਪਣੀ ਕੋਠੀ ਆਏ ਅਤੇ ਬੇਰੁਜ਼ਗਾਰਾਂ ਦੇ ਨੁਮਾਇੰਦਿਆਂ ਨਾਲ ਗੱਲਬਾਤ ਲਈ ਸਹਿਮਤ ਹੋਏ, ਜਿਸ ਤੋਂ ਬਾਅਦ ਧਰਨਾ ਮਾਰੀ ਬੈਠੇ 116 ਦੇ ਕਰੀਬ ਬੇਰੁਜ਼ਗਾਰ ਕੋਠੀ ਤੋਂ ਬਾਹਰ ਆ ਗਏ।

ਡਾ. ਚੀਮਾ ਨਾਲ ਗੱਲਬਾਤ ਤੋਂ ਬਾਅਦ ਪੁਲੀਸ ਨੇ 33 ਬੇਰੁਜ਼ਗਾਰਾਂ ਨੂੰ ਗ੍ਰਿਫ਼ਤਾਰ ਕਰ ਲਿਆ, ਜਦੋਂ ਕਿ ਬਾਕੀ ਵਾਪਸ ਚਲੇ ਗਏ। ਡਾ. ਚੀਮਾ ਨੇ ਦੱਸਿਆ ਕਿ ਡੀਪੀਆਈ ਬੇਰੁਜ਼ਗਾਰਾਂ ਨੂੰ ਮਿਲ ਕੇ ਸਪਸ਼ਟ ਕਰ ਚੁੱਕੇ ਹਨ ਕਿ ਪੱਛੜੀਆਂ ਸ਼੍ਰੇਣੀਆਂ ਨਾਲ ਸਬੰਧਤ ਈਟੀਟੀ ਅਧਿਆਪਕਾਂ ਦੀਆਂ ਸਮੂਹ ਆਸਾਮੀਆਂ ਭਰੀਆਂ ਜਾ ਚੁੱਕੀਆਂ ਹਨ ਪਰ ਬੇਰੁਜ਼ਗਾਰ ਹੋਰ ਭਰਤੀ ਕਰਨ ਦੀ ਜ਼ਿੱਦ ਕਰ ਰਹੇ ਹਨ। ਦੂਜੇ ਪਾਸੇ ਬੇਰੁਜ਼ਗਾਰਾਂ ਦੇ ਪ੍ਰਤੀਨਿਧ ਕਮਲ ਠਾਕੁਰ ਨੇ ਕਿਹਾ ਕਿ ਹਾਈ ਕੋਰਟ ਨੇ ਪੰਜਾਬ ਸਰਕਾਰ ਨੂੰ ਸਮੂਹ 6505 ਆਸਾਮੀਆਂ ਭਰਨ ਦੇ ਆਦੇਸ਼ ਦਿੱਤੇ ਹਨ ਪਰ ਕੇਵਲ 4800 ਬੇਰੁਜ਼ਗਾਰਾਂ ਨੂੰ ਨੌਕਰੀਆਂ ਦਿੱਤੀਆਂ ਗਈਆਂ।

# ਬਾਦਲਾਂ ਦੀ ਔਰਬਿਟ ਦੇ 'ਬੁਰੇ ਦਿਨ'- ਨਾਕੇ ਤੋਂ ਭੱਜ ਰਹੀ ਦਾ ਕੱਟਿਆ ਚਾਲਾਨ

**ਸੰਗਰੂਰ/ਬਿਊਰੋ ਨਿਊਜ਼ :** ਪੰਜਾਬ ਦੀ ਅਕਾਲੀ-ਭਾਜਪਾ ਸਰਕਾਰ ਦੇ ਕਾਰਜਕਾਲ ਦੇ ਆਖ਼ਰੀ ਦਿਨਾਂ ਦੌਰਾਨ ਟਰੈਫ਼ਿਕ ਪੁਲੀਸ ਨੇ ਆਪਣਾ ਰੁਖ਼ ਸਖ਼ਤ ਕਰਦਿਆਂ ਔਰਬਿਟ ਕੰਪਨੀ ਦੀ ਨਾਕੇ ਤੋਂ ਭਜਾਈ ਬੱਸ ਨੂੰ ਚੌਕ ਵਿੱਚ ਰੋਕ ਕੇ ਚਲਾਨ ਕੱਟ ਦਿੱਤਾ। ਸਿਟੀ ਟਰੈਫ਼ਿਕ ਪੁਲੀਸ ਵੱਲੋਂ ਸ਼ਹਿਰ ਵਿੱਚ ਨਾਕੇ ਲਾ ਕੇ ਟਰੈਫ਼ਿਕ ਨਿਯਮਾਂ ਦੀ ਉਲੰਘਣਾ ਕਰਨ ਵਾਲਿਆਂ ਦੇ ਚਲਾਨ ਕੱਟੇ ਜਾ ਰਹੇ ਸਨ। ਜਾਣਕਾਰੀ ਅਨੁਸਾਰ ਸਿਟੀ ਟਰੈਫ਼ਿਕ ਪੁਲੀਸ ਨੇ ਇੱਥੇ ਲਾਲ ਬੱਤੀ ਚੌਕ ਤੋਂ ਥੋੜਾ ਅੱਗੇ ਨਾਕਾ ਲਾਇਆ ਹੋਇਆ ਸੀ। ਟਰੈਫ਼ਿਕ ਪੁਲੀਸ ਨੇ ਬੱਸ ਸਟੈਂਡ ਤੋਂ ਆ ਰਹੀ ਔਰਬਿਟ ਕੰਪਨੀ ਦੀ ਬੱਸ ਨੂੰ ਨਾਕੇ 'ਤੇ ਰੁਕਣ ਦਾ ਇਸ਼ਾਰਾ ਕੀਤਾ ਪਰ ਚਾਲਕ ਨੇ ਬੱਸ ਭਜਾ ਲਈ। ਟਰੈਫ਼ਿਕ ਪੁਲੀਸ ਨੇ ਬੱਸ ਦਾ ਪਿੱਛਾ ਕਰਦਿਆਂ ਭਗਵਾਨ ਮਹਾਂਵੀਰ ਚੌਕ ਵਿੱਚ ਬੱਸ ਨੂੰ ਰੋਕ ਲਿਆ। ਪੁਲੀਸ ਨੇ ਔਰਬਿਟ ਦੇ ਪ੍ਰੈਸ਼ਰ ਹਾਰਨ ਦਾ ਚਲਾਨ ਕੱਟ ਦਿੱਤਾ। ਟਰੈਫ਼ਿਕ ਪੁਲੀਸ ਨੇ ਵੱਡੇ ਘਰਾਣੇ ਦੀਆਂ ਦੋ ਬੱਸਾਂ ਦੇ ਚਲਾਨ ਕੀਤੇ ਹਨ। ਸਿਟੀ ਟਰੈਫ਼ਿਕ ਪੁਲੀਸ ਦੇ ਇੰਚਾਰਜ ਪਵਨ ਕੁਮਾਰ ਨੇ ਦੱਸਿਆ ਕਿ ਟਰੈਫ਼ਿਕ ਨਿਯਮਾਂ ਦੀ ਉਲੰਘਣਾ ਦੇ ਵੱਖ-ਵੱਖ ਦੋਸ਼ਾਂ ਤਹਿਤ 10 ਬੱਸਾਂ ਦੇ ਚਲਾਨ ਕੱਟੇ ਗਏ ਹਨ। ਇਸ ਤੋਂ ਇਲਾਵਾ 10 ਦੋ ਪਹੀਆ ਵਾਹਨਾਂ ਦੇ ਚਲਾਨ ਕੱਟੇ ਹਨ, ਜਿਨ੍ਹਾਂ ਵਿੱਚ ਸੈਲੰਸਰਾਂ ਰਾਹੀਂ ਪਟਾਕੇ ਪਾ ਕੇ ਸ਼ੋਰ ਮਚਾਉਣ ਵਾਲੇ ਮੋਟਰਸਾਈਕਲ ਵੀ ਸ਼ਾਮਲ ਹਨ।



ਸੰਗਰੂਰ ਦੇ ਭਗਵਾਨ ਮਹਾਂਵੀਰ ਚੌਕ 'ਚ ਔਰਬਿਟ ਬੱਸ ਦਾ ਚਲਾਨ ਕੱਟਦੀ ਹੋਈ ਟਰੈਫ਼ਿਕ ਪੁਲੀਸ।

ਗ਼ੌਰਤਲਬ ਹੈ ਕਿ ਸੜਕੀ ਹਾਦਸਿਆਂ ਦੇ ਮਾਮਲਿਆਂ ਕਾਰਨ ਔਰਬਿਟ ਬੱਸਾਂ ਪਿਛਲੇ ਕੁਝ ਸਮੇਂ ਤੋਂ ਚਰਚਾ ਵਿੱਚ ਹਨ। ਪਿਛਲੇ ਸਮੇਂ ਵਿੱਚ ਇਨ੍ਹਾਂ ਬੱਸਾਂ ਕਾਰਨ ਕਈ ਹਾਦਸੇ ਹੋਏ ਹਨ। ਇਸ ਦੌਰਾਨ ਅਕਾਲੀ-ਭਾਜਪਾ ਸਰਕਾਰ ਦੇ ਮੌਜੂਦਾ ਕਾਰਜਕਾਲ ਦੇ ਆਖ਼ਰੀ ਦਿਨਾਂ ਵਿੱਚ ਅਫ਼ਸਰਸ਼ਾਹੀ ਦਾ ਰੁਖ਼ ਵੀ ਕਰਵਟ ਲੈਣ ਲੱਗਿਆ ਹੈ। ਪੁਲੀਸ ਨੇ ਆਪਣੇ ਤੇਵਰ ਦਿਖਾਉਣੇ ਸ਼ੁਰੂ ਕਰ ਦਿੱਤੇ ਹਨ। ਇਸੇ ਤਹਿਤ ਟਰੈਫ਼ਿਕ ਪੁਲੀਸ ਨੇ ਵੀ ਸਖ਼ਤ ਰੁਖ਼ ਅਖ਼ਤਿਆਰ ਕਰ ਲਿਆ ਹੈ। ਟਰੈਫ਼ਿਕ ਪੁਲੀਸ ਦਾ ਕਹਿਣਾ ਹੈ ਕਿ ਨੇਮਾਂ ਦੀ ਉਲੰਘਣਾ ਕਰਨ ਵਾਲਿਆਂ ਨੂੰ ਬਖ਼ਸ਼ਿਆ ਨਹੀਂ ਜਾਵੇਗਾ ਤੇ ਸਖ਼ਤੀ ਨਾਲ ਪੇਸ਼ ਆਇਆ ਜਾਵੇਗਾ। ਇਸੇ ਲਈ ਨਾਕੇ ਲਗਾ ਕੇ ਨੇਮਾਂ-ਕਾਨੂੰਨਾਂ ਦੀ ਉਲੰਘਣਾ ਕਰਨ ਵਾਲੇ ਵਾਹਨਾਂ ਦੇ ਚਲਾਨ ਕੱਟੇ ਜਾ ਰਹੇ ਹਨ।

# ਗੁਰਦੁਆਰਾ ਗੁਰੂ ਨਾਨਕ ਸਿੱਖ ਟੈਂਪਲ ਫੇਅਰਫੀਲਡ ਦੀ ਸਰਬਸੰਮਤੀ ਨਾਲ ਚੋਣ

## *ਹਰਜਿੰਦਰ ਸਿੰਘ ਧਾਮੀ ਪ੍ਰਧਾਨ ਬਣੇ*



**ਫੇਅਰਫੀਲਡ/ਹੁਸਨ ਲੜੋਆ** ਬੰਗਾ : ਸ਼ਹਿਰ ਦੇ ਗੁਰਦੁਆਰਾ ਸਾਹਿਬ ਗੁਰੂ ਨਾਨਕ ਸਿੱਖ ਟੈਂਪਲ ਦੀ ਚੋਣ ਸ਼ਾਂਤਮਈ ਢੰਗ ਨਾਲ ਨੇਪੜੇ ਚੜ੍ਹ ਗਈ। ਇਸ ਦੌਰਾਨ ਨਵੀਂ ਬਣਾਈ ਕਮੇਟੀ ਵਿਚ 15 ਮੈਂਬਰ ਚੁਣੇ ਗਏ ਤੇ ਇਨ੍ਹਾਂ ਵਿਚੋਂ ਛੇ ਸੇਵਾਦਾਰ ਮੁੱਖ ਅਹੁਦਿਆਂ ਲਈ ਚੁਣੇ ਗਏ। ਇਸ ਦੌਰਾਨ ਸਰਬਸੰਮਤੀ ਨਾਲ ਕੀਤੀ ਚੋਣ ਵਿਚ ਹਰਜਿੰਦਰ ਸਿੰਘ ਧਾਮੀ ਪ੍ਰਧਾਨ, ਸੂਰਤ ਸਿੰਘ ਪੰਧੇਰ ਮੀਤ ਪ੍ਰਧਾਨ, ਰਾਮ ਸਿੰਘ ਮਠਾੜੂ ਸੈਕਟਰੀ, ਹਰਦੀਪ ਸਿੰਘ ਭੰਗੂ ਜੁਆਇੰਟ ਸੈਕਟਰੀ, ਨਗਿੰਦਰ ਸਿੰਘ ਬੈਨੀਪਾਲ ਖਜ਼ਾਨਚੀ, ਹੁਸ਼ਿਆਰ ਸਿੰਘ ਡਡਵਾਲ ਸਹਾਇਕ ਖਜ਼ਾਨਚੀ ਚੁਣੇ ਗਏ। ਬਾਕੀ ਮੈਂਬਰਾਂ ਵਿਚ ਕੁਲਵੰਤ ਸਿੰਘ ਬੈਂਸ, ਸੁਰਜੀਤ ਸਿੰਘ ਰੱਤੂ, ਹਰਭਜ ਸਿੰਘ ਪਾਹਲ, ਕੁਲਵਿੰਦਰ ਸਿੰਘ ਬੈਂਸ, ਜਸਪ੍ਰੀਤ ਸਿੰਘ, ਚਰਨਜੀਤ ਸਿੰਘ, ਰਜਿੰਦਰ ਸਿੰਘ, ਬਹਾਦਰ ਸਿੰਘ ਤੇ ਭਿੰਦਰ ਸਿੰਘ ਸੰਧੂ ਮੈਂਬਰ ਬਣਾਏ ਗਏ। ਇਸ ਦੌਰਾਨ ਨਵੇਂ ਪ੍ਰਬੰਧਕਾਂ ਨੇ ਗੁਰੂ ਘਰ ਦੀ ਬੇਹਤਰੀ ਅਤੇ ਸੰਗਤਾਂ ਨਾਲ ਸਾਂਝੇ ਕੀਤੇ ਪ੍ਰਾਜੈਕਟਾਂ ਨੂੰ ਪੂਰਨ ਕਰਨ ਲਈ ਵਚਨਬੱਧਤਾ ਨੂੰ ਦੁਹਰਾਇਆ। ਇਸ ਪ੍ਰਤੀ ਉਨ੍ਹਾਂ ਸੰਗਤਾਂ ਦਾ ਸਹਿਯੋਗ ਵੀ ਮੰਗਿਆ।

# ਸੈਕਰਾਮੈਂਟੋ ’ਚ ਗ਼ਦਰੀ ਬਾਬਿਆਂ ਸਬੰਧੀ ਸਮਾਗਮ 7 ਜਨਵਰੀ ਨੂੰ



**ਸੈਕਰਾਮੈਂਟੋ/ਬਿਊਰੋ ਨਿਊਜ਼** :ਗ਼ਦਰ ਮੈਮੋਰੀਅਲ ਫਾਊਂਡੇਸ਼ਨ ਆਫ਼ ਕੈਲੀਫੋਰਨੀਆ ਵੱਲੋਂ ਕਰਵਾਏ ਜਾਂਦੇ ਗ਼ਦਰੀ ਬਾਬਿਆਂ ਪ੍ਰਤੀ ਸਮਾਗਮ ਇਸ ਵਾਰ 7 ਜਨਵਰੀ ਨੂੰ ਸੈਕਰਾਮੈਂਟੋ ਪਰਫੋਰਮਿੰਗ ਆਰਟ ਸੈਂਟਰ ਸੈਲਡਨ ਹਾਈ ਸਕੂਲ ਵਿਖੇ ਬਾਅਦ ਦੁਪਹਿਰ ਕਰਵਾਇਆ ਜਾ ਰਿਹਾ ਹੈ। ਇਹ ਸਮਾਗਮ ਇਸ ਵਾਰ ਦੂਜੇ ਲਾਹੌਰ ਸਾਜ਼ਿਸ਼ ਕੇਸ ਦੇ ਸ਼ਹੀਦਾਂ ਨੂੰ ਸਮਰਪਿਤ ਰੱਖਿਆ ਗਿਆ ਹੈ। ਇਸ ਸਮਾਗਮ ਵਿਚ ਮੁੱਖ ਬੁਲਾਰੇ ਡਾ. ਗੁਰੂਮੇਲ ਸਿੱਧੂ ਫਰਿਜ਼ਨੋ, ਨਿਰਮਲ ਸਿੰਘ ਘੁੰਮਣ ਸਰੀ ਕੈਨੇਡਾ, ਮੁਲਖ ਰਾਜ ਸ਼ਰਮਾ ਹੋਣਗੇ। ਇਸ ਦੌਰਾਨ ਅਨੂਪ ਚੀਮਾ ਤੇ ਪੰਮੀ ਮਾਨ ਗਾਇਕ ਹੋਣਗੇ। ਸੰਸਥਾ ਦੇ ਪ੍ਰਧਾਨ ਸੁਰਜੀਤ ਸਿੰਘ ਅਟਵਾਲ ਨੇ ਦੱਸਿਆ ਕਿ ਇਸ ਮੌਕੇ ਕੁਝ ਚੋਣਵੀਆਂ ਸ਼ਖ਼ਸੀਅਤਾਂ ਨੂੰ ਵੀ ਸਨਮਾਨਿਤ ਕੀਤਾ ਜਾਵੇਗਾ। ਇਸ ਮੌਕੇ ਦਵਿੰਦਰ ਚਮਨ ਦਾ ਲਿਖਿਆ ਤੇ ਨਿਰਦੇਸ਼ਤ ਨਾਟਕ ‘ਬਾਬਾ ਬੰਦਾ ਸਿੰਘ ਬਹਾਦਰ’ ਵੀ ਖੇਡਿਆ ਜਾਵੇਗਾ ਤੇ ਭੰਗੜਾ ਵੀ ਹੋਵੇਗਾ।

# ਦਸਤਾਰ ਦੀ ਪਹਿਚਾਣ ਲਈ ਅਮਰੀਕੀ ਸਿਆਸਤ ’ਚ ਸ਼ਾਮਲ ਹੋਣਾ ਜ਼ਰੂਰੀ : ਗੁਰਜਤਿੰਦਰ ਸਿੰਘ ਰੰਧਾਵਾ

**ਸੈਕਰਾਮੈਂਟੋ/ਬਿਊਰੋ ਨਿਊਜ਼** : ਡੈਮੋਕ੍ਰੇਟਿਕ ਡੈਲੀਗੇਟ ਦੀ ਅਸੈਂਬਲੀ ਹਲਕਾ ਡਿਸਟ੍ਰਿਕ-9 ਤੋਂ ਚੋਣ ਲੜ ਰਹੇ ਉਮੀਦਵਾਰ ਗੁਰਜਤਿੰਦਰ ਸਿੰਘ ਰੰਧਾਵਾ ਨੇ ਕਿਹਾ ਕਿ ਅਮਰੀਕਾ ਵਿਚ ਸਿੱਖਾਂ ਦੀ ਪਹਿਚਾਣ ਬਣਾਉਣ ਲਈ ਸਥਾਨਕ ਰਾਜਨੀਤੀ ਵਿਚ ਸ਼ਾਮਲ ਹੋਣਾ ਬਹੁਤ ਜ਼ਰੂਰੀ ਹੈ। ਉਨਾਂ ਕਿਹਾ ਕਿ ਸਤੰਬਰ 2001 ਵਿਚ ਅਮਰੀਕਾ ਵਿਚ ਹੋਏ



ਹਮਲਿਆਂ ਤੋਂ ਬਾਅਦ ਸਿੱਖਾਂ ਨੂੰ ਗਲਤ ਨਿਗਾ ਨਾਲ ਦੇਖਿਆ ਜਾਣ ਲੱਗਿਆ ਹੈ ਅਤੇ ਬਹੁਤ ਸਾਰੇ ਸਿੱਖ ਨਸਲੀ ਹਿੰਸਾ ਦਾ ਸ਼ਿਕਾਰ ਵੀ ਹੋਏ ਹਨ। ਸ. ਰੰਧਾਵਾ ਨੇ ਕਿਹਾ ਕਿ ਉਹ ਅਮਰੀਕਾ ਦੀ ਸਿਆਸਤ ਵਿਚ ਸਿੱਖ ਪਛਾਣ ਬਣਾਉਣ ਲਈ ਹੀ ਸ਼ਾਮਲ ਹੋਏ ਹਨ ਅਤੇ ਹੁਣ ਡੈਮੋਕ੍ਰੇਟਿਕ ਡੈਲੀਗੇਟ ਅਤੇ ਐਗਜ਼ੈਕਟਿਵ ਬੋਰਡ ਦੀ ਚੋਣ ਲਈ ਕੈਲੀਫੋਰਨੀਆ ਅਸੈਂਬਲੀ ਹਲਕਾ ਡਿਸਟ੍ਰਿਕ-9 ਤੋਂ ਉਮੀਦਵਾਰ ਹਨ। ਉਨਾਂ ਸਮੂਹ ਭਾਈਚਾਰੇ ਨੂੰ ਅਪੀਲ ਕੀਤੀ ਹੈ ਕਿ ਜੇ ਤੁਸੀਂ ਅਮਰੀਕਾ ਦੇ ਸਿਟੀਜ਼ਨ ਹੋ ਅਤੇ ਐਲਕ ਗਰੋਵ, ਸਾਊਥ ਸੈਕਰਾਮੈਂਟੋ, ਗਾਲਟ ਅਤੇ ਲੋਡਾਈ ਦੇ ਵਸਨੀਕ ਹੋ, ਤਾਂ 7 ਜਨਵਰੀ ਦਿਨ ਸ਼ਨਿਚਰਵਾਰ ਸਵੇਰੇ ਠੀਕ 9.30 ਤੋਂ 12:00 ਵਜੇ ਤੱਕ 3443, ਲਗੂਨਾ ਬੁੱਲੇਵਾਰਡ, ਐਲਕ ਗਰੋਵ ਵਿਖੇ ਵੋਟ ਪਾਉਣ ਲਈ ਜ਼ਰੂਰ ਪਹੁੰਚੋ। ਜ਼ਿਕਰਯੋਗ ਹੈ ਕਿ ਗੁਰਜਤਿੰਦਰ ਸਿੰਘ ਰੰਧਾਵਾ ਪਹਿਲਾਂ ਵੀ ਨੈਸ਼ਨਲ ਡੈਮੋਕ੍ਰੇਟਿਕ ਡੈਲੀਗੇਟ ਚੁਣੇ ਜਾ ਚੁੱਕੇ ਹਨ।

# ਟਿਆਰਾ ਬਿਊਨਾ ਗੁਰੂ ਘਰ ਯੂਬਾ ਸਿਟੀ ਵਿਖੇ ਪੰਜਾਬੀ ਦੀ ਪੜ੍ਹਾਈ ਲਈ ਕਲਾਸ 8 ਜਨਵਰੀ ਐਤਵਾਰ ਤੋਂ

ਯੂਬਾ ਸਿਟੀ/ਸੇਵਾ ਸਿੰਘ ਬੈਂਸ:

ਗੁਰਦੁਆਰਾ ਸਾਹਿਬ ਟਿਆਰਾ ਬਿਉਨਾ ਰੋਡ ਯੂਬਾ ਸਿਟੀ ਵਿਖੇ ਪੰਜਾਬੀ ਸਕੂਲ ਦੀ ਕਲਾਸ 8 ਜਨਵਰੀ ਐਤਵਾਰ ਨੂੰ ਸਵੇਰੇ 10 ਵਜੇ ਦਸਮੇਸ਼ ਹਾਲ ਵਿਚ ਸ਼ੁਰੂ ਹੋਣ ਜਾ ਰਹੀ ਹੈ ਜੀ। ਸਕੂਲ ਸਟਾਫ ਤੇ ਪ੍ਰਬੰਧਕ ਕਮੇਟੀ ਦੇ ਸੇਵਾਦਾਰ ਵੱਲੋਂ ਨਿਮਰਤਾ ਸਾਹਿਤ ਬੇਨਤੀ ਹੈ, ਕਿ ਕ੍ਰਿਪਾ ਕਰਕੇ ਆਪਣੇ ਬੱਚੇ ਤੇ ਵਲੰਟੀਅਰ ਟੀਚਰ ਦੇ ਵੱਧ ਤੋਂ ਵੱਧ ਫਾਰਮ ਭਰਕੇ ਇਸ ਪੰਜਾਬੀ ਸਕੂਲ ਨੂੰ ਕਾਮਯਾਬ ਕਰੋ। ਇਹ ਗੁਰੂਘਰ ਤੇ ਸਕੂਲ ਸੰਗਤ ਦਾ ਹੈ ਸੰਗਤ ਸੁਪਰੀਮ ਹੈ ਤੇ ਸਦਾ ਰਹੇਗੀ। ਕਲਾਸਾਂ ਹਰ ਐਤਵਾਰ ਨੂੰ ਦੋ ਘੰਟੇ ਸਵੇਰੇ 10:00 ਵਜੇ ਤੋਂ ਦੁਪਹਿਰ 12:00 ਵਜੇ ਤੱਕ ਸਵੇਰੇ ਲਗਣੀਆਂ ਤੇ ਬੱਚਿਆਂ ਲਈ ਪੀਜ਼ਾ ਅਤੇ ਹੋਰ ਸਪੈਸ਼ਲ ਖਾਣਿਆਂ ਰਹੀ ਸੇਵਾ ਕੀਤੀ ਜਾਂਦੀ ਰਹੇਗੀ। ਬੱਚਿਆਂ ਲਈ ਹੋਰ ਵੀ ਵਧਿਆ ਵਧਿਆ ਪ੍ਰੋਗਰਾਮ ਆਪ ਸਾਧ ਸੰਗਤ ਦੇ ਸਹਿਯੋਗ ਨਾਲ ਸਮੇਂ ਸਮੇਂ ਤੇ ਉਲੀਕੇ ਜਾਣਗੇ। ਜਿਵੇਂ ਕਿ ਗੁਰਮਤਿ ਕੈਂਪ, ਗੁਰਬਾਣੀ ਕੰਠ ਮੁਕਾਬਲਾ, ਦਸਤਾਰ ਮੁਕਾਬਲੇ, ਵਾਜੇ ਤਬਲੇ ਦੀਆਂ ਕਲਾਸਾਂ, ਗੱਤਕਾ ਅਤੇ ਹੋਰ ਵੀ। ਨਵੀਂ ਪ੍ਰਬੰਧਕੀ ਕਮੇਟੀ ਅਤੇ ਸਕੂਲ ਸਟਾਫ਼ ਨੇ ਸਭਨਾਂ ਸੰਗਤਾਂ ਤੋਂ ਨਿਮਰਤਾ ਸਾਹਿਤ ਸਹਿਯੋਗ ਦੀ ਮੰਗ ਕੀਤੀ ਗਈ ਹੈ । ਕਮੇਟੀ ਵਲੋਂ ਸੰਗਤ ਮੈਂਬਰਾਂ ਨੂੰ ਬੇਨਤੀ ਕੀਤੀ ਗਈ ਹੈ ਕਿ ਆਪਣੇ ਬੱਚੇ ਸਕੂਲ ਲਿਆਉ ਤੇ ਆਪਣਾ ਬਣਦਾ ਫਰਜ਼ ਪੂਰਾ ਕਰੋ। ਬੱਚਿਆਂ ਨੂੰ ਗੁਰੂ ਘਰ ਤੇ ਸਿੱਖੀ ਨਾਲ ਜੋੜੋ ਤੇ ਬੱਚੇ ਵੱਡੇ ਹੋ ਕੇ ਗੁਰੂ ਤੋਂ ਆਪਣੀਆਂ ਬਣਦੀਆਂ ਫੀਸਾਂ ਦੇ ਕੇ ਆਪਣੇ ਇਨਾਮ (ਦੁਨੀਆਵੀਂ ਚੀਜ਼ਾਂ) ਬਖਸਿਸਾਂ ਪ੍ਰਾਪਤ ਕਰ ਸਕਣਗੇ।

ਇਸੇ ਦੌਰਾਨ ਗੁਰੂ ਘਰ ਵਿਖੇ ਸੇਵਾ ਜਾਰੀ ਹੈ। ਲੰਗਰ ਹਾਲ ਵਾਲਾ ਕਾਰਪਿਟ ਅਤੇ ਬਾਹਰਵਾਲੀ ਲੁਕ-ਬਜਰੀ ਦੀ ਸੇਵਾ ਸਰਬਜੀਤ ਸਿੰਘ ਥਿਆੜਾ ਨੇ ਕੀਤੀ ਹੈ।













# ਪਰਿਵਾਰਕ ਜੰਗ : ਪੁੱਤ ਨੇ ਕੌਮੀ ਕਨਵੈਨਸ਼ਨ ਸੱਦ ਕੇ ਕੀਤਾ ਪਿਤਾ ਦੀ ਸੱਤਾ ਦਾ ਤਖ਼ਤਾ ਪਲਟ

*• ਮੁਲਾਇਮ ਨੂੰ ਹਟਾ ਕੇ ਅਖਿਲੇਸ਼ ਕੌਮੀ ਪ੍ਰਧਾਨ ਬਣੇ • ਸ਼ਿਵਪਾਲ ਤੋਂ ਅਹੁਦਾ ਖੋਹਿਆ, ਅਮਰ ਸਿੰਘ ਨੂੰ ਕੀਤਾ ਪਾਰਟੀ 'ਚੋਂ ਬਾਹਰ*

**ਲਖਨਊ/ਬਿਊਰੋ ਨਿਊਜ਼ :** ਉੱਤਰ ਪ੍ਰਦੇਸ਼ ਵਿਚ ਸੱਤਾਧਾਰੀ ਸਮਾਜਵਾਦੀ ਪਾਰਟੀ ਵਿੱਚ ਅਖਿਲੇਸ਼ ਯਾਦਵ ਤੇ ਰਾਮ ਗੋਪਾਲ ਯਾਦਵ ਦੀ ਵਾਪਸੀ ਬਾਅਦ ਮੱਠੀ ਹੁੰਦੀ ਲੱਗ ਰਹੀ ਜੰਗ ਨੇ ਉਸ ਵੇਲੇ ਨਵਾਂ ਮੋੜ ਲੈ ਲਿਆ ਜਦੋਂ ਪਾਰਟੀ ਦੀ ਕੌਮੀ ਕਨਵੈਨਸ਼ਨ ਵਿੱਚ ਮੁਲਾਇਮ ਸਿੰਘ ਯਾਦਵ ਦੀ ਜਗ੍ਹਾ ਅਖਿਲੇਸ਼ ਯਾਦਵ ਨੂੰ ਕੌਮੀ ਪ੍ਰਧਾਨ ਥਾਪ ਦਿੱਤਾ ਗਿਆ। ਮੁਲਾਇਮ ਸਿੰਘ ਨੇ ਪਾਰਟੀ ਦੀ ਕੌਮੀ ਕਨਵੈਨਸ਼ਨ ਵਿੱਚ ਮੁੱਖ ਮੰਤਰੀ ਅਖਿਲੇਸ਼ ਯਾਦਵ ਨੂੰ ਕੌਮੀ ਪ੍ਰਧਾਨ ਨਿਯੁਕਤ ਕਰਨ ਸਮੇਤ ਕੀਤੇ ਗਏ ਸਾਰੇ ਫ਼ੈਸਲਿਆਂ ਨੂੰ ਗ਼ੈਰਸੰਵਿਧਾਨਕ ਕਰਾਰ ਦਿੰਦਿਆਂ ਕਨਵੈਨਸ਼ਨ ਦੇ ਕਰਤਾ-ਧਰਤਾ ਤੇ ਪਾਰਟੀ ਦੇ ਜਨਰਲ ਸਕੱਤਰ ਰਾਮ ਗੋਪਾਲ ਯਾਦਵ ਨੂੰ ਮੁੜ ਪਾਰਟੀ ਵਿੱਚੋਂ ਕੱਢ ਦਿੱਤਾ ਹੈ। ਇਸ ਤੋਂ ਪਹਿਲਾਂ ਕਨਵੈਨਸ਼ਨ ਵਿਚ ਸ਼ਿਵਪਾਲ ਸਿੰਘ ਯਾਦਵ ਨੂੰ ਪਾਰਟੀ ਦੇ ਸੂਬਾਈ ਪ੍ਰਧਾਨ ਦੇ ਅਹੁਦੇ ਤੋਂ ਹਟਾਉਣ ਤੋਂ ਇਲਾਵਾ ਅਮਰ ਸਿੰਘ ਨੂੰ ਪਾਰਟੀ ਤੋਂ 'ਬਾਹਰੀ' ਕਰਾਰ ਦਿੰਦਿਆਂ ਉਸ ਨੂੰ ਬਰਖ਼ਾਸਤ ਕਰਨ ਲਈ ਮਤਾ ਪਾਸ ਕੀਤਾ ਗਿਆ ਸੀ।



ਇਨ੍ਹਾਂ ਫ਼ੈਸਲਿਆਂ ਤੋਂ ਭਖੇ ਮੁਲਾਇਮ ਸਿੰਘ ਨੇ ਜਵਾਬੀ ਕਾਰਵਾਈ ਕਰਦਿਆਂ ਸਖ਼ਤ ਪੱਤਰ ਜਾਰੀ ਕੀਤਾ ਕਿ ਕੌਮੀ ਕਨਵੈਨਸ਼ਨ ਪਾਰਟੀ ਦੇ ਕੌਮੀ ਪ੍ਰਧਾਨ ਦੀ ਆਗਿਆ ਬਗ਼ੈਰ ਸੱਦੀ ਗਈ ਹੈ, ਜਿਸ ਕਾਰਨ ਇਸ ਵਿੱਚ ਲਏ ਗਏ ਫ਼ੈਸਲੇ ਗ਼ੈਰਕਾਨੂੰਨੀ ਤੇ ਅਸੰਵਿਧਾਨਕ ਹਨ। ਇਸ ਪੱਤਰ ਮੁਤਾਬਕ, 'ਪਾਰਟੀ ਦੇ ਪਾਰਲੀਮੈਂਟਰੀ ਬੋਰਡ ਕਨਵੈਨਸ਼ਨ ਵਿੱਚ ਪਾਸ ਕੀਤੇ ਮਤਿਆਂ, ਫੈਸਲਿਆਂ ਨੂੰ ਗ਼ੈਰਕਾਨੂੰਨੀ ਐਲਾਨਣ ਤੋਂ ਇਲਾਵਾ ਰਾਮ ਗੋਪਾਲ ਨੂੰ ਛੇ ਸਾਲਾਂ ਲਈ ਬਰਖ਼ਾਸਤ ਕਰਦਾ ਹੈ, ਜਿਸ ਨੇ ਕਨਵੈਨਸ਼ਨ ਬੁਲਾਈ ਸੀ।' ਪਾਰਟੀ ਵਿਚਲੀ ਦਰਾੜ ਨੂੰ ਹੋਰ ਵੱਡੀ ਕਰਦਿਆਂ ਮੁਲਾਇਮ ਸਿੰਘ ਨੇ ਪੰਜ ਜਨਵਰੀ ਨੂੰ ਇਸੇ ਥਾਂ 'ਤੇ ਪਾਰਟੀ ਦੀ ਕੌਮੀ ਕਨਵੈਨਸ਼ਨ ਸੱਦ ਲਈ ਹੈ। ਜੈਨੇਸ਼ਵਰ ਮਿਸ਼ਰਾ ਪਾਰਕ ਵਿੱਚ ਹੋਈ ਕਨਵੈਨਸ਼ਨ ਵਿੱਚ ਪੰਜ ਹਜ਼ਾਰ ਦੇ ਕਰੀਬ ਪਾਰਟੀ ਵਰਕਰਾਂ ਨੇ ਅਖਿਲੇਸ਼ ਨੂੰ ਪਾਰਟੀ ਮੁਖੀ ਬਣਾਏ ਜਾਣ ਵਾਲੇ ਮਤੇ ਦਾ ਹੱਥ ਖੜ੍ਹੇ ਕਰ ਕੇ ਸਵਾਗਤ ਕੀਤਾ। ਰਾਮ ਗੋਪਾਲ ਨੇ ਸ਼ਿਵਪਾਲ ਯਾਦਵ ਨੂੰ ਸੂਬਾਈ ਪ੍ਰਧਾਨ ਦੇ ਅਹੁਦੇ ਤੋਂ ਹਟਾਉਂਦਿਆਂ ਪਾਰਟੀ ਦੇ ਬਾਨੀ ਪ੍ਰਧਾਨ ਮੁਲਾਇਮ ਸਿੰਘ ਨੂੰ ਪਾਰਟੀ ਸਰਪ੍ਰਸਤ ਤੇ ਮਾਰਗਦਰਸ਼ਕ ਬਣਾਉਣ ਸਬੰਧੀ ਮਤਾ ਪੇਸ਼ ਕੀਤਾ। ਇਸ ਕਨਵੈਨਸ਼ਨ ਦੌਰਾਨ ਅਖਿਲੇਸ਼ ਨੂੰ ਕੌਮੀ ਕਾਰਜਕਾਰਨੀ, ਪਾਰਲੀਮੈਂਟਰੀ ਬੋਰਡ ਅਤੇ ਸੂਬਾਈ ਇਕਾਈਆਂ ਦੇ ਗਠਨ ਦੇ ਅਧਿਕਾਰ ਵੀ ਦਿੱਤੇ ਗਏ ਹਨ। ਪਾਰਟੀ ਵੱਲੋਂ ਇਸ ਘਟਨਾਕ੍ਰਮ ਬਾਰੇ ਚੋਣ ਕਮਿਸ਼ਨ ਨੂੰ ਜਲਦੀ ਸੂਚਿਤ ਕੀਤਾ ਜਾਵੇਗਾ। ਪਾਰਟੀ ਸੁਪਰੀਮੋ ਦੀ ਘੁਰਕੀ ਦੇ ਬਾਵਜੂਦ ਸੀਨੀਅਰ ਆਗੂਆਂ ਦੇ ਇਸ ਕਨਵੈਨਸ਼ਨ ਵਿਚ ਹਾਜ਼ਰੀ ਭਰਨ ਬਾਅਦ ਮੁਲਾਇਮ ਤੇ ਉਨ੍ਹਾਂ ਦਾ ਭਰਾ ਸ਼ਿਵਪਾਲ ਇਕੱਲੇ ਰਹਿ ਗਏ ਹਨ। ਪਾਰਟੀ ਆਗੂ ਰਾਜੇਂਦਰ ਚੌਧਰੀ ਨੇ ਦੱਸਿਆ ਕਿ ਅਖਿਲੇਸ਼ ਨੇ ਐਮਐਲਸੀ ਨਰੇਸ਼ ਉੱਤਮ ਨੂੰ ਸ਼ਿਵਪਾਲ ਦੀ ਜਗ੍ਹਾ ਪਾਰਟੀ ਦਾ ਨਵਾਂ ਸੂਬਾਈ ਪ੍ਰਧਾਨ ਨਿਯੁਕਤ ਕੀਤਾ ਹੈ। ਸ੍ਰੀ ਉੱਤਮ ਦੀ ਨਿਯੁਕਤੀ ਦੇ ਤੁਰੰਤ ਬਾਅਦ ਅਖਿਲੇਸ਼ ਦੇ ਸਮਰਥਕਾਂ ਨੇ ਪਾਰਟੀ ਦਫ਼ਤਰ 'ਤੇ ਕੰਟਰੋਲ ਕਰ ਲਿਆ ਅਤੇ ਸ਼ਿਵਪਾਲ ਦੇ ਨਾਂ ਵਾਲੀ ਤਖ਼ਤੀ ਉਸ ਦੇ ਕਮਰੇ ਬਾਹਰੋਂ ਹਟਾ ਦਿੱਤੀ, ਭਾਵੇਂ ਇਸ ਮੌਕੇ ਵੱਡੀ ਗਿਣਤੀ ਵਿੱਚ ਪੁਲੀਸ ਵੀ ਤਾਇਨਾਤ ਸੀ। ਇਸ ਦੌਰਾਨ ਮੁਲਾਇਮ ਸਿੰਘ ਨੇ ਜਵਾਬੀ ਕਾਰਵਾਈ ਕਰਦਿਆਂ ਪਾਰਟੀ ਦੇ ਕੌਮੀ ਉਪ ਪ੍ਰਧਾਨ ਕਿਰਨਮੋਏ ਨੰਦਾ ਅਤੇ ਸੀਨੀਅਰ ਆਗੂ ਨਰੇਸ਼ ਅਗਰਵਾਲ ਨੂੰ ਅਖਿਲੇਸ਼ ਕੈਂਪ ਵੱਲੋਂ ਸੱਦੀ ਕਨਵੈਨਸ਼ਨ ਵਿੱਚ ਹਿੱਸਾ ਲੈਣ ਕਾਰਨ ਬਰਖ਼ਾਸਤ ਕਰ ਦਿੱਤਾ। ਪਾਰਟੀ ਮੁਖੀ ਲਈ ਪ੍ਰਸਤਾਵਿਤ ਕੀਤੇ ਜਾਣ ਬਾਅਦ ਅਖਿਲੇਸ਼ ਨੇ ਕਿਹਾ, 'ਜਿਨ੍ਹਾਂ ਨੇ ਪਾਰਟੀ ਖ਼ਿਲਾਫ਼ ਸਾਜ਼ਿਸ਼ ਰਚੀ, ਇਸ ਦਾ ਨੁਕਸਾਨ ਕੀਤਾ ਅਤੇ ਕੌਮੀ ਪ੍ਰਧਾਨ ਅੱਗੇ ਔਕੜਾਂ ਖੜ੍ਹੀਆਂ ਕੀਤੀਆਂ ਹਨ, ਉਨ੍ਹਾਂ ਨੂੰ ਸਮਝ ਲੈਣਾ ਚਾਹੀਦਾ ਹੈ ਕਿ ਮੇਰੇ ਦਿਲ ਵਿੱਚ ਕੌਮੀ ਪ੍ਰਧਾਨ (ਮੁਲਾਇਮ) ਪ੍ਰਤੀ ਸਤਿਕਾਰ ਪਹਿਲਾਂ ਨਾਲੋਂ ਵੀ ਵੱਧ ਹੈ। ਮੈਂ ਇਹ ਪਹਿਲਾਂ ਵੀ ਕਿਹਾ ਸੀ ਅਤੇ ਹੁਣ ਫਿਰ ਕਹਿੰਦਾ ਹਾਂ ਕਿ ਉਨ੍ਹਾਂ ਦਾ ਪੁੱਤਰ ਹੋਣ ਨਾਤੇ ਜੇਕਰ ਪਾਰਟੀ ਅਤੇ ਉਨ੍ਹਾਂ ਖ਼ਿਲਾਫ਼ ਸਾਜ਼ਿਸ਼ ਹੋਈ ਤਾਂ ਉਸ ਖ਼ਿਲਾਫ਼ ਖੜ੍ਹਨਾ ਮੇਰਾ ਫ਼ਰਜ਼ ਹੈ।'

## ਹੁਣ 'ਸਾਈਕਲ' ਲੈਣ ਲਈ ਆਹਮੋ-ਸਾਹਮਣੇ ਬਾਪ-ਪੁੱਤ

**ਨਵੀਂ ਦਿੱਲੀ :** ਸਮਾਜਵਾਦੀ ਪਾਰਟੀ ਦੇ ਬਾਨੀ ਮੁਲਾਇਮ ਸਿੰਘ ਯਾਦਵ ਨੇ ਪਾਰਟੀ ਦੇ ਚੋਣ ਚਿੰਨ੍ਹ 'ਸਾਈਕਲ' ਉਤੇ ਦਾਅਵੇ ਲਈ ਚੋਣ ਕਮਿਸ਼ਨ ਦੇ ਅਧਿਕਾਰੀਆਂ ਨਾਲ ਮੁਲਾਕਾਤ ਕੀਤੀ। ਉਨ੍ਹਾਂ ਨੂੰ ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਅਖਿਲੇਸ਼ ਯਾਦਵ ਨੇ ਪਾਰਟੀ ਪ੍ਰਧਾਨ ਦੇ ਅਹੁਦੇ ਤੋਂ ਹਟਾ ਦਿੱਤਾ ਸੀ। ਮੁਲਾਇਮ ਸਿੰਘ ਯਾਦਵ ਆਪਣੇ ਛੋਟੇ ਭਰਾ ਸ਼ਿਵਪਾਲ ਸਿੰਘ ਯਾਦਵ, ਅਮਰ ਸਿੰਘ ਅਤੇ ਜਯਾ ਪ੍ਰਦਾ ਨਾਲ ਚੋਣ ਕਮਿਸ਼ਨ ਦੇ ਦਫ਼ਤਰ ਪੁੱਜੇ। ਉਨ੍ਹਾਂ ਦੀ ਇਹ ਮੀਟਿੰਗ ਪੌਣਾ ਘੰਟਾ ਚੱਲੀ, ਜਿਸ ਦੌਰਾਨ ਉਨ੍ਹਾਂ ਪਾਰਟੀ ਦੇ ਚੋਣ ਚਿੰਨ੍ਹ ਉਤੇ ਦਾਅਵਾ ਕਰਦਿਆਂ ਮੰਗ ਪੱਤਰ ਸੌਂਪਿਆ। ਹਾਲਾਂਕਿ ਮੀਟਿੰਗ ਤੋਂ ਬਾਅਦ ਪੱਤਰਕਾਰਾਂ ਨਾਲ ਕੋਈ ਗੱਲਬਾਤ ਨਹੀਂ ਹੋਈ। ਇਸ ਦੌਰਾਨ ਮੁਲਾਇਮ ਸਿੰਘ ਨੇ ਪਾਰਟੀ ਦੀ 5 ਜਨਵਰੀ ਨੂੰ ਸੱਦੀ ਕੌਮੀ ਕਨਵੈਨਸ਼ਨ ਮੁਲਤਵੀ ਕਰ ਦਿੱਤੀ ਹੈ।

# ਅਨਿਲ ਬੈਜਲ ਨੇ ਦਿੱਲੀ ਦੇ ਉਪ ਰਾਜਪਾਲ ਵਜੋਂ ਹਲਫ਼ ਲਿਆ

**ਨਵੀਂ ਦਿੱਲੀ/ਬਿਊਰੋ ਨਿਊਜ਼ :** ਸਾਬਕਾ ਆਈਏਐਸ ਅਫ਼ਸਰ ਅਨਿਲ ਬੈਜਲ ਨੇ ਦਿੱਲੀ ਦੇ 21ਵੇਂ ਉਪ ਰਾਜਪਾਲ ਵਜੋਂ ਸਹੁੰ ਚੁੱਕ ਲਈ ਹੈ। ਸ੍ਰੀ ਬੈਜਲ ਦੇ ਸਹੁੰ ਚੁੱਕ ਸਮਾਗਮ ਵਿੱਚ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਤੇ ਉਨ੍ਹਾਂ ਦੀ ਕੈਬਨਿਟ ਦੇ ਕਈ ਅਹਿਮ ਮੰਤਰੀਆਂ ਤੋਂ ਇਲਾਵਾ ਅਧਿਕਾਰੀ ਤੇ ਹੋਰ ਸ਼ਖ਼ਸੀਅਤਾਂ ਸ਼ਾਮਲ ਸਨ। ਦੱਸਣਯੋਗ ਹੈ ਕਿ ਨਜੀਬ ਜੰਗ ਵੱਲੋਂ ਅਚਾਨਕ ਅਸਤੀਫ਼ਾ ਦੇਣ ਕਰਕੇ ਖਾਲੀ ਹੋਏ ਅਹੁਦੇ ਲਈ 70 ਸਾਲਾ ਸਾਬਕਾ ਆਈਏਐਸ ਅਧਿਕਾਰੀ ਅਨਿਲ ਬੈਜਲ ਦੇ ਨਾਂ 'ਤੇ ਰਾਸ਼ਟਰਪਤੀ ਵੱਲੋਂ ਪਿਛਲੇ ਦਿਨੀਂ ਸਹੀ ਪਾ ਦਿੱਤੀ ਗਈ ਸੀ।



ਸ੍ਰੀ ਬੈਜਲ ਨੂੰ ਅਹੁਦੇ ਦੀ ਸਹੁੰ ਦਿੱਲੀ ਹਾਈ ਕੋਰਟ ਦੀ ਚੀਫ ਜਸਟਿਸ ਜੀ. ਰੋਹਿਨੀ ਵੱਲੋਂ ਰਾਜ ਨਿਵਾਸ (ਸਿਵਲ ਲਾਈਨਜ਼) ਵਿੱਚ ਚੁਕਾਈ ਗਈ। 1969 ਬੈਚ ਦੇ ਆਈਏਐਸ ਅਧਿਕਾਰੀ ਬੈਜਲ ਨੇ ਅਹੁਦਾ ਸੰਭਾਲਣ ਮਗਰੋਂ ਰਾਸ਼ਟਰਪਤੀ ਪ੍ਰਣਬ ਮੁਖਰਜੀ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਪੂਰੀ ਉਮੀਦ ਹੈ ਕਿ ਦਿੱਲੀ ਸਰਕਾਰ ਤੇ ਉਹ ਮਿਲ ਬੈਠ ਕੇ ਸਹਿਮਤੀ ਨਾਲ ਕੰਮ ਕਰਨਗੇ। ਇਸ ਮੌਕੇ ਉਨ੍ਹਾਂ ਦਿੱਲੀ ਦੀਆਂ ਮੁਸ਼ਕਲਾਂ ਜਿਵੇਂ ਕਾਨੂੰਨ ਤੇ ਅਮਨ ਦੀ ਵਿਵਸਥਾ ਬਣਾਈ ਰੱਖਣਾ, ਔਰਤਾਂ ਦੀ ਸੁਰੱਖਿਆ, ਪ੍ਰਦੂਸ਼ਣ ਦਾ ਵਧਦਾ ਖ਼ਤਰਾ ਤੇ ਬੁਨਿਆਦੀ ਢਾਂਚੇ ਦੇ ਵਿਕਾਸ ਦਾ ਵਿਸ਼ੇਸ਼ ਜ਼ਿਕਰ ਕੀਤਾ ਅਤੇ ਇਨ੍ਹਾਂ ਮੁੱਦਿਆਂ ਖ਼ਿਲਾਫ਼ ਮਿਲ ਕੇ ਕੰਮ ਕਰਨ ਦਾ ਭਰੋਸਾ ਪ੍ਰਗਟਾਇਆ। ਗ਼ੌਰਤਲਬ ਹੈ ਕਿ ਅਨਿਲ ਬੈਜਲ ਇਸ ਤੋਂ ਪਹਿਲਾਂ ਕਈ ਅਹਿਮ ਅਹੁਦਿਆਂ 'ਤੇ ਸੇਵਾਵਾਂ ਨਿਭਾਅ ਚੁੱਕੇ ਹਨ। ਸਹੁੰ ਚੁੱਕ ਸਮਾਗਮ ਵਿੱਚ ਦਿੱਲੀ ਦੇ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ, ਕੌਮੀ ਸੁਰੱਖਿਆ ਸਲਾਹਕਾਰ ਅਜੀਤ ਡੋਵਾਲ ਤੇ ਦਿੱਲੀ ਦੀ ਸੰਸਦ ਮੈਂਬਰ ਮੀਨਾਕਸ਼ੀ ਲੇਖੀ ਵੀ ਹਾਜ਼ਰ ਸਨ।

## ਕੇਜਰੀਵਾਲ ਨੇ ਤਾਲਮੇਲ ਦੀ ਉਮੀਦ ਪ੍ਰਗਟਾਈ

ਨਵੀਂ ਦਿੱਲੀ: ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਉਨ੍ਹਾਂ ਨੂੰ ਪੂਰੀ ਉਮੀਦ ਹੈ ਕਿ ਦਿੱਲੀ ਸਰਕਾਰ, ਸਾਰੇ ਵਿਧਾਇਕ ਤੇ ਦਿੱਲੀ ਦੇ ਲੋਕ ਰਾਜਧਾਨੀ ਦੇ ਵਿਕਾਸ ਲਈ ਨਵੇਂ ਉਪ ਰਾਜਪਾਲ ਅਨਿਲ ਬੈਜਲ ਨਾਲ ਮਿਲ ਕੇ ਚੱਲਣਗੇ। ਉਨ੍ਹਾਂ ਕਿਹਾ ਕਿ ਪਿਛਲੇ ਕੁਝ ਮਹੀਨਿਆਂ ਤੋਂ ਦਿੱਲੀ ਸਰਕਾਰ ਦੇ ਕੁਝ ਕੰਮਾਂ ਵਿੱਚ ਖੜੋਤ ਆਈ ਹੈ ਤੇ ਹੁਣ ਪੂਰੀ ਉਮੀਦ ਹੈ ਕਿ ਸਾਰਾ ਕੰਮ ਲੀਹ 'ਤੇ ਆ ਜਾਵੇਗਾ।

# ਨਵੇਂ ਸਾਲ 'ਤੇ ਗੁਰਦੁਆਰਾ ਅਨੰਦਗੜ੍ਹ ਸਾਹਿਬ ਕਰਮਨ ਵਿਖੇ ਪੰਜਾਬੀ ਸਕੂਲ ਵੱਲੋਂ ਵਿਸ਼ੇਸ਼ ਸਮਾਗਮ









**ਫਰਿਜ਼ਨੋ/ਕੁਲਵੰਤ ਉੱਭੀ ਧਾਲੀਆਂ/ਨੀਟਾ ਮਾਛੀਕੇ**

ਨਵੇਂ ਸਾਲ ਦੀ ਆਮਦ 'ਤੇ ਫਰਿਜ਼ਨੋ ਨੇੜਲੇ ਸ਼ਹਿਰ ਕਰਮਨ ਦੇ ਗੁਰਦੁਆਰਾ ਅਨੰਦਗੜ੍ਹ ਸਾਹਿਬ ਵਿਖੇ ਵਿਸ਼ੇਸ਼ ਸਮਾਗਮ ਹੋਏ। ਇਲਾਕੇ ਦੀਆਂ ਸੰਗਤਾਂ ਨੇ ਨਵੇਂ ਸਾਲ ਦੀ ਸ਼ੁਰੂਆਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਛਤਰ-ਛਾਇਆ ਹੇਠ ਕੀਤੀ। ਇਸ ਦੌਰਾਨ ਰਾਤ ਦੇ ਦੀਵਾਨਾਂ ਵਿੱਚ ਕਰਮਨ ਪੰਜਾਬੀ ਸਕੂਲ ਦੇ ਬੱਚਿਆਂ ਅਤੇ ਹੋਰ ਕੀਰਤਨੀ ਜੱਥਿਆਂ ਵੱਲੋਂ ਗੁਰਬਾਣੀ ਪਾਠ ਅਤੇ ਕੀਰਤਨ ਕੀਤਾ ਗਿਆ। ਸਰਬੱਤ ਦੇ ਭਲੇ ਦੀ ਅਰਦਾਸ ਕੀਤੀ ਗਈ ਕਿ ਨਵਾਂ ਸਾਲ ਸਮੁੱਚੀ ਮਨੁੱਖਤਾ ਲਈ ਸੁੱਖ-ਸ਼ਾਂਤੀ, ਭਾਈਚਾਰਕ ਏਕਤਾ, ਪ੍ਰੇਮ ਸਦਭਾਵਨਾ ਵਾਲਾ ਅਤੇ ਖੁਸ਼ੀਆਂ-ਖੇੜਿਆ ਭਰਿਆ ਸਮਾਂ ਲੈ ਕੇ ਆਏ। ਨਵੇਂ ਸਾਲ ਦੀ ਸਵੇਰ ਦੇ ਦੀਵਾਨਾਂ ਵਿੱਚ ਗੁਰੂਘਰ ਦੇ ਹਜ਼ੂਰੀ ਕੀਰਤਨੀਏ ਭਾਈ ਸੋਢੀ ਸਿੰਘ ਦੇ ਜੱਥੇ ਵੱਲੋਂ ਹਾਜ਼ਰੀ ਭਰੀ ਗਈ। ਭਾਈ ਕੁਲਵੰਤ ਸਿੰਘ ਖਹਿਰਾ, ਭਾਈ ਮੇਜਰ ਸਿੰਘ ਨੇ ਗੁਰਮਤਿ ਵਿਚਾਰਾਂ ਸਾਂਝੀਆਂ ਕੀਤੀਆਂ। ਈਸਾ ਗਰੇਵਾਲ, ਕਿਰਨ ਕੌਰ ਤੇ ਹੋਰਨਾਂ ਬੱਚਿਆਂ ਨੇ ਕਵਿਤਾਵਾਂ ਅਤੇ ਗੁਰ-ਇਤਿਹਾਸ ਸਾਂਝਾ ਕੀਤਾ। ਪ੍ਰਬੰਧਕਾਂ ਵਿੱਚੋਂ ਸ. ਕੁਲਦੀਪ ਸਿੰਘ ਕਾਲੇਕਾ ਨੇ ਸੰਗਤਾਂ ਦਾ ਧੰਨਵਾਦ ਕੀਤਾ ਅਤੇ ਗੁਰਪ੍ਰੀਤ ਸਿੰਘ ਜਾਨੀ ਨੇ ਸਟੇਜ ਸੇਵਾ ਬਾਖੂਬੀ ਨਿਭਾਈ। ਨਵੇਂ ਸਾਲ ਦੇ ਸਮੁੱਚੇ ਪ੍ਰੋਗਰਾਮਾਂ ਦੀ ਸੇਵਾ ਸ. ਗੁਰਜੰਟ ਸਿੰਘ ਗਿੱਲ ਅਤੇ ਪਰਿਵਾਰ ਵੱਲੋਂ ਨਿਭਾਈ ਗਈ। ਗੁਰੂ ਦਾ ਲੰਗਰ ਅਤੁੱਟ ਵਰਤਿਆ।

# ਸਮਾਜ ਸੇਵੀ ਸ. ਅਮਰੀਕ ਸਿੰਘ ਸ਼ਿਕਾਗੋ ਦਾ ਵਿਸ਼ੇਸ਼ ਸਨਮਾਨ

**ਸੈਕਰਾਮੈਂਟੋ/ਹੁਸਨ ਲੜੋਆ ਬੰਗਾ :**



**ਸ. ਅਮਰੀਕ ਸਿੰਘ ਸ਼ਿਕਾਗੋ ਦਾ ਕੈਲੀਫੋਰਨੀਆ ਵਿਖੇ ਵਿਸ਼ੇਸ਼ ਸਨਮਾਨ ਕਰਦੇ ਹੋਏ ਯੂਥ ਆਗੂ ਅਤੇ ਹੋਰ ਸ਼ਖਸੀਅਤਾਂ।**

ਕਾਰੋਬਾਰੀ ਅਤੇ ਸਮਾਜ ਸੇਵੀ ਸ. ਅਮਰੀਕ ਸਿੰਘ ਸ਼ਿਕਾਗੋ (ਚੀਫ਼ ਮੀਡੀਆ ਇੰਚਾਰਜ ਅਤੇ ਹਾਈ ਪਾਵਰ ਕੋਰ ਕਮੇਟੀ ਮੈਂਬਰ ਸ਼੍ਰੋਮਣੀ ਅਕਾਲੀ ਦਲ ਅਮਰੀਕਾ) ਦਾ ਕੈਲੀਫੋਰਨੀਆ ਪੁੱਜਣ 'ਤੇ ਨਿੱਘਾ ਸਵਾਗਤ ਕੀਤਾ ਗਿਆ। ਸ਼੍ਰੋਮਣੀ ਅਕਾਲੀ ਦਲ ਯੂਥ ਵਿੰਗ ਵੈਸਟ ਕੋਸਟ ਨੇ ਸ. ਅਮਰੀਕ ਸਿੰਘ ਸ਼ਿਕਾਗੋ ਵਲੋਂ ਪਾਰਟੀ ਲਈ ਸ਼ੋਸ਼ਲ ਮੀਡੀਆ 'ਤੇ ਕੀਤੇ ਜਾ ਰਹੇ ਪ੍ਰਚਾਰ ਅਤੇ ਉਨ੍ਹਾਂ ਦੇ ਅਮਰੀਕਾ ਅਕਾਲੀ ਦਲ ਦਾ ਚੀਫ਼ ਮੀਡੀਆ ਇੰਚਾਰਜ ਬਣਨ 'ਤੇ ਇੰਡੀਆ ਓਵਨ ਰੈਸਟੋਰੈਂਟ ਵਿਖੇ ਵਿਸ਼ੇਸ਼ ਸਨਮਾਨ ਕੀਤਾ। ਇਸ ਮੌਕੇ ਉਨ੍ਹਾਂ ਨਾਲ ਉਨ੍ਹਾਂ ਦੇ ਕੈਨੇਡਾ ਵਸਦੇ ਵੱਡੇ ਭਰਾ ਸ. ਮਨਜੀਤ ਸਿੰਘ ਰਾਜਪੁਰ ਭਾਈਆਂ, ਸ. ਵਰਿੰਦਰ ਪਾਲ ਸਿੰਘ ਪੁਰਹੀਰਾ ਜਰਨਲ ਸਕੱਤਰ ਸ਼੍ਰੋਮਣੀ ਅਕਾਲੀ ਦਲ ਵੈਸਟ ਕੋਸਟ ਦਾ ਵੀ ਵਿਸ਼ੇਸ਼ ਸਨਮਾਨ ਕੀਤਾ ਗਿਆ। ਸਨਮਾਨ ਕਰਨ ਵਾਲਿਆਂ ਵਿਚ ਯੂਥ ਅਕਾਲੀ ਦਲ ਅਮਰੀਕਾ ਦੇ ਕੋਆਰਡੀਨੇਟਰ ਸ. ਅਰਵਿੰਦਰ ਸਿੰਘ ਲਾਖਨ, ਸ. ਰਵਿੰਦਰ ਸਿੰਘ ਬੋਇਲ ਮਕਸੂਦਪੁਰ ਪ੍ਰਧਾਨ ਯੂਥ ਅਕਾਲੀ ਦਲ ਵੈਸਟ ਕੋਸਟ ਜ਼ੋਨ ਅਮਰੀਕਾ, ਸ੍ਰੀ ਵਿਨੇ ਵੋਹਰਾ ਸੀਨੀਅਰ ਵਾਈਸ ਪ੍ਰਧਾਨ ਯੂਥ ਅਕਾਲੀ ਦਲ ਵੈਸਟ ਕੋਸਟ ਜ਼ੋਨ ਅਮਰੀਕਾ, ਬਾਬਾ ਦਲਜੀਤ ਸਿੰਘ ਸ਼ਿਕਾਗੋ ਸਰਪ੍ਰਸਤ ਅੰਤਰਰਾਸ਼ਟਰੀ ਸਿੱਖ ਪਹਿਚਾਣ ਮੁਹਿੰਮ, ਸ. ਨਰਿੰਦਰਪਾਲ ਸਿੰਘ ਹੁੰਦਲ ਸੀਨੀਅਰ ਵਾਈਸ ਪ੍ਰਧਾਨ ਵੈਸਟ ਕੋਸਟ, ਸਤਬੀਰ ਸਿੰਘ ਹੀਰ ਪ੍ਰੈੱਸ ਸਕੱਤਰ, ਭੁਪਿੰਦਰ ਸਿੰਘ ਜਾਡਲਾ ਸੀਨੀਅਰ ਸਲਾਹਕਾਰ, ਸ਼ੇਰ ਸਿੰਘ ਚੌਹਾਨ ਜਰਨਲ ਸਕੱਤਰ, ਵਿਕਰਮ ਵੋਹਰਾ, ਚਰਨਜੀਤ ਮਾਂਗਟ, ਵੰਸ਼ਦੀਪ ਸਿੱਧੂ, ਪੁਨੀਤ ਅਰੋੜਾ ਵੀ ਸ਼ਾਮਲ ਸਨ। ਬੁਲਾਰਿਆਂ ਨੇ ਸ. ਅਮਰੀਕ ਸਿੰਘ ਵਲੋਂ ਸ਼੍ਰੋਮਣੀ ਅਕਾਲੀ ਦਲ ਲਈ ਕੀਤੇ ਜਾ ਰਹੇ ਪ੍ਰਚਾਰ ਬਾਰੇ ਚਾਨਣਾ ਪਾਇਆ। ਬੁਲਾਰਿਆਂ ਨੇ ਕਿਹਾ ਕਿ

ਬਾਕੀ ਸਫ਼ਾ 36 'ਤੇ


ਦਸਮ ਪਾਤਸ਼ਾਹ, ਪੰਥ ਦੇ ਵਾਲੀ, ਸਾਹਿਬ-ਏ-ਕਮਾਲ
ਸ਼੍ਰੀ ਗੁਰੂ ਗੋਬਿੰਦ ਸਿੰਘ ਜੀ
ਦੇ ਪ੍ਰਕਾਸ਼ ਪੁਰਬ ਅਤੇ ਨਵੇਂ ਸਾਲ
2017
ਦੀਆਂ ਦੇਸ਼ਾਂ ਵਿਦੇਸ਼ਾਂ ਵਿਚ ਵਸਦੇ
ਸਮੂਹ ਸਿੱਖ ਭਾਈਚਾਰੇ ਨੂੰ
ਲੱਖ ਲੱਖ ਵਧਾਈਆਂ
ਵਲੋਂ : ਕਰਮਜੀਤ ਸਿੰਘ ਭਟਨੂਰਾ
ਸੰਤੋਖ ਸਿੰਘ ਭਟਨੂਰਾ ਅਤੇ ਪਰਿਵਾਰ


ਸ਼ੇਰ-ਏ-ਪੰਜਾਬ ਸਪੋਰਟਸ ਕਲੱਬ ਸ਼ਿਕਾਗੋ
ਵਲੋਂ ਦੇਸ਼ਾਂ ਵਿਦੇਸ਼ਾਂ ਵਿਚ ਵਸਦੇ ਭਾਈਚਾਰੇ, ਸਮੂਹ ਸਪਾਂਸਰਜ਼ ਅਤੇ ਸਪੋਟਰਜ਼
ਨੂੰ ਸਾਹਿਬ-ਏ-ਕਮਾਲ, ਪੰਥ ਦੇ ਵਾਲੀ, ਸਰਬੰਸ ਦਾਨੀ, ਦਸਮ ਪਿਤਾ
ਸ਼੍ਰੀ ਗੁਰੂ ਗੋਬਿੰਦ ਸਿੰਘ ਜੀ
ਦੇ 350ਵੇਂ ਪ੍ਰਕਾਸ਼ ਪੁਰਬ ਅਤੇ ਨਵੇਂ ਸਾਲ 2017 ਦੀਆਂ
ਲੱਖ ਲੱਖ ਵਧਾਈਆਂ
ਨਵਾਂ ਵਰ੍ਹਾ 2017 ਸਭਨਾਂ ਲਈ ਖੁਸ਼ੀਆਂ ਭਰਿਆ ਹੋਵੇ
ਸ਼ੇਰ-ਏ-ਪੰਜਾਬ ਸਪੋਰਟਸ ਕਲੱਬ ਸ਼ਿਕਾਗੋ ਵਲੋਂ 3 ਸਤੰਬਰ 2017
ਨੂੰ ਕਬੱਡੀ ਕੱਪ ਕਰਵਾਇਆ ਜਾ ਰਿਹਾ ਹੈ। ਇਸ ਸਾਲ ਦਾ ਕਬੱਡੀ ਕੱਪ
ਸ. ਬਲਵਿੰਦਰ ਸਿੰਘ ਚੱਠਾ ਦੀ ਪ੍ਰਧਾਨਗੀ ਹੇਠ ਕਰਵਾਇਆ ਜਾਵੇਗਾ।
ਜਾਰੀ ਕਰਤਾ : ਸ਼ੇਰ-ਏ-ਪੰਜਾਬ ਸਪੋਰਟਸ ਕਲੱਬ ਸ਼ਿਕਾਗੋ ਅਤੇ ਪ੍ਰਧਾਨ ਬਲਵਿੰਦਰ ਸਿੰਘ ਚੱਠਾ


POOJA entertainment & films ltd.
Purple Pebble PICTURES
PURPLE PEBBLE PICTURES
POOJA ENTERTAINMENT PRESENTS
SARVANN
ਸਰਵਣ
DIRECTED BY KARAAN GULIANI
PRODUCED BY PRIYANKA CHOPRA, DR. MADHU CHOPRA & DEEPSHIKHA DESHMUKH
CO - PRODUCED BY SIDDHARTH CHOPRA
RELEASING WORLDWIDE 13TH JANUARY'17
WRITER AMBERDEEP SINGH MUSIC JATINDER SHAH DISHAHEEN TRACK GURMOH D.O.P. VINEET MALHOTRA
A VASHU BHAGNANI RELEASE
GRAND SHOWBIZ MEDIA & ENTERTAINMENT RELEASE



# ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ

7 ਜਨਵਰੀ 2017, ਦਿਨ ਸ਼ਨਿੱਚਰਵਾਰ, ਬਾਅਦ ਦੁਪਹਿਰ 03:30 ਵਜੇ ਤੋਂ ਸ਼ਾਮ 07:30 ਵਜੇ ਤੱਕ

## ਗੁਰਦੁਆਰਾ ਸਿੱਘ ਸਭਾ ਮਿਲਪੀਟਸ ਵਿਖੇ ਸਾਹਿਬ-ਏ-ਕਮਾਲ

680 East Calaveras, Blvd. Milpitas, CA- 95035

# ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ 350ਵੇਂ ਪ੍ਰਕਾਸ਼ ਪੁਰਬ

ਦੇ ਸੰਬੰਧ ਵਿਚ ਇਕ ਵਿਸ਼ੇਸ਼ ਸੈਮੀਨਾਰ ਕਰਵਾਇਆ ਜਾ ਰਿਹਾ ਹੈ। ਜਿਸ ਵਿਚ ਪ੍ਰਸਿੱਧ ਬੁਲਾਰੇ ਡਾ. ਜਸਵਿੰਦਰ ਸਿੰਘ, ਅਸਿਸਟੈਂਟ ਪ੍ਰੋਫੈਸਰ, ਡਿਪਾਰਟਮੈਂਟ ਆਫ਼ ਰਿਲੀਜੀਅਸ ਸਟੱਡੀਜ਼, ਪੰਜਾਬੀ ਯੂਨੀਵਰਸਿਟੀ ਪਟਿਆਲਾ, ਪ੍ਰੋ. ਨਿਰੰਜਨ ਸਿੰਘ ਢੇਸੀ (ਰਿਟਾਇਰਡ), ਡਾ. ਅਮਰਜੀਤ ਸਿੰਘ ਵਾਸ਼ਿੰਗਟਨ ਡੀ.ਸੀ., ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਤੋਂ ਲੈ ਕੇ ਹੁਣ ਤੱਕ ਦੇ ਸਿੱਖ ਇਤਿਹਾਸ 'ਤੇ ਆਪਣੇ ਵਿਚਾਰ ਪੇਸ਼ ਕਰਨਗੇ।



ਪ੍ਰੋ. ਨਿਰੰਜਨ ਸਿੰਘ ਢੇਸੀ



ਡਾ. ਜਸਵਿੰਦਰ ਸਿੰਘ



ਡਾ. ਅਮਰਜੀਤ ਸਿੰਘ ਵਾਸ਼ਿੰਗਟਨ ਡੀ.ਸੀ.

ਸੈਮੀਨਾਰ ਦਾ ਵਿਸ਼ੇਸ਼ ਪ੍ਰਸਾਰਣ 'ਗਲੋਬਲ ਪੰਜਾਬ ਚੈਨਲ', ਟੀਵੀ-84 ਅਤੇ ਫੇਸ ਬੁੱਕ'ਤੇ ਲਾਈਵ ਟੈਲੀਕਾਸਟ ਕੀਤਾ ਜਾਵੇਗਾ।

## ਵਲੋਂ : ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ

ਭਾਈ ਜਸਵੰਤ ਸਿੰਘ ਹੋਠੀ (ਪ੍ਰਧਾਨ) ਫੋਨ : 408.898.7056

ਡਾ. ਪ੍ਰਿਤਪਾਲ ਸਿੰਘ (ਕੋਆਰਡੀਨੇਟਰ) ਫੋਨ : 408.422.5600

# ਗੁਰਦੁਆਰਾ ਨਾਨਕਸਰ ਡੈਲਹਾਈ

14525 Campground Rd, Delhi, California,95315, ਫੋਨ : 916-690-3154, 916-753-4928

## ਧੰਨ ਧੰਨ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ 350ਵੇਂ ਪ੍ਰਕਾਸ਼ ਦਿਵਸ ਦੀ ਖੁਸ਼ੀ ਵਿੱਚ

## ਮਹਾਨ ਕੀਰਤਨ ਦਰਬਾਰ 10 ਜਨਵਰੀ ਦਿਨ ਮੰਗਲਵਾਰ 2017

ਨੂੰ ਸ਼ਾਮ 5:00 ਵਜੇ ਤੋਂ ਰਾਤੀਂ 10:00 ਵਜੇ ਤੱਕ ਗੁਰਦੁਆਰਾ ਨਾਨਕਸਰ ਡੈਲਹਾਈ ਵਿਖੇ ਕਰਵਾਇਆ ਜਾ ਰਿਹਾ ਹੈ

ਪਹੁੰਚ ਰਹੇ ਮਹਾਂਪੁਰਸ਼


ਸ੍ਰੀ ਮਾਨ ਸੰਤ ਬਾਬਾ ਰਾਮ ਸਿੰਘ ਜੀ (ਨਾਨਕਸਰ ਸ਼ੀਘੜੇ ਵਾਲੇ)


ਸ੍ਰੀ ਮਾਨ ਸੰਤ ਬਾਬਾ ਹਰਪਾਲ ਸਿੰਘ ਜੀ (ਰਤਵਾੜਾ ਸਾਹਿਬ ਵਾਲੇ)


ਭਾਈ ਸਾਹਿਬ ਭਾਈ ਦਵਿੰਦਰ ਸਿੰਘ ਸੋਢੀ (ਲੁਧਿਆਣੇ ਵਾਲੇ)


ਭਾਈ ਸਾਹਿਬ ਭਾਈ ਸੁੱਚਾ ਸਿੰਘ ਜੀ (ਹਜ਼ੂਰੀ ਰਾਗੀ ਜੱਥਾ ਨਾਨਕਸਰ ਡੈਲਹਾਈ)


ਸੰਤ ਬਾਬਾ ਬਲਵਿੰਦਰ ਸਿੰਘ ਜੀ (ਨਾਨਕਸਰ ਕੁਰਾਲੀ ਵਾਲੇ)

ਵੱਲੋਂ : ਬਾਬਾ ਬਲਵਿੰਦਰ ਸਿੰਘ ਨਾਨਕਸਰ ਕੁਰਾਲੀ ਵਾਲੇ, ਫੋਨ : 916-690-3154, 916-753-4928



ਡੈਮੋਕ੍ਰੇਟਿਕ ਡੈਲੀਗੇਟ ਅਤੇ ਐਗਜ਼ੈਕਟਿਵ ਬੋਰਡ ਦੇ ਕੈਲੀਫੋਰਨੀਆ ਅਸੈਂਬਲੀ ਹਲਕਾ-9 ਦੇ ਉਮੀਦਵਾਰ

## ਗੁਰਜਤਿੰਦਰ ਸਿੰਘ ਰੰਧਾਵਾ

ਅਤੇ ਉਨ੍ਹਾਂ ਦੀ ਸਲੇਟ ਨੂੰ ਭਾਰੀ ਵੋਟਾਂ ਨਾਲ ਜਿਤਾਉਣ ਦੀ ਅਪੀਲ


GURJATINDER RANDHAWA
Delegate at Democratic National Convention 2016


STEVE LY
Elk Grove Mayor
(Delegate for Last 4 years)
(For Identification Purpose only)

MEN SLATE
For Democratic Delegate MEN SLATE
Steve Ly
Gurjatinder Randhawa
Rod Brewer
Bill Wong
Noah Painter
John Thao
Fong Cha

WOMEN SLATE
For Democratic Delegate WOMEN SLATE
Cua Lo-Ly
Teresa Rodriguez
Tami Nelson
Xanthi Pinkerton
Camille Dixon
Pamela Her

Democratic Executive Board
GURJATINDER RANDHAWA

Area : Elk Grove, Florin, Galt, Parkway, South Sacramento, Woodbridge, Lodi

Date : Jan 07, 2017 (Saturday)

Time : 9:30 am - 12:00pm (Sharp)

Voting Address : Pins N Strikes 3443 Laguna Blvd, Elk Grove, CA 95758

Space Sponsored By
ਅੰਮ੍ਰਿਤਸਰ ਟਾਈਮਜ਼ | ਪੰਜਾਬ ਨਿਊਜ਼ | ਸਾਡੇ ਲੋਕ SADE LOK | ਸਾਂਝੀ ਸੋਚ | ਪੰਜਾਬ ਮੇਲ

ਕਿਸੇ ਵੀ ਕਿਸਮ ਦੀ ਜਾਣਕਾਰੀ ਲਈ ਤੁਸੀਂ ਗੁਰਜਤਿੰਦਰ ਸਿੰਘ ਰੰਧਾਵਾ ਨਾਲ ਫੋਨ ਨੰਬਰ 916-320-9444 'ਤੇ ਸੰਪਰਕ ਕਰ ਸਕਦੇ ਹੋ।



ਡੈਮੋਕ੍ਰੇਟਿਕ ਡੈਲੀਗੇਟ ਅਤੇ ਐਗਜ਼ੈਕਟਿਵ ਬੋਰਡ ਦੇ ਕੈਲੀਫੋਰਨੀਆ ਅਸੈਂਬਲੀ ਹਲਕਾ-9 ਦੇ ਉਮੀਦਵਾਰ

## ਗੁਰਜਤਿੰਦਰ ਸਿੰਘ ਰੰਧਾਵਾ

ਅਤੇ ਉਨ੍ਹਾਂ ਦੀ ਸਲੇਟ ਨੂੰ ਭਾਰੀ ਵੋਟਾਂ ਨਾਲ ਜਿਤਾਉਣ ਦੀ ਅਪੀਲ


GURJATINDER RANDHAWA
Delegate at Democratic National Convention 2016

- ਕੀ ਤੁਸੀਂ ਚਾਹੁੰਦੇ ਹੋ ਕਿ ਦਸਤਾਰ ਦੀ ਪਹਿਚਾਣ ਲਈ ਅਮਰੀਕੀ ਰਾਜਨੀਤੀ ਵਿਚ ਸਾਡੇ ਭਾਈਚਾਰੇ ਦੇ ਲੋਕ ਦੀ ਵੋਟ ?
- ਕੀ ਤੁਸੀਂ ਚਾਹੁੰਦੇ ਹੋ ਕਿ ਤੁਹਾਡੀ ਆਪਣੀ ਆਵਾਜ਼ ਅਮਰੀਕੀ ਰਾਜਨੀਤੀ ਵਿਚ ਜਾਵੇ ?
- ਕੀ ਤੁਸੀਂ ਚਾਹੁੰਦੇ ਹੋ ਕਿ ਤੁਹਾਡੇ ਭਾਈਚਾਰੇ ਵਿਚੋਂ ਕੋਈ ਆਪਣਾ ਅਮਰੀਕੀ ਰਾਜਨੀਤੀ ਵਿਚ ਸ਼ਾਮਲ ਹੋਵੇ ? ਤਾਂ

## ਗੁਰਜਤਿੰਦਰ ਸਿੰਘ ਰੰਧਾਵਾ

ਅਤੇ ਉਨ੍ਹਾਂ ਦੀ ਸਲੇਟ ਨੂੰ 7 ਜਨਵਰੀ, 2017 ਨੂੰ, ਦਿਨ ਸ਼ਨੀਵਾਰ, ਸਵੇਰੇ 10 ਵਜੇ ਤੋਂ 12 ਵਜੇ ਤੱਕ ਡੈਮੋਕ੍ਰੇਟਿਕ ਡੈਲੀਗੇਟ ਦੀ ਹੋ ਰਹੀਆਂ ਚੋਣਾਂ ਮੌਕੇ ਪਹੁੰਚ ਕੇ ਭਾਰੀ ਬਹੁਮਤ ਨਾਲ ਜਿਤਾਓ।

ਕੌਣ ਵੋਟ ਪਾ ਸਕਦਾ ਹੈ
1. ਜੇ ਤੁਸੀਂ ਅਮਰੀਕਾ ਦੇ ਨਾਗਰਿਕ ਹੋ।
2. ਜੇ ਤੁਸੀਂ ਘੱਟੋ-ਘੱਟ 18 ਸਾਲ ਦੇ ਹੋ।
3. ਜੇ ਤੁਸੀਂ ਅਮਰੀਕਾ ਦੀ ਡੈਮੋਕ੍ਰੇਟਿਕ ਪਾਰਟੀ ਨਾਲ ਰਜਿਸਟਰਡ ਹੋ।
4. ਜੇ ਤੁਸੀਂ ਐਲਕ ਗਰੋਵ, ਸਾਊਥ ਸੈਕਰਾਮੈਂਟੋ, ਗਾਲਟ, ਲੋਡਾਈ, ਫਲੋਰਿਨ, ਵੁੱਡਬਰਿੱਜ ਦੇ ਇਲਾਕਿਆਂ ਵਿਚ ਪੈਂਦੇ ਖੇਤਰ 'ਤੇ ਰਹਿ ਰਹੇ ਹੋ।

## ਗੁਰਜਤਿੰਦਰ ਸਿੰਘ ਰੰਧਾਵਾ

ਖੁਦ 2 ਸੀਟਾਂ ਲਈ ਚੋਣ ਲੜ ਰਹੇ ਹਨ

1. Delegate: for Democrate Party CA Assembly District-9
2. Excutive Board: for Democrate Party CA Assembly District-9

ਆਪ ਜੀ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਤੁਸੀਂ ਗੁਰਜਤਿੰਦਰ ਸਿੰਘ ਰੰਧਾਵਾ ਨੂੰ ਇਨ੍ਹਾਂ ਦੋਹਾਂ ਸੀਟਾਂ ਲਈ ਵੋਟਾਂ ਪਾ ਕੇ ਭਾਰੀ ਬਹੁਮਤ ਨਾਲ ਜਿਤਾਓ।

ਕਿਰਪਾ ਕਰਕੇ ਸਮੇਂ ਸਿਰ ਪਹੁੰਚੋ। ਵੋਟਾਂ ਸਿਰਫ 10 ਵਜੇ ਤੋਂ 12 ਵਜੇ ਦੇ ਵਿਚ ਹੀ ਪੈਣਗੀਆਂ।

ਵੋਟਿੰਗ ਦਾ ਸਥਾਨ : Pins N Strikes 3443 Laguna Blvd, Elk Grove, CA 95758

ਕਿਰਪਾ ਕਰਕੇ ਵੋਟ ਪਾਉਣ ਲਈ ਆਪਣੀ ਯੂ ਐੱਸ ਆਈ ਡੀ ਜ਼ਰੂਰ ਲੈ ਕੇ ਆਓ।

Space Sponsored By
ਅੰਮ੍ਰਿਤਸਰ ਟਾਈਮਜ਼ | ਪੰਜਾਬ ਨਿਊਜ਼ | ਸਾਡੇ ਲੋਕ SADE LOK | ਸਾਂਝੀ ਸੋਚ | ਪੰਜਾਬ ਮੇਲ

ਕਿਸੇ ਵੀ ਕਿਸਮ ਦੀ ਜਾਣਕਾਰੀ ਲਈ ਤੁਸੀਂ ਗੁਰਜਤਿੰਦਰ ਸਿੰਘ ਰੰਧਾਵਾ ਨਾਲ ਫੋਨ ਨੰਬਰ 916-320-9444 'ਤੇ ਸੰਪਰਕ ਕਰ ਸਕਦੇ ਹੋ।



ਤਹੀ ਪ੍ਰਕਾਸ ਹਮਾਰਾ ਭਯੋ ॥
ਪਟਨਾ ਸਹਰ ਬਿਖੈ ਭਵ ਲਯੋ ॥

# ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਜੀ ਦੇ 350 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ

# ਮਹਾਨ ਗੁਰਮਤਿ ਸਮਾਗਮ

## ਵੇਰਵਾ

ਆਰੰਭ ਸ੍ਰੀ ਅਖੰਡ ਪਾਠ ਸਾਹਿਬ
06 ਜਨਵਰੀ 2017 ਦਿਨ ਸ਼ੁੱਕਰਵਾਰ ਸਵੇਰੇ 06:00 ਵਜੇ

---

ਭੋਗ ਸ੍ਰੀ ਅਖੰਡ ਪਾਠ ਸਾਹਿਬ
08 ਜਨਵਰੀ, 2017 ਦਿਨ ਐਤਵਾਰ ਸਵੇਰੇ 10:00 ਵਜੇ

ਭੋਗ ਉਪਰੰਤ ਸਿਮਰਨ, ਕਥਾ ਅਤੇ ਕੀਰਤਨ ਦੇ ਖੁੱਲ੍ਹੇ ਪਰਵਾਹ ਚੱਲਣਗੇ।
ਸਾਰੀ ਸੰਗਤ ਨੂੰ ਬੇਨਤੀ ਹੈ ਕਿ ਪਰਿਵਾਰ ਸਮੇਤ ਪਹੁੰਚ ਕੇ ਲਾਹਾ ਲਵੋ ਜੀ।

## ਗੁਰਦੁਆਰਾ ਸਾਹਿਬ ਫਰੀਮਾਂਟ ਕੈਲੀਫੋਰਨੀਆ

**300 Gurdwara Road Fremont CA 94536, Phone : 510-790-0177**

# ਗੁਰਦੁਆਰਾ ਸਾਹਿਬ ਫਰੀਮੌਂਟ ਵਿਚ ਸ਼ਰਧਾ ਭਾਵਨਾ ਨਾਲ ਮਨਾਇਆ ਸ਼ਹੀਦੀ ਦਿਹਾੜਾ





## ਬੱਚਿਆਂ ਦੇ ਗੁਰਬਾਣੀ ਕੰਠ ਮੁਕਾਬਲੇ ਕਰਵਾਏ, 17 ਪ੍ਰਾਣੀਆਂ ਨੇ ਅੰਮ੍ਰਿਤਪਾਨ ਕੀਤਾ

**ਫਰੀਮੌਂਟ/ਬਿਊਰੋ ਨਿਊਜ਼ :** ਗੁਰਦੁਆਰਾ ਸਾਹਿਬ ਫਰੀਮੌਂਟ ਵਿਖੇ ਚਾਰ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰ ਕੌਰ ਜੀ ਤੇ ਚਮਕੌਰ ਸਾਹਿਬ ਦੇ ਸਮੂਹ ਸ਼ਹੀਦਾਂ ਦਾ ਸ਼ਹੀਦੀ ਦਿਹਾੜਾ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਦਸੰਬਰ ਵਿਚ ਬੱਚਿਆਂ ਦੇ ਗੁਰਬਾਣੀ ਕੰਠ ਮੁਕਾਬਲੇ ਕਰਵਾਏ ਗਏ, ਜਿਸ ਵਿਚ 124 ਬੱਚਿਆਂ ਨੇ ਹਿੱਸਾ ਲਿਆ ਤੇ ਇਨਾਮ ਪ੍ਰਾਪਤ ਕੀਤੇ। ਖ਼ਾਲਸਾ ਸਕੂਲ ਅਤੇ ਗਤਕਾ ਅਖਾੜੇ ਦੇ ਬੱਚਿਆਂ ਅਤੇ ਮਾਪਿਆਂ ਵਲੋਂ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰ ਕੌਰ ਜੀ ਦੀ ਕੁਰਬਾਨੀ ਨੂੰ ਸਿਜਦਾ ਕਰਦਿਆਂ ਅਤੇ ਬਾਬਾ ਠਾਕਰ ਸਿੰਘ ਜੀ ਦੀ ਬਰਸੀ ਮਨਾਉਂਦਿਆਂ ਆਖੰਡ ਪਾਠ ਸਾਹਿਬ ਕਰਵਾਏ ਗਏ, ਜਿਸ ਵਿਚ ਬੱਚਿਆਂ ਨੇ ਬਾਣੀ ਪੜ੍ਹਨ ਦੀ ਸੇਵਾ, ਚੌਰ ਸਾਹਿਬ ਦੀ ਸੇਵਾ ਤੇ ਲੰਗਰਾਂ ਦੀ ਸੇਵਾ ਬੜੇ ਉਤਸ਼ਾਹ ਨਾਲ ਨਿਭਾਈ। ਇਸ ਤੋਂ ਇਲਾਵਾ ਇਕ ਹਫ਼ਤੇ ਦਾ ਗੁਰਮਤਿ ਕੈਂਪ ਵੀ ਲਾਇਆ ਗਿਆ। ਅੰਮ੍ਰਿਤ ਸੰਚਾਰ ਵੀ ਹੋਇਆ, ਜਿਸ ਵਿਚ ਗੁਰੂ ਸਾਹਿਬ ਦੀ ਅਪਾਰ ਕਿਰਪਾ ਸਦਕਾ 17 ਪ੍ਰਾਣੀਆਂ ਨੇ ਅੰਮ੍ਰਿਤਪਾਨ ਕੀਤਾ। ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਸਮਰਪਿਤ ਪ੍ਰੋਗਰਾਮ 'ਨਿੱਕੀਆਂ ਜਿੰਦਾਂ ਵੱਡੇ ਸਾਕੇ' ਬੜੀ ਸ਼ਰਧਾ ਪੂਰਵਕ ਮਨਾਇਆ ਗਿਆ। 23 ਤੋਂ ਲੈ ਕੇ 31 ਦਸੰਬਰ ਤਕ ਚੱਲੇ ਵਿਸ਼ੇਸ਼ ਸਮਾਗਮਾਂ ਵਿਚ ਜਿੱਥੇ ਕੀਰਤਨੀ ਜਥਿਆਂ, ਕਥਾਵਾਚਕਾਂ ਤੇ ਢਾਡੀ ਜਥਿਆਂ ਨੇ ਗੁਰਮਤਿ ਦੀ ਰੌਸ਼ਨੀ ਵਿਚ ਗੁਰ ਇਤਿਹਾਸ ਤੇ ਸਿੱਖ ਇਤਿਹਾਸ ਸਰਵਣ ਕਰਵਾਇਆ, ਉਥੇ ਸ਼ਹਾਦਤਾਂ ਨੂੰ ਸਮਰਪਿਤ ਦਿਹਾੜਿਆਂ ਅਨੁਸਾਰ ਕਾਲੀਆਂ ਬੋਲੀਆਂ ਹਨੇਰੀਆਂ ਰਾਤਾਂ, ਬਿਖੜੇ ਪੈਂਡਿਆਂ ਦੀ ਯਾਦ, ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦਿਆਂ, ਬਿਰਧ ਮਾਤਾ ਤੇ ਬੇਅੰਤ ਸਿੰਘ-ਸਿੰਘਣੀਆਂ ਦੀਆਂ ਕੁਰਬਾਨੀਆਂ ਨੂੰ ਸਿਜਦਾ ਕੀਤਾ ਗਿਆ ਅਤੇ ਅਗਲੀ ਪੀੜ੍ਹੀ ਨੂੰ ਆਪਣੇ ਇਤਿਹਾਸ ਤੋਂ ਜਾਣੂ ਕਰਵਾਉਣ ਲਈ ਵਿਸ਼ੇਸ਼ ਪ੍ਰੋਗਰਾਮ ਉਲੀਕੇ ਗਏ। ਜਿਨ੍ਹਾਂ ਵਿਚ ਗਤਕਾ, ਭਾਸ਼ਣ ਮੁਕਾਬਲੇ, ਦਸਤਾਰ ਮੁਕਾਬਲੇ, ਸਿੱਖ ਇਤਿਹਾਸ ਤੇ ਲੇਖ ਲਿਖਣ ਦੇ ਨਾਲ ਨਾਲ ਸਵਾਲ-ਜਵਾਬ ਮੁਕਾਬਲੇ ਵੀ ਕਰਵਾਏ ਗਏ। ਇਸ ਦੇ ਨਾਲ ਹੀ 2016 ਨੂੰ ਅਲਵਿਦਾ ਕਹਿੰਦਿਆਂ ਤੇ 2017 ਨੂੰ ਖੁਸ਼ਆਮਦੀਦ ਕਹਿੰਦਿਆਂ 31 ਦਸੰਬਰ ਦੀ ਰਾਤ ਨੂੰ ਵਿਸ਼ੇਸ਼ ਧਾਰਮਿਕ ਦੀਵਾਨ ਸਜਾਏ ਗਏ, ਜਿਨ੍ਹਾਂ ਵਿਚ ਪ੍ਰਸਿੱਧ ਕੀਰਤਨੀਏ ਭਾਈ ਗੁਰਪ੍ਰੀਤ ਸਿੰਘ ਮੋਹਾਲੀ ਵਾਲੇ, ਭਾਈ ਦਿਲਬਾਗ ਸਿੰਘ ਦਮਦਮੀ ਟਕਸਾਲ, ਭਾਈ ਗੁਰਪ੍ਰੀਤ ਸਿੰਘ ਸਾਬਕਾ ਹਜ਼ੂਰੀ ਰਾਗੀ ਦਰਬਾਰ ਸਾਹਿਬ, ਅੰਮ੍ਰਿਤਸਰ ਸਾਹਿਬ, ਕਥਾਵਾਚਕ ਭਾਈ ਅਨੂਪ ਸਿੰਘ ਜੀ ਅੰਮ੍ਰਿਤਸਰ ਸਾਹਿਬ ਵਾਲੇ, ਪ੍ਰਸਿੱਧ ਢਾਡੀ ਲਖਵਿੰਦਰ ਸਿੰਘ ਸੋਹਲ ਤੇ ਖ਼ਾਲਸਾ ਸਕੂਲ ਦੇ ਬੱਚਿਆਂ ਨੇ ਹਾਜ਼ਰੀ ਭਰ ਕੇ ਸੰਗਤਾਂ ਨੂੰ ਨਿਹਾਲ ਕੀਤਾ। ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ। ਕਬੀਲਾ ਰੇਸਤਰਾਂ ਵਾਲਿਆਂ ਵਲੋਂ ਵਿਸ਼ੇਸ਼ ਲੰਗਰ ਲਾਏ ਗਏ। ਸੰਗਤਾਂ ਦੀ ਸਹੂਲਤ ਲਈ ਪਾਰਕਿੰਗ ਦਾ ਪ੍ਰਬੰਧ ਤੇ ਸ਼ਟਲ ਸਰਵਿਸ ਚਲਾਈ ਗਈ। ਪ੍ਰਬੰਧਕਾਂ ਵਲੋਂ ਸੰਗਤਾਂ ਦੇ ਵੱਡਮੁੱਲੇ ਸਹਿਯੋਗ ਦਾ ਧੰਨਵਾਦ ਕਰਦਿਆਂ ਖ਼ਾਲਸਾ ਸਕੂਲ ਦੀ ਬਿਲਡਿੰਗ ਅਤੇ ਅਕਾਉਂਟ ਦਾ ਵੇਰਵਾ ਸੰਗਤ ਦੇ ਸਨਮੁਖ ਪੇਸ਼ ਕੀਤਾ ਗਿਆ। ਸਮੂਹ ਸਿੱਖ ਸੰਗਤ ਨੂੰ 2017 ਦੀ ਮੁਬਾਰਕਬਾਦ ਦਿੰਦਿਆਂ ਖ਼ਾਲਸਾ ਪੰਥ ਦੀ ਚੜ੍ਹਦੀ ਕਲਾ ਲਈ ਤੇ ਜੇਲ੍ਹਾਂ ਵਿਚ ਬੰਦ ਸਿੰਘਾਂ ਦੀ ਰਿਹਾਈ ਲਈ ਅਰਦਾਸ ਬੇਨਤੀ ਕੀਤੀ ਗਈ। ਖ਼ਾਲਸਾ ਸਕੂਲ ਵਲੋਂ ਹਰ ਸਾਲ ਖਿਡੌਣੇ ਇਕੱਠੇ ਕੀਤੇ ਜਾਂਦੇ ਹਨ ਜੋ ਕਿ ਬੇ ਏਰੀਏ ਦੇ ਹਸਪਤਾਲਾਂ ਵਿਚ ਬਿਮਾਰ ਬੱਚਿਆਂ ਨੂੰ ਦਿੱਤੇ ਜਾਂਦੇ ਹਨ। ਇਸ ਸਾਲ ਵੀ 500 ਤੋਂ ਵੱਧ ਖਿਡੌਣੇ ਇਕੱਠੇ ਹੋਏ ਜੋ ਕਿ Children's Hospital Oakland , Lucille Packard Hospital Palo Alto ਵਿਚ ਦਿੱਤੇ ਗਏ। ਗੁਰਦੁਆਰਾ ਸਾਹਿਬ ਦੇ ਸੇਵਾਦਾਰਾਂ ਵਲੋਂ ਬੇਘਰਾਂ ਲਈ ਸੈਨਹੋਜ਼ੇ ਹੋਮਲੈੱਸ ਸ਼ੈਲਟਰ ਵਿਚ ਲੰਗਰ ਵੀ ਲਾਇਆ ਗਿਆ। ਬੀਬੀਆਂ ਵਲੋਂ ਗਰਮ ਕੰਬਲ ਸੰਗਤ ਦੇ ਸਹਿਯੋਗ ਨਾਲ ਇਕੱਠੇ ਕੀਤੇ ਗਏ ਤੇ 1600 ਕੰਬਲ ਸਾਨ ਫਰਾਂਸਿਸਕੋ ਦੇ ਗਲਾਈਡ ਮੈਮੋਰੀਅਲ ਚਰਚ ਵਿਚ ਦਿੱਤੇ ਗਏ ਜੋ ਕਿ ਬੇਘਰਾਂ ਤੇ ਲੋੜਵੰਦਾਂ ਵਿਚ ਵੰਡੇ ਗਏ।

# ਨਵੇਂ ਸਾਲ ਦੀ ਆਮਦ 'ਤੇ ਗੁਰਦੁਆਰਾ ਬਾਬਾ ਮੱਖਣ ਸ਼ਾਹ ਲੁਬਾਣਾ ਵਿਚ ਸੰਗਤ ਨੂੰ ਦਿੱਤੀਆਂ ਸ਼ੁੱਭ ਕਾਮਨਾਵਾਂ





**ਨਿਊਯਾਰਕ/ਬਿਊਰੋ ਨਿਊਜ਼,** ਸਾਲ 2017 ਨੂੰ ਜੀ ਆਇਆਂ ਕਹਿਣ ਲਈ ਸਮੁੱਚੇ ਗੁਰੂ ਘਰਾਂ ਵਿਚ ਸੰਗਤਾਂ ਦੇ ਭਾਰੀ ਇਕੱਠ ਹੋਏ। ਗੁਰਦੁਆਰਾ ਬਾਬਾ ਮੱਖਣ ਸ਼ਾਹ ਲੁਬਾਣਾ ਰਿਚਮੰਡ ਹਿਲ, ਨਿਊਯਾਰਕ ਵਿਖੇ ਸੰਗਤਾਂ ਦਾ ਭਾਰੀ ਇਕੱਠ ਦੇਖਣ ਨੂੰ ਮਿਲਿਆ। ਸਾਬਕਾ ਹਜ਼ੂਰੀ ਰਾਗੀ ਭਾਈ ਗੁਰਮੇਲ ਸਿੰਘ ਨੇ ਰਸਭਿੰਨਾ ਕੀਰਤਨ ਕੀਤਾ। ਹੈੱਡ ਗ੍ਰੰਥੀ ਗਿਆਨੀ ਜਸਪਾਲ ਸਿੰਘ ਨੇ ਕਥਾ ਰਾਹੀਂ ਨਾਨਕ ਸ਼ਾਹੀ ਕੈਲੰਡਰ ਦੀ ਮਹੱਤਤਾ ਬਾਰੇ ਚਾਨਣਾ ਪਾਇਆ। ਪ੍ਰੋ. ਹਰਜਿੰਦਰ ਸਿੰਘ ਸਭਰਾਵਾਂ ਨੇ ਸਿੱਖਾਂ ਦੇ ਆਪਣੇ ਕਲੰਡਰ ਬਣਾਉਣ ਲਈ ਚਰਚਾ ਛੇੜੀ। ਗੁਰਦੁਆਰਾ ਸਾਹਿਬ ਦੇ ਵੱਡੇ ਹਾਲ ਵਿਚ ਤਿਲ ਸੁੱਟਣ ਨੂੰ ਥਾਂ ਨਹੀਂ ਸੀ। ਪ੍ਰਧਾਨ ਰਘਬੀਰ ਸਿੰਘ ਬੱਬੀ ਨੇ ਸੰਗਤਾਂ ਨੂੰ ਨਵੇਂ ਸਾਲ ਦੀਆਂ ਵਧਾਈਆਂ ਦਿੱਤੀਆਂ ਅਤੇ ਸੰਗਤਾਂ ਨਾਲ ਵਾਅਦਾ ਕੀਤਾ ਕਿ ਉਹ ਸਿੱਖ ਤਿਉਹਾਰਾਂ ਨੂੰ ਇਸੇ ਤਰ੍ਹਾਂ ਚੜ੍ਹਦੀ ਕਲਾ ਵਿਚ ਮਨਾਉਣ ਲਈ ਯਤਨਸ਼ੀਲ ਰਹਿਣਗੇ। ਜਨਰਲ ਸਕੱਤਰ ਦਲੇਰ ਸਿੰਘ ਨੇ ਆਉਣ ਵਾਲੇ ਪ੍ਰੋਗਰਾਮਾਂ ਬਾਰੇ ਦੱਸਿਆ। ਸਟੇਜ ਤੋਂ ਰਘਬੀਰ ਸਿੰਘ ਸੁਭਾਨਪੁਰ, ਹਿੰਮਤ ਸਿੰਘ ਸਰਪੰਚ, ਪ੍ਰੀਤਮ ਸਿੰਘ ਗਿਲਜੀਆ, ਮਾਸਟਰ ਮਹਿੰਦਰ ਸਿੰਘ ਸਾਰੇ ਸਾਬਕਾ ਪ੍ਰਧਾਨਾਂ ਨੇ ਸੰਗਤਾਂ ਨੂੰ ਸ਼ੁਭ ਕਾਮਨਾਵਾਂ ਦਿੱਤੀਆਂ। ਠੀਕ ਬਾਰ੍ਹਾਂ ਵਜੇ ਮਹਾਰਾਜ ਤੋਂ ਫੁੱਲਾਂ ਦੀ ਵਰਖਾ ਕੀਤੀ ਗਈ ਅਤੇ ਜੈਕਾਰਿਆਂ ਦੀ ਗੂੰਜ ਵਿਚ ਨਵੇਂ ਸਾਲ ਨੂੰ ਜੀ ਆਇਆਂ ਕਿਹਾ ਗਿਆ।






Raja™ SWEETS & CATERING®
AUTHORIZED CATERER FOR MAJOR 5-STAR HOTELS
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ™

Follow us on:
Toll Free 1-866-FOR-RAJA
www.rajasweets.com
msbains@rajasweets.com

ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।

Fresh Sweets, Snacks & Food
Catering with Portable Tandoor for up to 10000 guests
Lunch - Dinner - Take Out - Banquets

**Raja Sweets & Indian Cuisine**
31853 Alvarado Blvd. Union City CA 94587
Ph. (510) 489-9100 Fax (510) 489-9111

**Raja Indian Cuisine & Bar**
1275 W Winton Ave. Hayward CA 94545
Ph. (510) 264-9300 Fax (510) 264-9345

**Call Makhan Bains or Ravinder Singh For Your Next Party**

**1-866-FOR-RAJA (367-7252)**
**www.RajaSweets.com**

**Items Serving:**
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

**Catering Services:**
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que

**Additional Services:**
- Warmers
- Chaffing Dishes
- China & Silverware
- Linen Rental
- Waiters & Bartenders




ਹਰ ਮੌਕੇ ਜਿਵੇਂ ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਪਾਰਟੀ ਲਈ 200 ਤੋਂ 1000 ਬੰਦਿਆਂ ਦੇ ਬੈਠਣ ਅਤੇ ਖਾਣ ਲਈ ਹਾਲ ਦਾ ਇੰਤਜਾਮ ਹੈ।

# PARADISE BALLROOMS

4100 Peralta Blvd. Fremont, CA 94536

**(510) 900-6319**

info@paradiseballrooms.com www.paradiseballrooms.com

## SERVICES INCLUDE

- CATERING
- SILVERWARE
- CHINAWARE
- DECORATED HALL
- LINEN
- SEVERAL BAR OPTIONS
- SECURITY
- WAIT STAFF
- FULL SETUP INCLUDING table cloth, napkins, chairs etc.

# Travel for Less Inc.

SPECIALIZED IN DISCOUNT FARES WORLDWIDE




BUY TRAVEL TICKETS ON WHOLESALE PRICES
CST NO : 2031914-40

| | | |
|---|---|---|
| O/B | SFO - DEL | MON/TUE/WED/FRI/SAT |
| I/B | DEL - SFO | MON/WED/THU/FRI/SUN |

**Serving the Bay Area Since 1996**
39156-State Street, Fremont CA-94538
Email: info@travelforlessinc.com
www.letsflyhome.com

**(510) 791-3300**
**(408) 791-2600**

# ਇੰਗਲੈਂਡ ਤੋਂ 350 ਸ਼ਰਧਾਲੂਆਂ ਵਾਲਾ ਗੁਰੂ ਨਾਨਕ ਨਿਸ਼ਕਾਮ ਸੇਵਕ ਜਥਾ ਪਟਨਾ ਸਾਹਿਬ ਪੁੱਜਾ

## ਜਥੇ ਵੱਲੋਂ ਤਖ਼ਤ ਸ੍ਰੀ ਹਰਿਮੰਦਰ ਸਾਹਿਬ ਵਿਖੇ ਨਗਾਂ ਵਾਲੀ ਕਿਰਪਾਨ ਭੇਟ



**ਪਟਨਾ/ਬਿਊਰੋ ਨਿਊਜ਼ :** ਪਟਨਾ ਸਾਹਿਬ ਗੁਰਦੁਆਰਾ ਵਿਖੇ ਨਜ਼ਾਰਾ ਉਸ ਵੇਲੇ ਦੇਖਿਆਂ ਬਣ ਰਿਹਾ ਸੀ ਜਦੋਂ 350 ਮੈਂਬਰਾਂ ਨਾਲ ਗੁਰੂ ਨਾਨਕ ਨਿਸ਼ਕਾਮ ਸੇਵਕ ਜਥਾ ਇਥੇ ਨਤਮਸਤਕ ਹੋਇਆ। ਇਸ ਜੱਥੇ ਦੀ ਅਗਵਾਈ ਮੋਹਿੰਦਰ ਸਿੰਘ ਆਹਲੂਵਾਲੀਆ ਕਰ ਰਹੇ ਹਨ। ਉਹ ਗੁਰੂ ਗੋਬਿੰਦ ਸਿੰਘ ਜੀ ਦੇ 350ਵੇਂ ਪ੍ਰਕਾਸ਼ ਪੁਰਬ ਲਈ ਇੰਗਲੈਂਡ ਤੋਂ ਇੱਥੇ ਆਏ ਹਨ। ਪ੍ਰੋਗਰਾਮ ਦੇ ਪ੍ਰਬੰਧਕਾਂ ਨੇ ਉਨ੍ਹਾਂ ਦਾ ਗਰਮਜੋਸ਼ੀ ਨਾਲ ਸਵਾਗਤ ਕੀਤਾ। ਜਥੇ ਵਲੋਂ ਬਹੁ-ਕੀਮਤੀ ਨਗਾਂ ਨਾਲ ਜੜਤ ਆਲੀਸ਼ਾਨ ਕਿਰਪਾਨ, ਚੌਰ ਸਾਹਿਬ ਰੱਖਣ ਲਈ ਖਾਸ ਕਿਸਮ ਦਾ ਮੇਜ਼, ਪੋਥੀ ਸਾਹਿਬ ਲਈ ਰੈਲ ਸਮੇਤ 2 ਘੜਿਆਲ ਸ਼ਰਧਾ ਵਜੋਂ ਭੇਟ ਕੀਤੇ, ਜਿਸ ਦੇ ਸ਼ੁਕਰਾਨੇ ਦੀ ਅਰਦਾਸ ਤਖ਼ਤ ਸ੍ਰੀ ਹਰਿਮੰਦਰ ਪਟਨਾ ਸਾਹਿਬ ਦੇ ਜਥੇਦਾਰ ਗਿਆਨੀ ਇਕਬਾਲ ਸਿੰਘ ਵੱਲੋਂ ਕੀਤੀ ਗਈ ਅਤੇ ਭਾਈ ਮਹਿੰਦਰ ਸਿੰਘ ਦੀ ਅਗਵਾਈ ਵਿਚ ਆਏ 350 ਸ਼ਰਧਾਲੂਆਂ ਨੂੰ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਗਿਆ। ਜ਼ਿਕਰਯੋਗ ਹੈ ਕਿ ਭਾਈ ਮਹਿੰਦਰ ਸਿੰਘ ਇਸ ਤੋਂ ਪਹਿਲਾਂ ਤਖ਼ਤ ਸ੍ਰੀ ਹਰਿਮੰਦਰ ਵਿਖੇ ਸੋਨੇ ਦੀ ਸੇਵਾ ਦਿਲਟੁੰਬਵੀਂ ਮੀਨਾਕਾਰੀ ਤੋਂ ਇਲਾਵਾ ਪਰਕਰਮਾ ਵਿਚ ਬਣੀ ਇਮਾਰਤ ਦੀ ਸੇਵਾ ਕਰਵਾ ਚੁੱਕੇ ਹਨ। ਭਾਈ ਮਹਿੰਦਰ ਸਿੰਘ ਦੀ ਦੇਖ-ਰੇਖ ਵਿਚ ਗੁਰਦੁਆਰਾ ਕੰਗਨ ਘਾਟ ਸਾਹਿਬ ਵਿਖੇ ਕਾਰ ਸੇਵਾ ਕਿਲ੍ਹਾ ਅਨੰਦ ਸਾਹਿਬ ਬਾਬਾ ਲਾਭ ਸਿਘ ਦੇ ਸਹਿਯੋਗ ਨਾਲ ਲੰਗਰ ਅਤੇ ਚਾਹ ਪਕੌੜਿਆਂ ਦਾ ਲੰਗਰ ਲਗਾਇਆ ਗਿਆ ਹੈ।

ਉਨ੍ਹਾਂ ਨੇ ਤਖ਼ਤ ਸ੍ਰੀ ਹਰਮਿੰਦਰ ਜੀ ਦੇ ਸੁੰਦਰੀਕਰਨ 'ਤੇ ਖ਼ੁਸ਼ੀ ਦਾ ਇਜ਼ਹਾਰ ਕੀਤਾ ਅਤੇ ਪਟਨਾ ਸਰਕਾਰ ਤੇ ਲੋਕਾਂ ਵਲੋਂ ਨਿਭਾਈ ਸੇਵਾ ਦਾ ਸ਼ੁਕਰੀਆ ਅਦਾ ਕੀਤਾ। ਇਨ੍ਹਾਂ ਵਿਚ ਸ਼ਾਮਲ ਪਰਬਦਿੰਰ ਸਿੰਘ ਨੇ ਕਿਹਾ ਕਿ ਜੋ ਕੁਝ ਉਨ੍ਹਾਂ ਇੱਥੇ ਆ ਕੇ ਮਹਿਸੂਸ ਕੀਤਾ ਹੈ, ਉਸ ਨੂੰ ਸ਼ਬਦਾਂ ਰਾਹੀਂ ਬਿਆਨ ਨਹੀਂ ਸਕਦੇ। ਇਹ ਉਨ੍ਹਾਂ ਲਈ ਬੜੇ ਮਾਣ ਵਾਲੀ ਗੱਲ ਹੈ। ਉਨ੍ਹਾਂ ਨੂੰ ਇਸ ਗੱਲ ਦੀ ਖ਼ੁਸ਼ੀ ਹੈ ਕਿ ਉਨ੍ਹਾਂ ਨੂੰ ਲੰਗਰ ਵਿਚ ਸੇਵਾ ਨਿਭਾਉਣ ਦਾ ਮੌਕਾ ਮਿਲਿਆ ਹੈ। ਉਨ੍ਹਾਂ ਕਿਹਾ ਕਿ ਪਟਨਾ ਵਿਚ ਹੋਏ ਵਿਕਾਸ ਦੇਖ ਕੇ ਵੀ ਉਨ੍ਹਾਂ ਨੂੰ ਬੇਹੱਦ ਖ਼ੁਸ਼ੀ ਹੋਈ ਹੈ। ਉਨ੍ਹਾਂ ਨੇ ਮੁੱਖ ਮੰਤਰੀ ਨਿਤੀਸ਼ ਕੁਮਾਰ ਦਾ ਇਨ੍ਹਾਂ ਇੰਤਜ਼ਾਮਾਂ ਲਈ ਧੰਨਵਾਦ ਕੀਤਾ।




## ਕੈਨਟਕੀ ਦੇ ਜਸਵਿੰਦਰ ਪਾਲ ਸਿੰਘ ਨੇ ਸਿੱਖੀ ਸਰੂਪ ਕਾਰਨ ਨੌਕਰੀ ਨਾ ਦੇਣ ਦਾ ਅਮਰੀਕੀ ਕੰਪਨੀ 'ਤੇ ਲਾਇਆ ਦੋਸ਼

**ਕੈਨਟਕੀ/ਬਿਊਰੋ ਨਿਊਜ਼ :** ਅਮਰੀਕਾ ਵਿੱਚ ਇਕ ਸਿੱਖ ਡਾਕਟਰ ਨੇ ਇਕ ਅਮਰੀਕੀ ਮੈਡੀਕਲ ਸੰਸਥਾ ਖ਼ਿਲਾਫ਼ ਸਿੱਖੀ ਸਰੂਪ ਕਾਰਨ ਤੰਤੂ ਵਿਗਿਆਨ ਸਬੰਧੀ ਨੌਕਰੀ ਨਾ ਦੇਣ ਦੇ ਦੋਸ਼ ਵਿੱਚ ਮੁਕੱਦਮਾ ਦਰਜ ਕਰਾਇਆ ਹੈ। ਕੈਨਟਕੀ ਦਾ ਜਸਵਿੰਦਰ ਪਾਲ ਸਿੰਘ ਇਕ ਲਾਇਸੈਂਸਸ਼ੁਦਾ ਅਤੇ ਬੋਰਡ ਵੱਲੋਂ ਪ੍ਰਮਾਣਿਤ ਡਾਕਟਰ ਹੈ, ਜੋ ਤੰਤੂ ਵਿਗਿਆਨ ਦੇ ਖੇਤਰ ਵਿੱਚ ਕੰਮ ਕਰ ਰਿਹਾ ਹੈ। ਸਿੱਖਾਂ ਦੇ ਅਧਿਕਾਰਾਂ ਲਈ ਕੰਮ ਕਰਨ ਵਾਲੀ ਜਥੇਬੰਦੀ 'ਦਿ ਸਿੱਖ ਕੁਲੀਸ਼ਨ' ਨੇ ਜਸਵਿੰਦਰ ਪਾਲ ਵੱਲੋਂ ਅਮਰੀਕਾ ਦੀ ਡਿਸਟ੍ਰਿਕਟ ਕੋਰਟ ਫਾਰ ਮਿਡਲ ਡਿਸਟ੍ਰਿਕਟ ਆਫ ਟੈਨੇਸੀ ਵਿੱਚ ਮੁਕੱਦਮਾ ਦਰਜ ਕਰਾਇਆ। ਉਨ੍ਹਾਂ ਦੋਸ਼ ਲਾਇਆ ਹੈ ਕਿ ਸਿੱਖ ਧਰਮ ਦੀ ਮਰਿਆਦਾ ਅਨੁਸਾਰ ਦਸਤਾਰ ਸਜਾਉਣ ਤੇ ਦਾੜ੍ਹੀ ਰੱਖਣ ਵਾਲੇ ਸਿੱਖ ਡਾਕਟਰ ਨੂੰ ਉਸ ਦੇ ਸਰੂਪ ਬਾਰੇ ਪੁੱਛ ਪੜਤਾਲ ਕਰਨ ਬਾਅਦ ਰੁਜ਼ਗਾਰਦਾਤਿਆਂ ਅਤੇ ਭਰਤੀ ਕਰਨ ਵਾਲਿਆਂ ਨੇ ਨੌਕਰੀ ਦੇਣ ਤੋਂ ਇਨਕਾਰ ਕਰ ਦਿੱਤਾ।



ਰੁਜ਼ਗਾਰਦਾਤਾ ਪ੍ਰੀਮੀਅਰ ਮੈਡੀਕਲ ਗਰੁੱਪ ਅਤੇ ਉਸ ਦੇ ਭਰਤੀ ਕਰਨ ਵਾਲੇ ਆਰਥਰ ਮਾਰਸ਼ਲ ਇੰਕ ਨੇ ਸਾਲ 2014 ਦੀ ਭਰਤੀ ਪ੍ਰਕਿਰਿਆ ਤਹਿਤ ਜਸਵਿੰਦਰ ਪਾਲ ਦੀ ਸਿੱਖੀ ਸਰੂਪ ਵਿੱਚ ਰੁਚੀ 'ਤੇ ਚਿੰਤਾ ਜ਼ਾਹਰ ਕੀਤੀ ਸੀ। ਹਾਲਾਂਕਿ ਭਰਤੀ ਕਰਨ ਵਾਲੇ ਨੇ ਜਸਵਿੰਦਰ ਪਾਲ ਦੀ ਫੋਨ 'ਤੇ ਲਈ ਇੰਟਰਵਿਊ ਦੌਰਾਨ ਉਸ ਦੇ ਪ੍ਰਮਾਣ ਪੱਤਰਾਂ ਦੀ ਪ੍ਰਸ਼ੰਸਾ ਕੀਤੀ ਸੀ ਪਰ ਜਦੋਂ ਉਸ ਨੇ ਸਿੱਖਾਂ ਅਤੇ ਸਿੱਖ ਧਰਮ ਬਾਰੇ ਹੋਰ ਸੂਚਨਾ ਨਾਲ ਆਪਣੀ ਤਸਵੀਰ ਜਮ੍ਹਾਂ ਕਰਾਈ ਤਾਂ ਬਾਅਦ ਵਿੱਚ ਉਸ ਦੀ ਇੰਟਰਵਿਊ ਲੈਣ ਤੋਂ ਇਨਕਾਰ ਕਰ ਦਿੱਤਾ।

ਇਸ ਬਾਅਦ ਇਸ ਆਸਾਮੀ ਨੂੰ ਖਾਲ੍ਹੀ ਛੱਡ ਦਿੱਤਾ ਗਿਆ। ਕੁਲਸ਼ੀਨ ਵੱਲੋਂ ਜਾਰੀ ਕੀਤੇ ਗਏ ਬਿਆਨ ਵਿਚ ਜਸਵਿੰਦਰ ਪਾਲ ਨੇ ਕਿਹਾ, 'ਮੈਨੂੰ ਇਹ ਬਿਲਕੁਲ ਸਪਸ਼ਟ ਹੋ ਗਿਆ ਕਿ ਮੈਨੂੰ ਮੇਰੇ ਸਰੂਪ ਤੇ ਧਰਮ ਕਾਰਨ ਨੌਕਰੀ ਨਹੀਂ ਦਿੱਤੀ ਗਈ। ਕਿਸੇ ਵੀ ਸਿੱਖ ਨੂੰ ਉਸ ਦੇ ਧਰਮ ਤੇ ਸਰੂਪ ਕਾਰਨ ਕਿਸੇ ਵੀ ਨੌਕਰੀ ਜਾਂ ਰੁਜ਼ਗਾਰ ਤੋਂ ਵਾਂਝੇ ਨਹੀਂ ਰੱਖਿਆ ਜਾਣਾ ਚਾਹੀਦਾ। ਮੈਂ ਜਾਣਦਾ ਹਾਂ ਕਿ ਆਪਣੀ ਗੱਲ ਕਹਿ ਕੇ ਅਤੇ ਕਾਰਵਾਈ ਕਰ ਕੇ ਅਸੀਂ ਨੌਕਰੀਦਾਤਿਆਂ ਨੂੰ ਸਿੱਧੇ ਤੌਰ 'ਤੇ ਜਵਾਬਦੇਹ ਬਣਾਵਾਂਗੇ।'

# ਭਾਈ ਹਰਮਿੰਦਰ ਸਿੰਘ ਮਿੰਟੂ ਨੂੰ ਮੁੜ ਨਾਭਾ ਜੇਲ੍ਹ ਭੇਜਿਆ

**ਪਟਿਆਲਾ/ਬਿਊਰੋ ਨਿਊਜ਼ :** ਨਾਭਾ ਜੇਲ੍ਹ ਬਰੇਕ ਮਾਮਲੇ ਵਿੱਚ ਫੜੇ ਖ਼ਾਲਿਸਤਾਨ ਲਿਬਰੇਸ਼ਨ ਫੋਰਸ ਦੇ ਮੁਖੀ ਭਾਈ ਹਰਮਿੰਦਰ ਸਿੰਘ ਮਿੰਟੂ ਦਾ ਪੁਲੀਸ ਰਿਮਾਂਡ ਖਤਮ ਹੋਣ 'ਤੇ ਉਸ ਨੂੰ ਮੁੜ ਅਤਿ ਸੁਰੱਖਿਅਤ ਜੇਲ੍ਹ ਨਾਭਾ ਵਿੱਚ ਭੇਜ ਦਿੱਤਾ ਗਿਆ ਸੀ ਪਰ ਬਾਅਦ ਵਿੱਚ ਉਸ ਨੂੰ ਨਵੀਂ ਜ਼ਿਲ੍ਹਾ ਜੇਲ੍ਹ, ਨਾਭਾ ਵਿੱਚ ਤਬਦੀਲ ਕਰ ਦਿੱਤਾ ਗਿਆ ਹੈ। ਸੂਤਰਾਂ ਅਨੁਸਾਰ ਅਜਿਹੀ



ਤਬਦੀਲੀ ਦਾ ਮੁੱਖ ਕਾਰਨ ਸੁਰੱਖਿਆ ਪ੍ਰਬੰਧ ਦੱਸੇ ਜਾ ਰਹੇ ਹਨ। ਹਰਮਿੰਦਰ ਸਿੰਘ ਮਿੰਟੂ ਨੇ ਫ਼ਰਾਰ ਹੋਣ ਮਗਰੋਂ ਦਾੜ੍ਹੀ ਕੇਸ ਕਟਵਾ ਲਏ ਸਨ ਤੇ ਗਰਮਖਿਆਲੀ ਆਗੂ ਇਸ ਤੋਂ ਖ਼ਫ਼ਾ ਦੱਸੇ ਜਾ ਰਹੇ ਹਨ ਤੇ ਉਨ੍ਹਾਂ ਵੱਲੋਂ ਮਿੰਟੂ 'ਤੇ ਹਮਲੇ ਕੀਤੇ ਜਾਣ ਦੇ ਖ਼ਦਸ਼ੇ ਤਹਿਤ ਉਸ ਨੂੰ ਜੇਲ੍ਹ ਵਿਚੋਂ ਤਬਦੀਲ ਕਰ ਦਿੱਤਾ ਗਿਆ ਹੈ। ਦੱਸਣਯੋਗ ਹੈ ਕਿ ਖ਼ੁਫ਼ੀਆ ਤੰਤਰ ਮੁਤਾਬਕ ਮਿੰਟੂ ਕੁਝ ਸਾਲ ਪਾਕਿਸਤਾਨ ਵਿੱਚ ਵੀ ਰਹਿੰਦਾ ਰਿਹਾ ਹੈ ਤੇ ਨਾਭਾ ਜੇਲ੍ਹ ਕਾਂਡ ਦਾ ਮੁੱਖ ਮੁਲਜ਼ਮ ਹੈ। ਮਿੰਟੂ ਨੂੰ 14 ਦਿਨਾਂ ਤੱਕ ਦਿੱਲੀ ਤੇ ਗਿਆਰਾਂ ਦਿਨ ਪਟਿਆਲਾ ਪੁਲੀਸ ਕੋਲ ਰਿਮਾਂਡ 'ਤੇ ਰਹਿਣ ਤੋਂ ਬਾਅਦ ਜਦੋਂ ਪਟਿਆਲਾ ਦੀ ਅਦਾਲਤ ਵਿੱਚ ਪੇਸ਼ ਕੀਤਾ ਗਿਆ ਤਾਂ ਉਸ ਨੂੰ ਨਿਆਂਇਕ ਹਿਰਾਸਤ ਅਧੀਨ ਜੇਲ੍ਹ ਭੇਜਣ ਦੇ ਆਦੇਸ਼ ਜਾਰੀ ਹੋ ਗਏ। ਮਿੰਟੂ ਨੂੰ ਹੋਰਾਂ ਸਮੇਤ ਉਸੇ ਜੇਲ੍ਹ ਵਿੱਚ ਭੇਜਿਆ ਗਿਆ ਸੀ, ਜਿੱਥੋਂ ਉਹ ਫ਼ਰਾਰ ਹੋਇਆ ਸੀ, ਪਰ ਬਾਅਦ ਵਿੱਚ ਉਸ ਨੂੰ ਹੋਰ ਜੇਲ੍ਹ ਵਿੱਚ ਤਬਦੀਲ ਕਰ ਦਿੱਤਾ ਗਿਆ। ਜੇਲ੍ਹ ਅਧਿਕਾਰੀਆਂ ਨੇ ਭਾਵੇਂ ਜੇਲ੍ਹ ਤਬਦੀਲ ਕਰਨ ਦੀ ਪੁਸ਼ਟੀ ਨਹੀਂ ਕੀਤੀ ਹੈ। ਉਂਜ ਉਨ੍ਹਾਂ ਮਿੰਟੂ 'ਤੇ ਹਮਲੇ ਦੇ ਖ਼ਦਸ਼ੇ ਵਾਲੀ ਗੱਲ ਨਾਲ ਸਹਿਮਤੀ ਨਹੀਂ ਜਤਾਈ ਪਰ ਸੂਤਰਾਂ ਅਨੁਸਾਰ ਇਸ ਤਬਦੀਲੀ ਦਾ ਮੁੱਖ ਕਾਰਨ ਇਹੋ ਹੀ ਮੰਨਿਆ ਜਾ ਰਿਹਾ ਹੈ। ਉਧਰ ਗਰਮਖਿਆਲੀ ਕਸ਼ਮੀਰ ਸਿੰਘ ਸਮੇਤ ਚਾਰ ਗੈਂਗਸਟਰ ਅਜੇ ਪੁਲੀਸ ਦੇ ਹੱਥ ਨਹੀਂ ਲੱਗੇ, ਜਿਨ੍ਹਾਂ ਦੀ ਸਰਗਰਮੀ ਨਾਲ ਭਾਲ ਜਾਰੀ ਹੈ।

# ਇਟਲੀ : ਤਿੰਨ ਪੰਜਾਬੀ ਨੌਜਵਾਨਾਂ ਦੀ ਦਮ ਘੁੱਟਣ ਨਾਲ ਮੌਤ

## ਠੰਢ ਤੋਂ ਬਚਣ ਲਈ ਬਾਲੀ ਅੰਗੀਠੀ 'ਚੋਂ ਰਿਸੀ ਗੈਸ

**ਬਰੇਸ਼ੀਆ/ਵੀਨਸ (ਇਟਲੀ)/ਬਿਊਰੋ ਨਿਊਜ਼ :** ਇਟਲੀ ਵਸਦੇ ਪੰਜਾਬੀ ਭਾਈਚਾਰੇ ਲਈ ਨਵੇਂ ਸਾਲ 2017 ਦੀ ਪਹਿਲੀ ਸਵੇਰ ਉਸ ਸਮੇਂ ਸੋਗਮਈ ਹੋ ਗਈ ਜਦ ਇਟਲੀ ਦੇ ਸ਼ਹਿਰ ਸਨ ਪੇਤਰੋ ਮੂਸੋਲੀਨੋ ਵਿਖੇ 3 ਪੰਜਾਬੀ ਨੌਜਵਾਨਾਂ ਦੀ ਕਾਰਬਨ ਮੋਨੋਆਕਸਾਈਡ ਗੈਸ ਕਾਰਨ ਦਮ ਘੁੱਟਣ ਨਾਲ ਮੌਤ ਹੋ ਗਈ। ਉਕਤ ਨੌਜਵਾਨਾਂ ਵਿਚੋਂ ਇਕ ਦੀ ਪਛਾਣ ਅੰਗਰੇਜ਼ ਸਿੰਘ ਵਜੋਂ ਹੋਈ ਹੈ। ਇਨ੍ਹਾਂ ਵਿਚੋਂ ਇਕ ਹੁਸ਼ਿਆਰਪੁਰ ਜ਼ਿਲ੍ਹੇ ਤੇ 2 ਨੌਜਵਾਨ



ਫਗਵਾੜਾ ਨੇੜਲੇ ਦੱਸੇ ਜਾ ਰਹੇ ਹਨ। ਜਾਣਕਾਰੀ ਮੁਤਾਬਕ ਇਹ ਤਿੰਨੋਂ ਨੌਜਵਾਨ ਇਕੋ ਘਰ ਵਿਚ ਰਹਿੰਦੇ ਸਨ ਅਤੇ ਇਨ੍ਹਾਂ ਵੱਲੋਂ ਰਾਤ ਸੌਣ ਲੱਗੇ ਕਮਰੇ ਨੂੰ ਗਰਮ ਕਰਨ ਹਿੱਤ ਲਗਾਈ ਗੈਸ ਵਾਲੀ ਅੰਗੀਠੀ ਬੰਦ ਹੋ ਗਈ ਤੇ ਗੈਸ ਕਾਰਨ ਕਮਰੇ ਵਿਚ ਧੂੰਆਂ ਭਰ ਗਿਆ ਜਿਸ ਕਾਰਨ ਤਿੰਨੋਂ ਨੌਜਵਾਨਾਂ ਦੀ ਸਾਹ ਘੁੱਟਣ ਕਾਰਨ ਮੌਤ ਹੋ ਗਈ। ਜਦ ਇਨ੍ਹਾਂ ਦੇ ਗੁਆਂਢੀ ਨੇ ਦੇਖਿਆ ਕਿ ਤਿੰਨੋਂ ਨੌਜਵਾਨ ਕੰਮ ਕਰਨ ਲਈ ਘਰ ਤੋਂ ਨਹੀਂ ਨਿੱਕਲੇ ਤੇ ਗੈਸ ਦੀ ਬਦਬੂ ਵੀ ਆ ਰਹੀ ਸੀ ਤਾਂ ਉਸ ਨੇ ਤੁਰੰਤ ਪੁਲੀਸ ਨੂੰ ਸੂਚਨਾ ਦਿੱਤੀ। ਪੁਲੀਸ ਤੇ ਸਿਹਤ ਵਿਭਾਗ ਦੀ ਟੀਮ ਦੇ ਪਹੁੰਚਣ ਤੱਕ ਤਿੰਨੋਂ ਨੌਜਵਾਨਾਂ ਦੀ ਮੌਤ ਹੋ ਚੁੱਕੀ ਸੀ। ਇਨ੍ਹਾਂ ਨੌਜਵਾਨਾਂ ਦੀ ਉਮਰ ਪੁਲੀਸ ਵੱਲੋਂ 29, 35 ਤੇ 40 ਸਾਲ ਦੱਸੀ ਗਈ ਹੈ, ਜੋ ਕਿ ਇੱਥੇ ਪਬਲੀਸਿਟੀ ਦੇ ਪੇਪਰਾਂ ਦਾ ਕੰਮ ਕਰਦੇ ਸਨ।

# ਗੀਤਕਾਰ, ਗਾਇਕ ਤੇ ਅਦਾਕਾਰ ਰਾਜ ਬਰਾੜ ਦਾ ਦੇਹਾਂਤ

**ਮੋਗਾ/ਬਿਊਰੋ ਨਿਊਜ਼ :** ਪੰਜਾਬੀ ਗਾਇਕ ਤੇ ਅਦਾਕਾਰ ਰਾਜ ਬਰਾੜ ਦਾ ਦੇਹਾਂਤ ਹੋ ਗਿਆ ਹੈ। ਉਹ 44 ਵਰ੍ਹਿਆਂ ਦੇ ਸਨ। ਉਨ੍ਹਾਂ ਦਾ 3 ਜਨਵਰੀ ਨੂੰ ਜਨਮ ਦਿਨ ਸੀ। ਰਾਜ ਬਰਾੜ ਦੇ ਭਤੀਜੇ ਪੈਵੀ ਬਰਾੜ ਨੇ ਦੱਸਿਆ ਕਿ ਉਨ੍ਹਾਂ ਦਾ ਅੰਤਿਮ ਸੰਸਕਾਰ 2 ਜਨਵਰੀ ਨੂੰ ਜੱਦੀ ਪਿੰਡ ਮੱਲਕੇ ਵਿੱਚ ਕੀਤਾ ਗਿਆ। ਉਨ੍ਹਾਂ ਦਾ ਦੇਹਾਂਤ ਚੰਡੀਗੜ੍ਹ ਵਿੱਚ ਹੋਇਆ। ਉਹ ਕਾਫ਼ੀ ਅਰਸੇ ਤੋਂ ਬਿਮਾਰ ਸਨ। ਉਨ੍ਹਾਂ ਦੀ ਆਉਣ ਵਾਲੀ ਫਿਲਮ 'ਆਮ ਆਦਮੀ' (ਜਮੂਰੇ) ਮੁਕੰਮਲ ਹੋ ਚੁੱਕੀ ਹੈ ਅਤੇ ਨਵੇਂ ਵਰ੍ਹੇ 2017 ਵਿੱਚ ਫਰਵਰੀ ਵਿੱਚ ਰਿਲੀਜ਼ ਹੋਣੀ ਸੀ। ਸ੍ਰੀ ਬਰਾੜ ਦੀ ਬੇਵਕਤੀ ਮੌਤ ਨਾਲ ਸੰਗੀਤ ਜਗਤ ਵਿੱਚ ਸੋਗ ਦੀ ਲਹਿਰ ਹੈ। ਗਾਇਕ ਤੇ ਅਦਾਕਾਰ ਰਾਜ ਬਰਾੜ ਦਾ ਜਨਮ ਮਾਤਾ ਧਿਆਨ ਕੌਰ ਬਰਾੜ ਦੀ ਕੁੱਖੋਂ ਤੇ ਪਿਤਾ ਕਿਸ਼ੋਰਾ ਸਿੰਘ ਬਰਾੜ ਦੇ ਘਰ ਹੋਇਆ। ਉਨ੍ਹਾਂ ਦਾ ਪੂਰਾ ਨਾਂ ਰਾਜਬਿੰਦਰ ਸਿੰਘ ਬਰਾੜ ਸੀ। ਗੀਤਕਾਰੀ ਦਾ ਸ਼ੌਕ ਹੋਣ ਕਰਕੇ ਉਹ ਗੀਤਾਂ ਵਿੱਚ ਆਪਣਾ ਨਾਂ ਰਾਜਾ ਲਿਖਦਾ, ਜਿਸ ਕਾਰਨ ਉਹ ਰਾਜ ਬਰਾੜ ਦੇ ਨਾਂ ਨਾਲ ਪ੍ਰਸਿੱਧ ਹੋਇਆ। ਰਾਜ ਬਰਾੜ ਵੱਲੋਂ



ਲਿਖੇ ਗੀਤ 'ਤੇਰੀ ਭਿੱਜਗੀ ਕੁੜਤੀ ਲਾਲ ਪਸੀਨੇ ਨਾਲ ਕੁੜੇ' ਨਾਲ ਉਹ ਮਕਬੂਲ ਹੋਏ। ਉਨ੍ਹਾਂ ਨੇ 'ਚੰਡੀਗੜ੍ਹ ਦੇ ਨਜ਼ਾਰਿਆਂ ਨੇ ਪੱਟਿਆ' ਗੀਤ ਰਾਹੀਂ ਗਾਇਕੀ ਵਿੱਚ ਆਪਣਾ ਲੋਹਾ ਮਨਵਾਇਆ। ਉਨ੍ਹਾਂ ਵੱਲੋਂ ਲਿਖੇ ਗੀਤ ਹਰਭਜਨ ਮਾਨ, ਕੁਲਦੀਪ ਮਾਣਕ, ਮੁਹੰਮਦ ਸਦੀਕ, ਸਰਦੂਲ ਸਿਕੰਦਰ, ਹੰਸ ਰਾਜ ਹੰਸ, ਅਮਰਿੰਦਰ ਗਿੱਲ ਨੇ ਗਾਏ। ਗੀਤਕਾਰੀ ਤੇ ਗਾਇਕੀ ਤੋਂ ਇਲਾਵਾ ਰਾਜ ਬਰਾੜ ਨੇ 2010 ਵਿੱਚ 'ਜਵਾਨੀ ਜ਼ਿੰਦਾਬਾਦ' ਫਿਲਮ ਰਾਹੀਂ ਆਪਣੀ ਅਦਾਕਾਰੀ ਦਾ ਜਲਵਾ ਬਿਖੇਰਿਆ।

# ਪੰਜਾਬੀ ਨੌਜਵਾਨ ਸਵਰਨ ਸਿੰਘ ਦਾ ਲੁਟੇਰਿਆਂ ਨੇ ਕਤਲ ਕੀਤਾ

**ਮਿਸੀਸਿਪੀ/ਬਿਊਰੋ ਨਿਊਜ਼ :** ਮਿਸੀਸਿਪੀ ਦੇ ਸ਼ਹਿਰ ਬ੍ਰੈਂਡਨ ਵਿਚ ਅਣਪਛਾਤੇ ਹਥਿਆਰਬੰਦ ਲੁਟੇਰੇ ਨੇ ਗੋਲੀਆਂ ਮਾਰ ਕੇ ਸਟੋਰ ਮਾਲਕ ਪੰਜਾਬੀ ਨੌਜਵਾਨ ਸਵਰਨ ਸਿੰਘ ਪੁੱਤਰ ਤਾਰਾ ਸਿੰਘ ਦਾ ਕਤਲ ਕਰ ਦਿੱਤਾ। ਸਵਰਨ ਸਿੰਘ (48) ਨੇ ਕੁਝ ਸਮਾਂ ਪਹਿਲਾਂ ਹੀ ਨਿਊਯਾਰਕ ਵਿਚ ਸਟੋਰ ਲਿਆ ਸੀ। ਸਵਰਨ ਸਿੰਘ ਦੀ ਮੌਤ ਬਾਰੇ



ਉਦੋਂ ਪਤਾ ਲੱਗਾ ਜਦੋਂ ਕੋਈ ਗਾਹਕ ਸਟੋਰ ਅੰਦਰ ਕੋਲਡ ਡਰਿੰਕ ਲੈਣ ਲਈ ਆਇਆ। ਗਾਹਕ ਨੇ ਦੱਸਿਆ ਕਿ ਉਸ ਨੇ ਦੇਖਿਆ ਕਿ ਕੈਸ਼ ਰਜਿਸਟਰ ਦੇ ਕਾਊਂਟਰ 'ਤੇ ਕੋਈ ਵੀ ਨਹੀਂ ਹੈ। ਅਚਾਨਕ ਉਸ ਦੀ ਨਜ਼ਰ ਸਟੋਰ ਅੰਦਰ ਬਣੇ ਕਮਰੇ ਵਿਚ ਗਈ ਤਾਂ ਉੱਥੇ ਉਸ ਨੇ ਲਾਸ਼ ਪਈ ਦੇਖੀ। ਉਸ ਨੇ ਤੁਰੰਤ ਪੁਲੀਸ ਨੂੰ ਫੋਨ ਕਰਕੇ ਇਸ ਬਾਰੇ ਦੱਸਿਆ। ਪੁਲੀਸ ਕੈਮਰਿਆਂ ਦੀ ਫੁਟੇਜ ਤੋਂ ਕਾਤਲ ਲੁਟੇਰੇ ਦੀ ਭਾਲ ਕਰ ਰਹੀ ਹੈ। ਅਜੇ ਤਕ ਕੋਈ ਵੀ ਗ੍ਰਿਫ਼ਤਾਰੀ ਨਹੀਂ ਹੋਈ। ਜ਼ਿਕਰਯੋਗ ਹੈ ਕਿ ਕਰੀਬ ਤਿੰਨ ਮਹੀਨੇ ਪਹਿਲਾਂ ਵੀ ਸਟੋਰ ਕਲਰਕ ਸੰਦੀਪ ਸਿੰਘ (22), ਜੋ ਤਹਿਸੀਲ ਫਗਵਾੜਾ ਦੇ ਪਿੰਡ ਉੱਚਾ ਨਾਲ ਸਬੰਧਤ ਸੀ, ਦੀ ਲੁਟੇਰੇ ਨੇ ਹੱਤਿਆ ਕਰ ਦਿੱਤੀ ਸੀ। ਸਵਰਨ ਸਿੰਘ ਆਪਣੇ ਪਿਛੇ ਤਿੰਨ ਬੱਚੇ ਤੇ ਪਤਨੀ ਛੱਡ ਗਿਆ ਹੈ।

# ਰੈਲੀ ਦੌਰਾਨ ਕੇਜਰੀਵਾਲ ਵੱਲ ਜੁੱਤੀ ਸੁੱਟੀ, ਨੌਜਵਾਨ ਗ੍ਰਿਫ਼ਤਾਰ

**ਰੋਹਤਕ/ਬਿਊਰੋ ਨਿਊਜ਼ :** ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਵੱਲ ਰੋਹਤਕ (ਹਰਿਆਣਾ) ਰੈਲੀ ਦੌਰਾਨ ਜੁੱਤੀ ਸੁੱਟੀ ਗਈ। ਪੁਲੀਸ ਨੇ ਜੁੱਤੀ ਸੁੱਟਣ ਵਾਲੇ ਨੌਜਵਾਨ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਜਾਣਕਾਰੀ ਅਨੁਸਾਰ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਰੋਹਤਕ ਵਿੱਚ ਨੋਟਬੰਦੀ ਖ਼ਿਲਾਫ਼ 'ਆਪ' ਦੀ 'ਤਿਜੋਰੀ ਤੋੜ ਭਾਂਡਾ ਫੋੜ' ਰੈਲੀ ਨੂੰ ਸੰਬੋਧਨ ਕਰ ਰਹੇ ਸਨ। ਸ੍ਰੀ ਕੇਜਰੀਵਾਲ



ਨੇ ਜਦੋਂ ਨੋਟਬੰਦੀ ਮਾਮਲੇ 'ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ 'ਤੇ ਸ਼ਬਦੀ ਵਾਰ ਕੀਤੇ ਤਾਂ ਭੀੜ ਵਿੱਚੋਂ ਕਿਸੇ ਨੇ ਉਨ੍ਹਾਂ ਵੱਲ ਜੁੱਤੀ ਸੁੱਟ ਦਿੱਤੀ। 'ਆਪ' ਦੇ ਹਰਿਆਣਾ ਤੋਂ ਇੱਕ ਸੀਨੀਅਰ ਆਗੂ ਨਵੀਨ ਜੈਹਿੰਦ ਨੇ ਦੱਸਿਆ ਕਿ ਜੁੱਤੀ ਸ੍ਰੀ ਕੇਜਰੀਵਾਲ ਦੇ ਨਹੀਂ ਲੱਗੀ। ਉਨ੍ਹਾਂ ਦੱਸਿਆ ਕਿ ਜੁੱਤੀ ਅਰਬਨ ਅਸਟੇਟ ਥਾਣੇ ਵਿੱਚ ਦੇ ਦਿੱਤੀ ਗਈ ਹੈ। ਇੱਕ ਸੀਨੀਅਰ ਪੁਲੀਸ ਅਧਿਕਾਰੀ ਨੇ ਦੱਸਿਆ ਕਿ ਜੁੱਤੀ ਸੁੱਟਣ ਵਾਲੇ ਨੌਜਵਾਨ ਦੀ ਪਛਾਣ ਵਿਕਾਸ (26) ਵਾਸੀ ਪਿੰਡ ਮੋਰੀ ਮਕਰਾਨਾ ਜ਼ਿਲ੍ਹਾ ਦਾਦਰੀ (ਹਰਿਆਣਾ) ਵਜੋਂ ਹੋਈ ਹੈ। ਉਨ੍ਹਾਂ ਦੱਸਿਆ ਕਿ ਮੁਲਜ਼ਮ ਗ੍ਰੈਜੂਏਟ ਤੇ ਬੇਰੁਜ਼ਗਾਰ ਹੈ ਤੇ ਪੁੱਛਗਿੱਛ ਦੌਰਾਨ ਨੌਜਵਾਨ ਨੇ ਦੱਸਿਆ ਕਿ ਉਹ ਐਸਵਾਈਐਲ ਮਾਮਲੇ ਵਿੱਚ ਸ੍ਰੀ ਕੇਜਰੀਵਾਲ ਦੇ ਹਰਿਆਣਾ ਵਿਰੋਧੀ ਰੁਖ਼ ਤੋਂ ਖ਼ਫ਼ਾ ਹੈ।

# 50 ਦਿਨ ਬਾਅਦ ਵੀ ਨੋਟਬੰਦੀ ਕਾਰਨ ਮੰਦੀ

## *ਲੋਕਾਂ 'ਚ ਭਾਰੀ ਗੁੱਸਾ, ਨਵੀਂ ਕਰੰਸੀ ਦੀ ਕਮੀ ਜਿਉਂ ਦੀ ਤਿਉਂ*





**ਨਵੀਂ ਦਿੱਲੀ/ ਚੰਡੀਗੜ੍ਹ/ਬਿਊਰੋ ਨਿਊਜ਼ :** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਲਏ ਗਏ ਨੋਟਬੰਦੀ ਦੇ ਫ਼ੈਸਲੇ ਨੂੰ ਭਾਵੇਂ 50 ਤੋਂ ਵੱਧ ਦਿਨ ਹੋ ਗਏ ਹਨ, ਪ੍ਰੰਤੂ ਅਜੇ ਵੀ ਦੇਸ਼ ਵਿਚ ਨਕਦੀ ਸੰਕਟ ਬਰਕਰਾਰ ਹੈ। ਇਸ ਤੋਂ ਇਲਾਵਾ ਸ਼ੁੱਕਰਵਾਰ ਨੂੰ ਪੁਰਾਣੇ ਨੋਟ ਜਮ੍ਹਾਂ ਕਰਵਾਉਣ ਦਾ ਆਖਰੀ ਦਿਨ ਹੋਣ ਕਰਕੇ ਬੈਂਕਾਂ ਵਿਚ ਲੰਬੀਆਂ ਕਤਾਰਾਂ ਵੇਖਣ ਨੂੰ ਮਿਲੀਆਂ। ਦੱਸਣਯੋਗ ਹੈ ਕਿ ਅਗਲੇ ਹਫ਼ਤੇ ਤੋਂ ਬਾਅਦ ਜਿਨ੍ਹਾਂ ਕੋਲ ਪੁਰਾਣੇ ਬੰਦ ਹੋ ਚੁੱਕੇ ਨੋਟ ਹਨ, ਉਹ ਸਿਰਫ ਰਿਜ਼ਰਵ ਬੈਂਕ ਵਿਚ 31 ਮਾਰਚ 2017 ਤੱਕ ਜਮ੍ਹਾਂ ਕਰਵਾਏ ਜਾ ਸਕਦੇ ਹਨ, ਪ੍ਰੰਤੂ ਇਸ ਦੌਰਾਨ ਜਮ੍ਹਾਂ ਕਰਵਾਉਣ ਵਾਲੇ ਨੂੰ ਇਸ ਦੇ ਸਰੋਤ ਅਤੇ ਕਾਰਨ ਦੱਸਣਾ ਪਵੇਗਾ ਕਿ ਇਹ ਨੋਟ ਕਿੱਥੋਂ ਆਏ। ਨੋਟਬੰਦੀ ਤੋਂ ਬਾਅਦ ਇਨ੍ਹਾਂ 50 ਦਿਨਾਂ ਵਿਚ ਦੇਸ਼ ਦੇ ਸਰਕਾਰੀ ਅਤੇ ਗੈਰ-ਸਰਕਾਰੀ 1,38,868 ਬੈਂਕ ਬ੍ਰਾਂਚਾਂ ਨੂੰ ਦੇਸ਼ ਦੀ 86 ਫ਼ੀਸਦੀ ਕਰੰਸੀ ਬਦਲਣ ਲਈ ਤਾਇਨਾਤ ਕੀਤਾ ਗਿਆ ਸੀ। ਇਨ੍ਹਾਂ 50 ਦਿਨਾਂ ਵਿਚ ਦੇਸ਼ ਦੇ ਸਾਰੇ ਬੈਂਕਾਂ ਨੇ ਇਸ ਕੰਮ ਨੂੰ ਬਾਖੂਬੀ ਕੀਤਾ, ਪ੍ਰੰਤੂ ਫਿਰ ਵੀ ਦੇਸ਼ ਭਰ ਵਿਚ ਕਈ ਜਗ੍ਹਾ ਅਜਿਹੀਆਂ ਘਟਨਾਵਾਂ ਸਾਹਮਣੇ ਆਈਆਂ ਕਿ ਬੈਂਕਾਂ ਨੂੰ ਬਦਨਾਮੀ ਦਾ ਵੀ ਸਾਹਮਣਾ ਕਰਨਾ ਪਿਆ। ਇਨ੍ਹਾਂ ਸਾਰੀਆਂ ਬੈਂਕ ਬ੍ਰਾਂਚਾਂ ਨੇ 50 ਦਿਨਾਂ ਵਿਚ 90 ਫ਼ੀਸਦੀ ਤੋਂ ਵੱਧ ਪੁਰਾਣੀ ਕਰੰਸੀ ਨੂੰ ਜਮ੍ਹਾਂ ਕਰਵਾ ਦਿੱਤਾ ਹੈ ਅਤੇ 50 ਫ਼ੀਸਦੀ ਤੋਂ ਵੱਧ ਨਵੀਂ ਕਰੰਸੀ ਦੇ ਪ੍ਰਵਾਹ ਨੂੰ ਚਲਾ ਦਿੱਤਾ ਹੈ। ਨੋਟਬੰਦੀ ਦੇ ਫ਼ੈਸਲੇ ਕਰਕੇ ਵਿਰੋਧੀ ਧਿਰ ਵੱਲੋਂ ਲਗਾਤਾਰ ਸਰਕਾਰ ਦੀ ਆਲੋਚਨਾ ਕੀਤਾ ਜਾ ਰਹੀ ਹੈ। ਉਨ੍ਹਾਂ ਦਾ ਦੋਸ਼ ਹੈ ਕਿ ਨੋਟਬੰਦੀ ਦੇ ਚੱਲਦਿਆਂ ਦੇਸ਼ ਭਰ ਵਿਚ ਕਰੀਬ ਹੋਈਆਂ 100 ਮੌਤਾਂ ਲਈ ਸਰਕਾਰ ਜ਼ਿੰਮੇਵਾਰ ਹੈ।

### ਦਿਹਾੜੀਦਾਰ ਮਜ਼ਦੂਰ ਫ਼ਾਕੇ ਕੱਟਣ ਲਈ ਮਜਬੂਰ

**ਬਠਿੰਡਾ :** ਪੁਰਾਣੇ ਨੋਟ ਜਮ੍ਹਾਂ ਕਰਵਾਉਣ ਲਈ ਸਾਰੀਆਂ ਹੀ ਬੈਂਕਾਂ ਵਿਚ ਲੋਕ ਵੱਡੀ ਗਿਣਤੀ ਵਿਚ ਪਹੁੰਚੇ। ਬੈਂਕ ਅਧਿਕਾਰੀਆਂ ਅਨੁਸਾਰ ਬੈਂਕਾਂ ਵਿਚ ਦੇਰ ਸ਼ਾਮ ਤੱਕ ਕੰਮ ਚੱਲਿਆ। ਦਿਹਾੜੀਦਾਰ ਮਜ਼ਦੂਰਾਂ ਨੇ ਦੱਸਿਆ ਕਿ ਪਿਛਲੇ 50 ਦਿਨਾਂ ਤੋਂ ਉਨ੍ਹਾਂ ਦਾ ਰੁਜ਼ਗਾਰ ਠੱਪ ਪਿਆ ਹੈ, ਕਿਉਂਕਿ ਉਸਾਰੀ ਦੇ ਕੰਮ ਨਕਦੀ ਦੀ ਕਮੀ ਕਰਕੇ ਠੱਪ ਪਿਆ।

### ਬੈਂਕਾਂ ਤੇ ਏਟੀਐਮ 'ਚੋਂ ਨਹੀਂ ਮਿਲਦੀ ਲੋੜੀਂਦੀ ਨਕਦੀ

**ਪਟਿਆਲਾ :** ਜ਼ਿਲ੍ਹੇ ਵਿਚ 424 ਬੈਂਕ ਬ੍ਰਾਂਚਾਂ ਹਨ ਤੇ ਇਨ੍ਹਾਂ ਦੇ ਨਾਲ ਹੀ ਏ.ਟੀ.ਐਮ. ਵੀ ਹਨ, ਪਰ ਇਨ੍ਹਾਂ ਵਿਚੋਂ ਬਹੁਤੀਆਂ ਕੋਲ ਪੈਸੇ ਨਹੀਂ ਹੁੰਦੇ। ਛੋਟੇ ਮੋਟੇ ਕਾਰੋਬਾਰੀ ਇਸ ਨੋਟਬੰਦੀ ਕਾਰਨ ਰਗੜੇ ਗਏ ਹਨ। ਰੋਜ਼ਾਨਾ ਹੀ ਲੜਾਈ-ਝਗੜੇ ਹੋਣ ਦੀਆਂ ਖ਼ਬਰਾਂ ਹਨ।

# ਨਵੀਂ ਕਰੰਸੀ ਦੀ ਕਮੀ

**ਫ਼ਰੀਦਕੋਟ :** ਨੋਟਬੰਦੀ ਦੇ 50ਵੇਂ ਤੇ ਆਖ਼ਰੀ ਦਿਨ ਬੈਂਕਾਂ ਵਿਚ ਪੁਰਾਣੇ 500 ਤੇ 1000 ਰੁਪਏ ਨੋਟ ਜਮ੍ਹਾਂ ਕਰਵਾਉਣ ਵਾਲਿਆਂ ਦੀ ਭਾਰੀ ਭੀੜ ਵੇਖਣ ਨੂੰ ਮਿਲੀ। ਸਵੇਰ ਤੋਂ ਸ਼ਾਮ ਤੱਕ ਬੈਂਕਾਂ ਅੱਗੇ ਲੰਮੀਆਂ ਕਤਾਰਾਂ ਲੱਗੀਆਂ ਰਹੀਆਂ। ਪੈਸੇ ਜਮ੍ਹਾਂ ਕਰਵਾਉਣ ਦੇ ਨਾਲ-ਨਾਲ ਪੈਸੇ ਕਢਵਾਉਣ ਵਾਲਿਆਂ ਦੀ ਵੀ ਭੀੜ ਸੀ, ਜਿਸ ਦਾ ਮੁੱਖ ਕਾਰਨ ਬੈਂਕਾਂ ਵਿਚ ਨਵੀਂ ਕਰੰਸੀ ਦੀ ਕਮੀ ਹੈ। ਲੋਕਾਂ ਨੂੰ ਇਸ ਬਾਰੇ ਜਦੋਂ ਗੱਲ ਕੀਤੀ ਗਈ ਤਾਂ ਉਨ੍ਹਾਂ ਨੇ ਕਿਹਾ ਕਿ ਬੈਂਕਾਂ ਵਿਚ ਨਕਦੀ ਦੀ ਕਮੀ ਹੋਣ ਕਾਰਨ ਉਨ੍ਹਾਂ ਨੂੰ ਇਕ ਵਾਰੀ ਵਿਚ ਪੂਰੀ 24 ਹਜ਼ਾਰ ਰੁਪਏ ਦੀ ਪੇਮੈਂਟ ਨਹੀਂ ਮਿਲ ਪਾ ਰਹੀ। ਸਰਕਾਰ ਵੱਲੋਂ ਨੋਟਬੰਦੀ ਕਰਨ ਤੋਂ ਬਾਅਦ ਡਿਜੀਟਲ ਪੇਮੈਂਟ ਪ੍ਰਣਾਲੀ ਨੂੰ ਉਤਸ਼ਾਹਿਤ ਕਰਨ ਲਈ ਕਾਫ਼ੀ ਸਕੀਮਾਂ ਲਿਆਂਦੀਆਂ ਗਈਆਂ ਹਨ ਪਰ ਸਰਕਾਰ ਦੇ ਇਨ੍ਹਾਂ ਕਦਮਾਂ ਦਾ ਛੋਟੇ ਸ਼ਹਿਰਾਂ ਤੇ ਕਸਬਿਆਂ ਅਤੇ ਪਿੰਡਾਂ ਵਿਚ ਕੋਈ ਖ਼ਾਸ ਅਸਰ ਦੇਖਣ ਨੂੰ ਨਹੀਂ ਮਿਲ ਰਿਹਾ। ਇਨ੍ਹਾਂ ਥਾਵਾਂ 'ਤੇ ਲੋਕ ਹਾਲੇ ਵੀ ਡਿਜੀਟਲ ਪੇਮੈਂਟ ਪ੍ਰਣਾਲੀ ਦੀ ਵਰਤੋਂ ਕਰਨ ਤੋਂ ਝਿਜਕ ਰਹੇ ਹਨ। ਕੁਝ ਥਾਵਾਂ ਜਿਥੇ ਡਿਜੀਟਲ ਪ੍ਰਣਾਲੀ ਸਫ਼ਲ ਹੋ ਸਕੀ ਹੈ ਉਹ ਹਨ ਪੈਟਰੋਲ ਪੰਪ, ਕੱਪੜੇ ਦੀਆਂ ਦੁਕਾਨਾਂ ਤੇ ਰੈਸਟੋਰੈਂਟ। ਛੋਟੇ ਵਪਾਰੀ ਹਾਲੇ ਵੀ ਕੈਸ਼ ਪੇਮੈਂਟ ਨੂੰ ਤਰਜੀਹ ਦਿੰਦੇ ਹਨ, ਜਿਸ ਕਰਕੇ ਜਿਨ੍ਹਾਂ ਨੇ ਆਪਣੇ ਕੋਲ ਨਾ ਸਵੈਪ ਮਸ਼ੀਨਾਂ ਲਗਾਈਆਂ ਹਨ ਜਾਂ ਹੋਰ ਡਿਜੀਟਲ ਮਾਧਿਅਮ ਦੀ ਵਰਤੋਂ ਕਰ ਰਹੇ ਹਨ। ਇਸ ਕਾਰਨ ਛੋਟੇ ਸ਼ਹਿਰਾਂ ਦੀ ਅਰਥ ਵਿਵਸਥਾ 'ਤੇ ਵੀ ਅਸਰ ਪੈ ਰਿਹਾ ਹੈ।

## ਬੰਦ ਕੀਤੇ ਨੋਟ 31 ਮਾਰਚ ਤੋਂ ਬਾਅਦ ਰੱਖਣਾ ਕਾਨੂੰਨੀ ਜੁਰਮ ਕਰਾਰ

**ਨਵੀਂ ਦਿੱਲੀ/ਬਿਊਰੋ ਨਿਊਜ਼ :** ਕੇਂਦਰੀ ਵਜ਼ਾਰਤ ਨੇ ਇਕ ਆਰਡੀਨੈਂਸ ਨੂੰ ਮਨਜ਼ੂਰੀ ਦੇ ਦਿੱਤੀ, ਜਿਸ ਤਹਿਤ ਬੰਦ ਕੀਤੇ ਗਏ 500 ਅਤੇ 1000 ਰੁਪਏ ਦੇ ਨੋਟ ਰੱਖਣਾ ਕਾਨੂੰਨੀ ਜੁਰਮ ਕਰਾਰ ਦਿੱਤਾ ਗਿਆ ਹੈ। ਪੁਰਾਣੇ ਨੋਟਾਂ ਨੂੰ ਬੈਂਕਾਂ ਵਿੱਚ ਜਮ੍ਹਾਂ ਕਰਾਉਣ ਦੀ ਮਿਆਦ ਮੁੱਕਣ ਤੋਂ ਦੋ ਦਿਨ ਪਹਿਲਾਂ ਮਨਜ਼ੂਰ ਕੀਤੇ ਗਏ ਇਸ ਆਰਡੀਨੈਂਸ ਤਹਿਤ ਆਗਾਮੀ 31 ਮਾਰਚ ਤੋਂ ਬਾਅਦ ਕਿਸੇ ਵਿਅਕਤੀ ਕੋਲ ਪੁਰਾਣੇ ਨੋਟ ਫੜੇ ਜਾਣ 'ਤੇ ਉਸ ਨੂੰ ਜੁਰਮਾਨਾ ਕੀਤਾ ਜਾ ਸਕੇਗਾ। ਵਿਸ਼ੇਸ਼ ਬੈਂਕ ਨੋਟ ਖ਼ਾਤਮਾ ਜਵਾਬਦੇਹੀ ਆਰਡੀਨੈਂਸ ਤਹਿਤ ਮਿਥੀ ਤਾਰੀਖ਼ ਤੋਂ ਬਾਅਦ ਪੁਰਾਣੇ ਨੋਟਾਂ ਦੀ ਇਕ ਖ਼ਾਸ ਰਕਮ ਰੱਖਣਾ ਕਾਨੂੰਨੀ ਜੁਰਮ ਮੰਨਿਆ ਜਾਵੇਗਾ ਅਤੇ ਇਸ ਲਈ ਦਸ ਹਜ਼ਾਰ ਰੁਪਏ ਜਾਂ ਫੜੀ ਗਈ ਰਕਮ ਦਾ ਪੰਜ ਗੁਣਾ, ਜੋ ਵੀ ਵੱਧ ਹੋਵੇਗਾ, ਜੁਰਮਾਨਾ ਵਸੂਲਿਆ ਜਾਵੇਗਾ। ਇਸੇ ਤਰ੍ਹਾਂ ਪਹਿਲੀ ਜਨਵਰੀ ਤੋਂ 31 ਮਾਰਚ ਦਰਮਿਆਨ ਪੁਰਾਣੇ ਕਰੰਸੀ ਨੋਟ ਜਮ੍ਹਾਂ ਕਰਾਉਣ ਲਈ ਗਲਤ ਜਾਣਕਾਰੀ ਦੇਣ ਵਾਲੇ ਨੂੰ ਵੀ ਪੰਜ ਹਜ਼ਾਰ ਰੁਪਏ ਜਾਂ ਰਕਮ ਦਾ ਪੰਜ ਗੁਣਾ ਜੁਰਮਾਨਾ ਅਦਾ ਕਰਨਾ ਹੋਵੇਗਾ। ਸਰਕਾਰੀ ਸੂਤਰਾਂ ਨੇ ਮੁਤਾਬਕ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਪ੍ਰਧਾਨਗੀ ਹੇਠ ਹੋਈ ਕੈਬਨਿਟ ਦੀ ਮੀਟਿੰਗ ਦੌਰਾਨ ਆਰਡੀਨੈਂਸ ਨੂੰ ਪ੍ਰਵਾਨਗੀ ਦਿੱਤੀ ਗਈ, ਪਰ ਉਨ੍ਹਾਂ ਇਹ ਨਹੀਂ

ਬਾਕੀ ਸਫ਼ਾ 36 'ਤੇ

# ਗੁਜਰਾਤ ਫਾਈਲਜ਼

## ਪਰਦਾਪੋਸ਼ੀ ਦੀ ਚੀਰਫਾੜ



# ਮੈਂ ਡਰੀ ਹੋਈ ਸੀ, ਪਰ ਆਪਣਾ ਡਰ ਜ਼ਾਹਰ ਨਹੀਂ ਸੀ ਕਰ ਸਕਦੀ...

**ਮੈਂ ਰੋਣਾ ਚਾਹੁੰਦੀ ਸੀ। ਜਦੋਂ ਮੈਂ ਜੀਪ ਵਿਚ ਬੈਠੀ, ਗੁਜਰਾਤ ਵਿਚ ਠਹਿਰਨ ਦੌਰਾਨ ਇਹ ਪਹਿਲੀ ਵਾਰ ਸੀ ਕਿ ਮੇਰੇ ਹੱਥ ਠੰਡੇ ਪੈ ਗਏ। ਊਸ਼ਾ ਗੱਲਾਂ ਕਰਦੀ ਰਹੀ ਪਰ ਮੈਂ ਅਜੀਬ ਖ਼ਾਮੋਸ਼ੀ ਧਾਰੀ ਹੋਈ ਸੀ। ਮੈਂ ਚਾਹੁੰਦੀ ਸੀ ਕਿ ਫ਼ੋਨ ਕੱਢਾਂ ਅਤੇ ਆਪਣੇ ਪਰਿਵਾਰ ਨੂੰ ਲਗਾ ਲਵਾਂ। ਇਹ ਦੱਸਣ ਲਈ ਕਿ ਆਖ਼ਰੀ ਵਕਤ ਮੈਂ ਕਿਸ ਵਿਅਕਤੀ ਨੂੰ ਮਿਲੀ ਸੀ, ਜੇ ਮੇਰੇ ਨਾਲ ਕੋਈ ਹਾਦਸਾ ਹੁੰਦਾ ਹੈ ਉਨ੍ਹਾਂ ਨੂੰ ਮੇਰੇ ਬਾਰੇ ਪਤਾ ਹੋਵੇ। ਪਰ ਮੈਂ ਊਸ਼ਾ ਨੂੰ ਗ਼ਲਤ ਸਮਝਿਆ ਸੀ। ਅਸੀਂ ਅਹਿਮਦਾਬਾਦ ਦੇ ਇਕ ਸਭ ਤੋਂ ਠਾਠਦਾਰ ਰੈਸਤਰਾਂ ਅੱਗੇ ਜਾ ਰੁਕੇ। ਦੇਖ, ਮੈਂ ਤੈਨੰ ਇਹ ਦਿਖਾਉਣਾ ਚਾਹੁੰਦੀ ਸੀ ਕਿ ਸਾਡਾ ਅਹਿਮਦਾਬਾਦ ਤੁਹਾਡੇ ਅਮਰੀਕਾ ਤੋਂ ਘੱਟ ਨਹੀਂ ਹੈ, ਉਹ ਚਹਿਕੀ। ਮੈਂ ਮੁਸਕਰਾਈ, ਇਕ ਰਾਹਤ ਦੀ ਮੁਸਕਾਨ ਜੋ ਊਸ਼ਾ ਕਦੇ ਨਹੀਂ ਸਮਝ ਸਕੇਗੀ। ਥੋੜ੍ਹੇ ਚਿਰ ਪਿੱਛੋਂ ਮੈਂ ਬਹਾਨਾ ਮਾਰਿਆ ਅਤੇ ਵਾਸ਼ਰੂਮ ਚਲੀ ਗਈ। ਮੈਂ ਨਹੀਂ ਸੋਚਦੀ ਕਿ ਮੈਂ ਕਦੇ ਐਨਾ ਰੋਈ ਹੋਵਾਂਗੀ ਜਿੰਨਾ ਮੈਂ ਟਾਇਲਟ ਦੇ ਉਸ ਡੱਬਾਨੁਮਾ ਕਮਰੇ ਵਿਚ ਜਾ ਕੇ ਰੋਈ। ਮੈਨੂੰ ਹੱਥੂ ਛਿੜਿਆ ਹੋਇਆ ਸੀ, ਮੇਰੀਆਂ ਅੱਖਾਂ ਤੇ ਨੱਕ ਵਿਚੋਂ ਪਾਣੀ ਵਗ ਰਿਹਾ ਸੀ, ਮੇਰੀ ਹਾਲਤ ਲਗਭਗ ਉਲਟੀ ਆਉਣ ਵਾਲੀ ਸੀ।**




ਭਾਗ ਚੌਥਾ

**ਜਦੋਂ ਫਿਲਮ ਲਈ ਯੋਗਦਾਨ ਦੇਣ ਵਾਲਿਆਂ ਦੀ ਸੂਚੀ ਦਿਖਾਈ ਜਾਣ ਲੱਗੀ, ਫਿਲਮ ਸਕਰੀਨ ਉਪਰ ਤਹਿਲਕਾ ਵੱਲੋਂ ਕੀਤੇ ਕੰਮ ਦੀ ਤ਼ਫਸੀਲ ਆ ਗਈ ਤਾਂ ਊਸ਼ਾ ਮੇਰੇ ਕੰਨਾਂ ਵਿਚ ਘੁਸਰ ਘੁਸਰ ਕਰਨ ਲੱਗੀ, ਤੂੰ ਤਹਿਲਕਾ ਬਾਰੇ ਸੁਣਿਐ, ਇਹ ਲੁੱਚਿਆਂ ਦਾ ਟੋਲਾ ਹੈ। ਇਹ ਖ਼ੁਫ਼ੀਆ ਕੈਮਰਿਆਂ ਵਾਲੇ ਫ਼ੋਨ ਚੁੱਕੀ ਫਿਰਦੇ ਹਨ ਅਤੇ ਲੋਕਾਂ ਦਾ ਸਟਿੰਗ ਕਰਦੇ ਹਨ। ਉਨ੍ਹਾਂ ਨੇ ਗੁਜਰਾਤ ਵਿਚ ਵੀ ਸਾਡੇ ਲੋਕਾਂ ਦਾ ਸਟਿੰਗ ਕੀਤਾ ਹੈ। ਸੱਚੀਂ ? ਮੈਂ ਅਸਧਾਰਨ ਭੋਲੇਪਣ ਨਾਲ ਪੁੱਛਿਆ। ਤਹਿਲਕਾ ਕੀ ਹੈ ? ਕੋਈ ਟੀ ਵੀ ਚੈਨਲ ਹੈ ? ਨਹੀਂ, ਨਹੀਂ ਇਹ ਇਕ ਵੈੱਬਸਾਈਟ ਹੈ, ਤੂੰ ਇਹ ਕਦੇ ਨਾ ਦੇਖੀ, ਹਿੰਦੁਸਤਾਨ ਬਾਰੇ ਬਹੁਤ ਮਾੜੀਆਂ ਗੱਲਾਂ ਨੇ ਇਸ ਉਪਰ; ਊਸ਼ਾ ਨੇ ਜਵਾਬ ਦਿੱਤਾ ਤੇ ਨਾਲੋ ਨਾਲ ਅਸੀਂ ਫਿਲਮ ਦੇਖ ਰਹੀਆਂ ਸੀ।**

## ਰਾਣਾ ਅਯੂਬ

ਇਸ ਤੋਂ ਪਹਿਲਾਂ ਕਿ ਮੈਂ ਕਹਾਣੀ ਦੇ ਅਗਲੇ ਕਾਂਡਾਂ ਵੱਲ ਤੁਰਾਂ, ਇਹ ਜ਼ਰੂਰੀ ਹੈ ਕਿ ਗੁਜਰਾਤ ਦੀ ਇਕ ਮਸ਼ਹੂਰ ਔਰਤ ਪੁਲਿਸ ਅਧਿਕਾਰੀ ਊਸ਼ਾ ਰਾਡਾ ਦਾ ਤੁਆਰਫ਼



ਕਰਾਇਆ ਜਾਵੇ। ਉਸਦਾ ਸਟਿੰਗ ਕਰਨ ਦਾ ਮੇਰਾ ਇਰਾਦਾ ਨਹੀਂ ਸੀ ਪਰ ਉਸਦੇ ਬਾਰੇ ਕੁਝ ਸ਼ੱਕ ਜ਼ਰੂਰ ਸੀ। ਮੈਂ ਮਹਿਸੂਸ ਕੀਤਾ ਕਿ ਐਸਾ ਕਰਨ ਦਾ ਕੋਈ ਬਹੁਤਾ ਨੁਕਸਾਨ ਨਹੀਂ ਹੋਵੇਗਾ ਕਿਉਂਕਿ ਰਾਡਾ ਨਾਲ ਮਿਲਣੀ, ਜੋ ਪਛੜੀ ਸ੍ਰਨਾਲ ਸਬੰਧਤ ਸੀ, ਮੇਰੀ ਕਹਾਣੀ ਦੇ ਢੌਂਗ ਨੂੰ ਮਜ਼ਬੂਤ ਹੀ ਕਰੇਗੀ। ਰਾਡਾ ਅਭੈ ਚੁੜਾਸਮਾ ਦੀ ਜੂਨੀਅਰ ਸੀ ਅਤੇ ਉਸਦੀ ਵਫ਼ਾਦਾਰ ਸੀ। ਮੇਰੇ ਗੁਜਰਾਤ ਤੋਂ ਆ ਜਾਣ ਤੋਂ ਬਾਅਦ, ਊਸ਼ਾ ਰਾਡਾ ਨੇ ਸੁਪਰੀਮ ਕੋਰਟ ਵਲੋਂ ਗੁਜਰਾਤ ਦੇ 16 ਪੁਲਿਸ ਮੁਕਾਬਲਿਆਂ ਦੀ ਜਾਂਚ ਲਈ ਬਣਾਈ ਸਪੈਸ਼ਲ ਟਾਸਕ ਫੋਰਸ ਤੋਂ ਅਸਤੀਫ਼ਾ ਦੇ ਦਿੱਤਾ ਜੋ 2003 ਅਤੇ 2006 ਦਰਮਿਆਨ ਬਣਾਏ ਗਏ ਸਨ।

ਚੁੜਾਸਮਾ, ਜੋ 2007 ਅਤੇ 2010 ਦਰਮਿਆਨ ਰਾਡਾ ਦਾ ਬੌਸ ਰਿਹਾ ਸੀ ਜਦੋਂ ਉਹ ਦੋਵੇਂ ਕ੍ਰਾਈਮ ਬਰਾਂਚ ਵਿਖੇ ਤਾਇਨਾਤ ਸਨ, ਸੀ ਬੀ ਆਈ ਵੱਲੋਂ ਸੋਹਰਾਬੁਦੀਨ ਸ਼ੇਖ ਦੇ ਫਰਜ਼ੀ ਮੁਕਾਬਲੇ ਵਿਚ ਪਹਿਲਾਂ ਹੀ ਗ੍ਰਿਫ਼ਤਾਰ ਸੀ। ਅਟਕਲਾਂ ਲਗਾਈਆਂ ਜਾ ਰਹੀਆਂ ਸਨ ਕਿ ਰਾਡਾ ਜਾਂਚ ਨੂੰ ਚੁੜਾਸਮਾ ਦੇ ਹੱਕ ਵਿਚ ਮੋੜਾ ਦੇਣ ਦਾ ਯਤਨ ਕਰੇਗੀ। ਇਸ ਵਕਤ ਗੁਜਰਾਤ ਪੁਲਿਸ ਦਾ ਕੰਟਰੋਲ ਰੂਮ ਮੇਰੇ ਲਈ ਬਹੁਤ ਮਨਭਾਉਂਦਾ ਬਣ ਗਿਆ ਸੀ। ਜਦੋਂ ਵੀ ਮੈਨੂੰ ਕਿਸੇ ਪੁਲਿਸ ਅਧਿਕਾਰੀ ਦੇ ਸੰਪਰਕ ਨੰਬਰ ਦੀ ਜ਼ਰੂਰਤ ਪੈਂਦੀ ਮੈਂ ਅੱਖਰ ਖਾ ਜਾਣ ਵਾਲੇ ਅਮਰੀਕਨ ਅੰਦਾਜ਼ ਚ ਫੋਕਰਦੀ ਅਤੇ ਇਕ ਅਮਰੀਕਨ ਫਿਲਮਸਾਜ਼ ਵਜੋਂ ਆਪਣਾ ਤੁਆਰਫ਼ ਕਰਾਉਂਦੀ ਜੋ ਸ਼ਕਤੀਸ਼ਾਲੀ ਗੁਜਰਾਤੀ ਔਰਤਾਂ ਉਪਰ ਫਿਲਮ ਬਣਾ ਰਹੀ ਸੀ। ਜੋ ਵੀ ਪੁਲਿਸ ਅਧਿਕਾਰੀ ਲਾਈਨ ਉਪਰ ਹੁੰਦਾ ਉਹ ਨਾ ਸਿਰਫ਼ ਮੈਨੂੰ ਫਰਾਖ਼ਦਿਲੀ ਨਾਲ ਸਬੰਧਤ ਅਧਿਕਾਰੀ ਦਾ ਲੈਂਡਲਾਈਨ ਸਗੋਂ ਸੈੱਲ ਫੋਨ ਨੰਬਰ ਵੀ ਦੇ ਦਿੰਦਾ। ਜਦੋਂ ਮੈਂ ਊਸ਼ਾ ਰਾਡਾ ਨੂੰ ਫ਼ੋਨ ਕੀਤਾ ਉਹ ਇਕ ਤਫ਼ਤੀਸ਼ ਕਰ ਰਹੀ ਸੀ। ਮੈਂ ਉਸ ਲਈ ਟੈਕਸਟ ਮੈਸੇਜ ਛੱਡ ਦਿੱਤਾ। ਦੋ ਘੰਟੇ ਬਾਅਦ ਉਸਨੇ ਫ਼ੋਨ ਕਰਕੇ ਮੈਨੂੰ ਅਹਿਮਦਾਬਾਦ ਦੇ ਸਰਕਟ ਹਾਊਸ ਵਿਖੇ ਆ ਕੇ ਮਿਲਣ ਲਈ ਕਿਹਾ। ਮੈਂ ਡੈਨਿਮ ਲਹਿੰਗੇ ਦੇ ਨਾਲ ਮੋਤੀਆਂ ਵਾਲੀ ਕਾਲੀ ਟੀ ਸ਼ਰਟ ਪਹਿਨ ਲਈ ਜੋ ਉਚੇਚੇ ਤੌਰ ਤੇ ਮੀਟਿੰਗਾਂ ਵਿਚ ਜਾਣ ਲਈ ਸੀ। ਮੈਂ ਸਿਰ ਤੇ ਰੁਮਾਲ ਬੰਨ੍ਹਿਆ, ਕੈਮਰਾ ਚੁੱਕਿਆ ਅਤੇ ਪਿੱਠੂ ਬੈਗ ਪਾ ਲਿਆ। ਰਿਸੈਪਸ਼ਨਿਸਟ ਮੈਨੂੰ ਬੈਠਣ ਵਾਲੇ ਹਿੱਸੇ ਵਿਚ ਛੱਡ ਆਈ।

ਮਿੰਟਾਂ ਵਿਚ ਰਾਡਾ ਆ ਪਹੁੰਚੀ, 30ਵਿਆਂ ਦੇ ਸ਼ੁਰੂ ਦੀ ਉਮਰ ਦੀ ਔਰਤ, ਬੁਆਏ ਕੱਟ ਵਾਲ ਅਤੇ ਲੰਮਾ, ਪਤਲਾ ਜਿਸਮ। ਉਸਨੇ ਕਾਲਰ ਵਾਲੀ ਟੀ-ਸ਼ਰਟ ਅਤੇ ਜੀਨ ਪਹਿਨੀ ਹੋਈ ਸੀ। ਸਪੋਰਟਸ ਸ਼ੂ ਉਸਦੀ ਸ਼ਖਸੀਅਤ ਨੂੰ ਹੋਰ ਚਾਰ ਚੰਨ ਲਾਉਂਦੇ ਸਨ। ਉਸਨੇ ਮੈਨੂੰ ਘੁੱਟ ਕੇ ਜੱਫੀ ਪਾ ਲਈ। ਹੈਲੋ ਮੈਥਿਲੀ, ਕੀ ਹਾਲ ਐ ? ਉਸਨੇ ਨਿੱਘ ਨਾਲ ਹੱਥ ਮਿਲਾਉਂਦਿਆਂ ਅਤੇ ਚਿਹਰੇ ਤੇ ਮੁਸਕਾਨ ਲਿਆਉਂਦਿਆਂ ਪੁੱਛਿਆ।

ਬੈਠਦੇ ਸਾਰ ਮੈਂ ਉਸਦੀ ਸ਼ਖਸੀਅਤ ਦੀਆਂ ਤਾਰੀਫ਼ਾਂ ਦੀ ਝੜੀ ਲਾ ਦਿੱਤੀ; ਇਨ੍ਹਾਂ ਵਿਚੋਂ ਸਾਰੀਆਂ ਹੀ ਝੂਠੀਆਂ ਨਹੀਂ ਸਨ। ਊਸ਼ਾ ਦੀ ਸ਼ਖਸੀਅਤ ਦਿਲਕਸ਼ ਸੀ, ਅਤੇ ਉਸਦੀ ਮੁਸਕਾਨ ਮੇਰੇ ਸਾਰੇ ਡਰ ਦੂਰ ਕਰਦੀ ਸੀ। ਇਕ ਘੰਟੇ ਦੀ ਗੱਲਬਾਤ ਵਿਚ ਹੀ ਉਸਨੇ ਮੈਨੂੰ ਫਿਲਮਾਂ, ਸ਼ਾਪਿੰਗ ਅਤੇ ਗੁਜਰਾਤ ਦੇ ਇਕ ਬਹੁਤ ਹੀ ਮਸ਼ਹੂਰ ਥਾਲੀ ਜੁਆਇੰਟ ਉਪਰ ਲੈ ਕੇ ਜਾਣ ਦਾ ਇਕਰਾਰ ਕੀਤਾ।



ਊਸ਼ਾ ਰਾਡਾ

ਮੈਨੂੰ ਆਪਣੀ ਸਹੇਲੀ ਸਮਝ ਅਤੇ ਕਿਸੇ ਵੀ ਮਦਦ ਦੀ ਜ਼ਰੂਰਤ ਹੋਵੇ ਤਾਂ ਝਿਜਕਣਾ ਨਹੀਂ, ਉਸਨੇ ਮੈਨੂੰ ਵਿਦਾਇਗੀ ਵੇਲੇ ਘੁੱਟ ਕੇ ਆਪਣੇ ਨਾਲ ਲਗਾਉਣ ਅਤੇ ਆਪਣੀ ਸਰਕਾਰੀ ਜੀਪ ਵਿਚ ਨਹਿਰੂ ਫਾਊਂਡੇਸ਼ਨ ਅੱਗੇ ਛੱਡਣ ਤੋਂ ਪਹਿਲਾਂ ਕਿਹਾ। ਅਗਲੀ ਸ਼ਾਮ ਨੂੰ ਮੇਰੇ ਫ਼ੋਨ ਉਪਰ ਊਸ਼ਾ ਦਾ ਮੈਸੇਜ ਆ ਗਿਆ। ਮੈਥਿਲੀ, ਸਾਢੇ ਨੌਂ ਵਜੇ ਸ਼ਾਮ ਨੂੰ ਮੈਨੂੰ ਐੱਸ ਜੀ ਹਾਈਵੇਅ ਉਪਰ ਆ ਕੇ ਮਿਲ। ਮੈਂ ਝਟਪਟ ਹਾਂ ਵਿਚ ਜਵਾਬ ਭੇਜ ਦਿੱਤਾ ਪਰ ਜਿਉਂ ਹੀ ਮੈਂ ਫ਼ੋਨ ਰੱਖਿਆ ਮੈਂ ਆਪਣੇ ਜਿਸਮ ਵਿਚ ਚਿੰਤਾ ਖੌਰੂ ਪਾ ਰਹੀ ਮਹਿਸੂਸ ਕੀਤੀ। ਉਹ ਸਾਢੇ ਨੌਂ ਵਜੇ ਰਾਤ ਨੂੰ ਮੈਨੂੰ ਐੱਸ ਜੀ ਹਾਈਵੇਅ ਉਪਰ ਕਿਉਂ ਮਿਲਣਾ ਚਾਹ ਰਹੀ ਸੀ ?

ਪੂਰੀ ਤਰ੍ਹਾਂ ਘਬਰਾਈ ਅਤੇ ਡਰੀ ਹੋਈ ਮੈਂ ਆਟੋ ਲੈ ਕੇ ਐਸ ਜੀ ਹਾਈਵੇਅ ਨੂੰ ਚਲ ਪਈ। ਜਿਉਂ ਹੀ ਮੈਂ ਨਿਸ਼ਚਿਤ ਟਿਕਾਣੇ ਤੇ ਪਹੁੰਚੀ ਅਤੇ ਊਸ਼ਾ ਨੂੰ ਫ਼ੋਨ ਕੀਤਾ, ਅੱਗੋਂ ਉਸਨੇ ਆਟੋ ਵਾਲੇ ਨੂੰ ਫ਼ੋਨ ਫੜਾਉਣ ਲਈ ਕਿਹਾ ਤਾਂ ਜੋ ਉਸ ਨੂੰ ਸਹੀ ਜਗ੍ਹਾ ਸਮਝਾ ਸਕੇ ਜਿੱਥੋਂ ਉਸਨੇ ਮੈਨੂੰ ਲੈਣਾ ਸੀ। ਡਰਾਈਵਰ ਨੇ ਇਹ ਸ਼ਿਕਵਾ ਕਰਦਿਆਂ ਬੇਦਿਲੀ ਨਾਲ ਫ਼ੋਨ ਮੈਨੂੰ ਫੜਾ ਦਿੱਤਾ ਕਿ ਮੈਨੂੰ ਉਸ ਨੂੰ ਅਗਲੇ ਲੰਮੇ ਪੈਂਡੇ ਬਾਰੇ ਪਹਿਲਾਂ ਦੱਸਣਾ ਚਾਹੀਦਾ ਸੀ। ਓਦੋਂ ਦਸ ਵੱਜ ਚੁੱਕੇ ਸਨ। ਮੇਰੇ ਕੋਲ ਊਸ਼ਾ ਦਾ ਕਿਹਾ ਮੰਨਣ ਤੋਂ ਸਿਵਾਏ ਕੋਈ ਚਾਰਾ ਨਹੀਂ ਸੀ। ਚਾਹੇ ਮੈਂ ਡਰੀ ਹੋਈ ਸੀ ਮੈਂ ਆਪਣਾ ਡਰ ਜ਼ਾਹਰ ਨਹੀਂ ਕਰ ਸਕਦੀ ਸੀ। ਊਸ਼ਾ ਦੀ ਪੁਲਿਸ ਵੈਨ ਸੜਕ ਤੇ ਨਜ਼ਰ ਆਉਣ ਤੋਂ ਪਹਿਲਾਂ ਅਸੀਂ ਕਈ ਕਿਲੋਮੀਟਰ ਸ਼ਫ਼ਰ ਕੀਤਾ। ਗੱਡੀ ਵਿਚ ਸਿਰਫ਼ ਤਿੰਨ ਪੁਸਲੀਏ ਬੈਠੇ ਸਨ। ਮੈਂ ਆਟੋ ਡਰਾਈਵਰ ਨੂੰ ਮੈਨੂੰ ਉਥੋਂ ਵਾਪਸ ਮੋੜ ਕੇ ਲੈ ਜਾਣ ਦਾ ਤਰਲਾ ਕਰਨਾ ਚਾਹੁੰਦੀ ਸੀ ਪਰ ਹੁਣ ਬਹੁਤ ਦੇਰ ਹੋ ਚੁੱਕੀ ਸੀ। ਹੈਲੋ।, ਊਸ਼ਾ ਨੇ ਮੇਰੇ ਵੱਲ ਆਉਂਦਿਆਂ ਕਿਹਾ। ਉਸਨੇ ਮੈਨੂੰ ਆਪਣੀ ਜੀਪ ਵਿਚ ਬੈਠਣ ਲਈ ਕਿਹਾ। ਮੈਂ ਤੈਨੂੰ ਉਸ ਥਾਂ ਲੈ ਕੇ ਜਾ ਰਹੀ ਹਾਂ ਜੋ ਤੈਨੂੰ ਪਸੰਦ ਆਵੇਗੀ।

ਮੈਂ ਰੋਣਾ ਚਾਹੁੰਦੀ ਸੀ। ਜਦੋਂ ਮੈਂ ਜੀਪ ਵਿਚ ਬੈਠੀ, ਗੁਜਰਾਤ ਵਿਚ ਠਹਿਰਨ ਦੌਰਾਨ ਇਹ ਪਹਿਲੀ ਵਾਰ ਸੀ ਕਿ ਮੇਰੇ ਹੱਥ ਠੰਡੇ ਪੈ ਗਏ। ਊਸ਼ਾ ਗੱਲਾਂ ਕਰਦੀ ਰਹੀ ਪਰ ਮੈਂ ਅਜੀਬ ਖ਼ਾਮੋਸ਼ੀ ਧਾਰੀ ਹੋਈ ਸੀ। ਮੈਂ ਚਾਹੁੰਦੀ ਸੀ ਕਿ ਫ਼ੋਨ ਕੱਢਾਂ ਅਤੇ ਆਪਣੇ ਪਰਿਵਾਰ ਨੂੰ ਲਗਾ ਲਵਾਂ। ਇਹ ਦੱਸਣ ਲਈ ਕਿ ਆਖ਼ਰੀ ਵਕਤ ਮੈਂ ਕਿਸ ਵਿਅਕਤੀ ਨੂੰ ਮਿਲੀ ਸੀ, ਜੇ ਮੇਰੇ ਨਾਲ ਕੋਈ ਹਾਦਸਾ ਹੁੰਦਾ ਹੈ ਉਨ੍ਹਾਂ ਨੂੰ ਮੇਰੇ ਬਾਰੇ ਪਤਾ ਹੋਵੇ।

ਪਰ ਮੈਂ ਊਸ਼ਾ ਨੂੰ ਗ਼ਲਤ ਸਮਝਿਆ ਸੀ। ਅਸੀਂ ਅਹਿਮਦਾਬਾਦ ਦੇ ਇਕ ਸਭ ਤੋਂ ਠਾਠਦਾਰ ਰੈਸਤਰਾਂ ਅੱਗੇ ਜਾ ਰੁਕੇ। ਦੇਖ, ਮੈਂ ਤੈਨੰ ਇਹ ਦਿਖਾਉਣਾ ਚਾਹੁੰਦੀ ਸੀ ਕਿ ਸਾਡਾ ਅਹਿਮਦਾਬਾਦ ਤੁਹਾਡੇ ਅਮਰੀਕਾ ਤੋਂ ਘੱਟ ਨਹੀਂ ਹੈ, ਉਹ ਚਹਿਕੀ। ਮੈਂ ਮੁਸਕਰਾਈ, ਇਕ ਰਾਹਤ ਦੀ ਮੁਸਕਾਨ ਜੋ ਊਸ਼ਾ ਕਦੇ ਨਹੀਂ ਸਮਝ ਸਕੇਗੀ। ਥੋੜ੍ਹੇ ਚਿਰ ਪਿੱਛੋਂ ਮੈਂ ਬਹਾਨਾ ਮਾਰਿਆ ਅਤੇ ਵਾਸ਼ਰੂਮ ਚਲੀ ਗਈ। ਮੈਂ ਨਹੀਂ ਸੋਚਦੀ ਕਿ ਮੈਂ ਕਦੇ ਐਨਾ ਰੋਈ ਹੋਵਾਂਗੀ ਜਿੰਨਾ ਮੈਂ ਟਾਇਲਟ ਦੇ ਉਸ ਡੱਬਾਨੁਮਾ ਕਮਰੇ ਵਿਚ ਜਾ ਕੇ ਰੋਈ। ਮੈਨੂੰ ਹੱਥੂ ਛਿੜਿਆ ਹੋਇਆ ਸੀ, ਮੇਰੀਆਂ ਅੱਖਾਂ ਤੇ ਨੱਕ ਵਿਚੋਂ ਪਾਣੀ ਵਗ ਰਿਹਾ ਸੀ, ਮੇਰੀ ਹਾਲਤ ਲਗਭਗ ਉਲਟੀ ਆਉਣ ਵਾਲੀ ਸੀ।

ਗੱਲਬਾਤ ਦੌਰਾਨ ਮੇਰੇ ਵਲੋਂ ਕੀਤੀ ਤਾਰੀਫ਼ ਨੇ ਉਸਦਾ ਮਨ ਮੋਹ ਲਿਆ। ਰੈਸਤਰਾਂ ਤੋਂ ਤੁਰਨ ਤੋਂ ਪਹਿਲਾਂ ਅਸੀਂ ਉਸਦੇ ਘਰ ਮਿਲਣ ਦਾ ਇਕਰਾਰ ਕੀਤਾ। ਰੈਸਤਰਾਂ ਵਿਖੇ ਸਾਡੀ ਗੱਲਬਾਤ ਗੁਜਰਾਤ ਨੂੰ ਦਹਿਸ਼ਤਜ਼ਦਾ ਕਰ ਰਹੇ ਮੁਸਲਮਾਨਾਂ ਉਪਰ ਚਲਦੀ ਰਹੀ ਅਤੇ ਫਿਰ ਇਸ ਪਾਸੇ ਨੂੰ ਚਲੀ ਗਈ ਕਿ ਉਸਦਾ ਸੀਨੀਅਰ ਅਭੈ ਚੁੜਾਸਮਾ ਇਕ ਤਰ੍ਹਾਂ ਦਾ ਨਾਇਕ ਹੈ।



ਅਭੈ ਚੁੜਾਸਮਾ

ਅਗਲੀ ਸ਼ਾਮ ਨੂੰ ਮੈਂ ਊਸ਼ਾ ਨੂੰ ਉਸਦੇ ਘਰ ਮਿਲਣਾ ਸੀ। ਮੈਂ ਆਪਣਾ ਖਾਸ ਕੁੜਤਾ ਚਾਰਜਿੰਗ ਯੰਤਰ ਤੋਂ ਲਾਹਿਆ। ਕੈਮਰਾ ਚੈੱਕ ਕੀਤਾ, ਕੁੜਤਾ ਪਹਿਨਿਆ, ਅਤੇ ਨਹਿਰੂ ਫਾਊਂਡੇਸ਼ਨ ਤੋਂ ਚਲ ਪਈ। ਹੇਠਾਂ ਆਉਣ ਸਮੇਂ ਮੇਰਾ ਤੁਆਰਫ਼ ਫਾਊਂਡੇਸ਼ਨ ਵਿਖੇ ਸਾਡੀ ਨਵੀਂ ਵਸਨੀਕ ਰਾਜੀ ਨਾਲ ਕਰਾਇਆ ਗਿਆ। ਇਹ ਕੁੜੀ ਮੁੰਬਈ ਤੋਂ ਸੀ ਜਿਸ ਨੇ ਮੇਰੀ ਗੁਆਂਢਣ ਬਣਨਾ ਸੀ। ਪਾਨੀ ਅਤੇ ਉਸਦੇ ਦੋਸਤ ਅਜੇ ਹੋਸਟਲ ਮੁੜੇ ਹੀ ਸਨ। ਇਕ ਹੋਰ ਜਰਮਨ ਕੁੜੀ ਹੋਸਟਲ ਵਿਖੇ ਸਾਡੇ ਵਿਚ ਸ਼ਾਮਲ ਹੋ ਗਈ ਸੀ। ਉਹ ਸਕਾਈਪ ਉਪਰ ਆਪਣੇ ਪਰਿਵਾਰ ਨਾਲ ਗੱਲ ਕਰ ਰਹੀ ਸੀ ਅਤੇ ਜਦੋਂ ਮੈਂ ਉਸਦੇ ਕਮਰੇ ਕੋਲੋਂ ਲੰਘੀ ਤਾਂ ਉਸਨੇ ਮੈਨੂੰ ਕਿਹਾ ਕਿ ਮੈਂ ਵੀ ਉਸਦੀ ਮਾਂ ਨੂੰ ਹੈਲੋ ਕਹਿ ਦਿਆਂ।

ਜਿਸ ਵਕਤ ਮੈਂ ਸ਼ਾਹੀਬਾਗ਼ ਦੇ ਪੁਲਿਸ ਦੇ ਕਵਾਟਰਾਂ ਤੇ ਪਹੁੰਚੀ, ਊਸ਼ਾ ਨੇ ਵਰਦੀ ਬਦਲ ਕੇ ਘਰੇਲੂ ਸੂਟ ਪਾ ਲਿਆ ਸੀ ਅਤੇ ਰਾਤ ਦੇ ਖਾਣੇ ਦੀ ਥਾਲੀ ਤਿਆਰ ਸੀ। ਉਸ ਦੀ ਧੀ ਆਪਣੇ ਲੈਪਟਾਪ ਉਪਰ ਕੰਮ ਕਰ ਰਹੀ ਸੀ। ਉਸਨੇ ਮੇਰਾ ਤੁਆਰਫ਼ ਕਰਵਾ ਕੇ ਉਸਨੂੰ ਮੇਰੇ ਤੋਂ ਗੁਰ ਸਮਝਣ ਦੀ ਤਾਕੀਦ ਕੀਤੀ ਕਿ ਸਕੂਲੀ ਪੜ੍ਹਾਈ ਮੁਕਾ ਕੇ ਅਮਰੀਕਾ ਵਿਚ ਪੜ੍ਹਨ ਲਈ ਉਸਨੂੰ ਕਿਹੜੇ ਕਾਲਜਾਂ ਲਈ ਅਪਲਾਈ ਕਰਨਾ ਚਾਹੀਦਾ ਹੈ। ਊਸ਼ਾ ਇਕਲਾਪਾ ਕੱਟ ਰਹੀ ਮਾਂ ਸੀ, ਉਸਨੇ ਆਪਣੀ ਪਤੀ ਤੋਂ ਤਲਾਕ ਲੈ ਲਿਆ ਸੀ ਅਤੇ ਹੁਣ ਆਪਣੇ ਮਾਪਿਆਂ ਤੇ ਬੱਚਿਆਂ ਨਾਲ ਰਹਿ ਰਹੀ ਸੀ। ਆਜ ਨਹੀਂ, ਆਜ ਫਿਲਮ ਦੇਖਨੇ ਜਾਤੇ ਹੈਂ। ਮੈਨੂੰ ਨਿਰਾਸ਼ਾ ਹੋਈ ਪਰ ਇਸਦੀ ਝਲਕ ਮੈਂ ਆਪਣੇ ਚਿਹਰੇ ਉਪਰ ਨਾ ਆਉਣ ਦਿੱਤੀ।

ਮਿੰਟਾਂ ਚ ਹੀ ਅਸੀਂ ਅਹਿਮਦਾਬਾਦ ਦੇ ਇਕ ਮਸ਼ਹੂਰ ਸਿਨਮਾ ਹਾਲ ਵਿਚ ਪਹੁੰਚ ਗਈਆਂ। ਪਰ ਜਿਸ ਪਲ ਅਸੀਂ ਇਮਾਰਤ ਦੇ ਅੰਦਰ ਗਈਆਂ ਮੇਰੇ ਦਿਲ ਨੂੰ ਡੋਬੂ ਪੈਣ ਲੱਗੇ। ਇੱਥੇ ਤਲਾਸ਼ੀ ਲਈ ਜਾਂਦੀ ਸੀ ਅਤੇ ਮੁੱਖ ਦੁਆਰ ਉਪਰ ਮੈਟਲ ਡਿਟੈਕਟਰ ਲੱਗਿਆ ਹੋਇਆ ਸੀ। ਮੇਰੇ ਕੁੜਤੇ ਵਿਚ ਕੈਮਰਾ ਜੜਿਆ ਹੋਇਆ ਸੀ। ਇਹ ਕੀ, ਮੈਨੂੰ ਮਹਿਸੂਸ ਹੋਇਆ ਡਰ ਨਾਲ ਮੇਰਾ ਮੂੰਹ ਸੁੱਕਦਾ ਜਾ ਰਿਹਾ ਸੀ। ਊਸ਼ਾ ਜੱਕੜ ਮਾਰ ਰਹੀ ਸੀ ਜਦਕਿ ਮੇਰੀ ਸੁਤਾਅ ਸੁਰੱਖਿਆ ਨਾਕੇ ਉਪਰ ਟਿਕੀ ਹੋਈ ਸੀ। ਮਿੰਟਾਂ ਚ ਹੀ ਡਿਟੈਕਟਰ ਨਾਲ ਮੇਰਾ ਕੈਮਰਾ ਫੜਿਆ ਜਾਵੇਗਾ ਅਤੇ ਮੈਂ ਉੱਥੇ ਹੀ ਫੜੀ ਜਾਵਾਂਗੀ। ਪਰ ਕਰਾਮਾਤ ਹੋ ਗਈ। ਹੋਇਆ ਇੰਝ ਕਿ ਜਦੋਂ ਚੈਕਿੰਗ ਵਾਲੀ ਥਾਂ ਕੋਲ ਖੜ੍ਹੇ ਇਕ ਸਿਪਾਹੀ ਨੇ ਊਸ਼ਾ ਨੂੰ ਅਤੇ ਮੈਨੂੰ ਕਤਾਰ ਵਿਚ ਖੜ੍ਹੀਆਂ

ਪਰਿਵਾਰਕ ਜ਼ਿੰਦਗੀ, ਨਾਲ ਹੀ ਕਾਨਪੁਰ ਵਿਚਲੇ ਮੇਰੇ ਜ਼ੱਦੀ ਘਰ ਅਤੇ ਮੇਰੇ ਵਿਆਹ ਦੀ ਸੰਭਾਵਨਾ ਨੂੰ ਲੈ ਕੇ ਚਰਚਾ ਹੁੰਦੀ ਰਹੀ। ਉਹ ਇਕ ਸਧਾਰਨ ਪੜ੍ਹੀਲਿਖੀ ਮੱਧ ਵਰਗੀ ਔਰਤ ਸੀ ਜੋ ਘਰੇਲੂ ਜ਼ਿੰਦਗੀ ਦਾ ਆਨੰਦ ਮਾਣ ਰਹੀ ਸੀ ਅਤੇ ਉਸਦੀਆਂ ਧੀਆਂ ਬਦੇਸ਼ ਵਿਚ ਸਨ। ਉਸਨੇ ਮੈਨੂੰ ਆਪਣੀਆਂ ਦੋਹਾਂ ਧੀਆਂ ਦੀਆਂ ਤਸਵੀਰਾਂ ਦਿਖਾਈਆਂ ਅਤੇ ਅਗਲੀ ਵਾਰ ਆਉਣ ‘ਤੇ ਉਨ੍ਹਾਂ ਦੇ ਵਿਆਹ ਦੀਆਂ ਐਲਬਮ ਦਿਖਾਉਣ ਦੀ ਪੇਸ਼ਕਸ਼ ਵੀ ਕੀਤੀ।

ਅਸ਼ੋਕ ਨਰਾਇਣ ਗਰਮਜੋਸ਼ੀ ਨਾਲ ਹੈਲੋ ਕਹਿੰਦਿਆਂ ਕਮਰੇ ਵਿਚ ਆਇਆ ਅਤੇ ਇਹ ਪਤਾ ਲਾਉਣ ‘ਚ ਜੁੱਟ ਗਿਆ ਕਿ ਕੀ ਉਸਦੀ ਗੈਰਹਾਜ਼ਰੀ ਵਿਚ ਉਸਦੀ ਪਤਨੀ ਨੇ ਮੇਰੀ ਪੂਰੀ ਖ਼ਾਤਰਦਾਰੀ ਕੀਤੀ ਸੀ ਜਾਂ ਨਹੀਂ। ਅਸ਼ੋਕ ਜੀ ਕਾਫ਼ੀ ਬਜ਼ੁਰਗ ਸਨ ਜਾਂ ਸ਼ਾਇਦ ਮੇਰੇ ਪਿਤਾ ਜੀ ਤੋਂ ਵੀ ਵੱਧ ਉਮਰ ਦੇ ਸਨ, ਰੱਬ ਨੂੰ ਮੰਨਣ ਵਾਲਾ ਅਜਿਹਾ ਇਨਸਾਨ ਜੋ ਜੀਓ ਅਤੇ ਜਿਊਣ ਦਿਓ ਦੀ ਧਾਰਨਾ ਵਿਚ ਯਕੀਨ ਰੱਖਦਾ ਸੀ। ਸਾਹਿਤ ਅਤੇ ਮਿਥਹਾਸ ਬਾਰੇ ਉਸਦੇ ਇਲਮ ਤੋਂ ਮੈਂ ਹੈਰਾਨ ਰਹਿ ਗਈ। ਉਹ ਸ਼ਾਇਰ ਵੀ ਸੀ, ਜੋ ਉਰਦੂ ਸ਼ਾਇਰੀ ਨੂੰ ਮੁਹੱਬਤ ਕਰਦਾ ਸੀ ਅਤੇ ਖ਼ੁਦ ਵੀ ਦੋ ਕਿਤਾਬਾਂ ਲਿਖ ਚੁੱਕਾ ਸੀ।

ਮੈਂ ਇਕ ਉਰਦੂ ਲੇਖਕ ਦੀ ਧੀ ਸੀ ਜਿਸਨੂੰ ਉਸਦੀਆਂ ਰਚਨਾਵਾਂ ਲਈ ਸਨਮਾਨ ਮਿਲ ਚੁੱਕੇ ਸਨ, ਅਤੇ ਮੈਂ ਆਪਣੇ ਘਰ ਮਹਿਫਿਲਾਂ ਅਤੇ ਮੁਸ਼ਾਇਰਿਆਂ ਦੌਰਾਨ ਜਵਾਨ ਹੋਈ ਸੀ। ਅਸ਼ੋਕ ਨਰਾਇਣ ਨੂੰ ਅੱਗੋਂ ਉਰਦੂ ਸ਼ੇਅਰੋ ਸ਼ਾਇਰੀ ਵਿਚ ਜਵਾਬ ਦੇਣ ਦੀ ਪੁਰਜ਼ੋਰ ਤਲਬ ਤਾਂ ਹੋਈ ਪਰ ਮੈਨੂੰ ਐਸਾ ਕਰਨ ਤੋਂ ਗੁਰੇਜ਼ ਕਰਨਾ ਪਿਆ। ਮੈਥਿਲੀ ਸੰਸਕ੍ਰਿਤ ਦੇ ਇਕ ਰੂੜ੍ਹੀਵਾਦੀ ਉਸਤਾਦ ਦੀ ਬੇਟੀ ਸੀ ਅਤੇ ਬਦੇਸ਼ ਵਿਚ ਰਹਿੰਦੀ ਸੀ। ਨਾਲ ਹੀ ਮੈਥਿਲੀ ਨੂੰ ਖ਼ਾਸ ਕਰਕੇ ਉਸਦੀ ਸ਼ਨਾਖ਼ਤ ਦੇ ਹਿੱਸੇ ਵਜੋਂ ਮੁਸਲਮਾਨ ਇਕ ਫਿਰਕੇ ਦੇ ਤੌਰ ਤੇ ਉਂਞ ਹੀ ਪਿਆਰੇ ਨਹੀਂ ਸਨ।

ਪਰ ਨਰਾਇਣ ਨੇ ਉਸ ਤਰ੍ਹਾਂ ਦਾ ਭੋਰਾ ਵੀ ਕੱਟੜਪੁਣਾ ਨਾ ਦਿਖਾਇਆ ਜੋ ਗੁਜਰਾਤ ਹਿੰਸਾ ਵਿਚ ਕਥਿਤ ਤੌਰ ‘ਤੇ ਸ਼ਾਮਲ ਅਧਿਕਾਰੀਆਂ ਨਾਲ ਜੁੜਿਆ ਹੋਇਆ ਸੀ। ਧਰਮ ਦੇ ਸਵਾਲ ਉਪਰ ਉਹ ਉਦਾਰ ਖ਼ਿਆਲਾਂ ਦਾ ਸੀ ਅਤੇ ਉਸ ਰਾਤ ਉਸਨੇ ਮੈਨੂੰ ਰੂਹਾਨੀਅਤ ਬਾਰੇ ਇਕ ਈ ਬੁੱਕ ਮੇਲ ਕੀਤੀ ਜਦੋਂ ਮੈਂ ਉਸਨੂੰ ਦਸਿਆ ਕਿ ਮੈਨੂੰ ਅਕਸਰ ਹੀ ਚਿੰਤਾ ਰੋਗ ਦੇ ਦੌਰੇ ਪੈਂਦੇ ਹਨ। ਉਸ ਵਿਚ ਮੈਨੂੰ ਐਸਾ ਮਨੁੱਖ ਮਿਲਿਆ ਜਿਸਦੇ ਦਿਲ ਵਿਚ ਦੂਜੇ ਵਿਅਕਤੀਆਂ, ਸੰਸਕ੍ਰਿਤੀਆਂ ਅਤੇ ਧਰਮਾਂ ਦਾ ਸਤਿਕਾਰ ਸੀ। ਇਸ ਤੋਂ ਮੈਂ ਵੀ ਆਸ਼ਾਵਾਦੀ ਹੋ ਗਈ ਕਿ ਉਸਤੋਂ ਗੁਜਰਾਤ ਹਿੰਸਾ ਅਤੇ ਫਰਜ਼ੀ ਮੁਕਾਬਲਿਆਂ ਦੌਰਾਨ ਦੀਆਂ ਘਟਨਾਵਾਂ ਬਾਰੇ ਜਾਣਕਾਰੀ ਕਢਵਾਈ ਜਾ ਸਕਦੀ ਹੈ। ਜੋ ਮੈਂ ਓੜਕ ਕਢਵਾਉਣ ਵਿਚ ਕਾਮਯਾਬ ਹੋ ਗਈ। ਉਸਨੇ ਮੈਨੂੰ ਦਸਿਆ ਕਿ ਗੁਜਰਾਤ ਦੇ ਗ੍ਰਹਿ ਸਕੱਤਰ ਵਜੋਂ ਉਸਨੇ ਦ੍ਰਿੜਤਾ ਨਾਲ ਕਿਹਾ ਸੀ ਕਿ ਪ੍ਰਵੀਨ ਤੋਗੜੀਆ ਵੱਲੋਂ ਜਥੇਬੰਦ ਕੀਤੀ ਰੈਲੀ ਸਮੇਤ ਕਿਸੇ ਨੂੰ ਵੀ ਸਿਆਸੀ ਰੈਲੀ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ। ਉਸਨੇ ਇਹ ਵੀ ਕਿਹਾ ਕਿ ਉਹ ਗੁਜਰਾਤ ਦੇ ਬਿਹਤਰੀਨ ਅਫ਼ਸਰਾਂ ਵਿਚੋਂ ਇਕ ਰਾਹੁਲ ਸ਼ਰਮਾ ਦੀ ਮੁਅੱਤਲੀ ਦੇ ਖਿਲਾਫ਼ ਸੀ, ਹਿੰਸਾ ਤੋਂ ਛੇਤੀ ਬਾਅਦ ਉਸਨੂੰ ਨਰਿੰਦਰ ਮੋਦੀ ਦੀ ਅਗਵਾਈ ਹੇਠ ਸਰਕਾਰ ਵੱਲੋਂ ਮੁਅੱਤਲ ਕਰ ਦਿੱਤਾ ਗਿਆ ਸੀ।

ਇਹ ਵਾਰਤਾਲਾਪ ਚਾਰ ਦਿਨ ਚਲਦੀਆਂ ਰਹੀਆਂ, ਜ਼ਿਆਦਾਤਰ ਚਾਹ ਪੀਂਦਿਆਂ ਅਤੇ ਇਕ ਮੌਕੇ ‘ਤੇ ਉਸਦੀ ਪਤਨੀ ਵੱਲੋਂ ਬਣਾਏ ਦੁਪਹਿਰ ਦੇ ਖਾਣੇ ਮੌਕੇ। ਉਨ੍ਹਾਂ ਨੇ ਮੇਰੇ ਨਾਲ ਆਪਣੇ ਪਰਿਵਾਰ ਦੇ ਜੀਅ ਵਾਂਗ ਵਰਤਾਓ ਕਰਨਾ ਸ਼ੁਰੂ ਕਰ ਦਿੱਤਾ ਸੀ। ਉਹ ਅਕਸਰ ਕਹਿੰਦੇ ਕਿ ਮੈਂ ਘਰ ਵਿਚ ਧੀਆਂ ਦੀ ਗੈਰਹਾਜ਼ਰੀ ਵਿਚ ਉਨ੍ਹਾਂ ਦੀ ਥਾਂ ਲੈ ਲਈ ਸੀ। ਜਦੋਂ ਮੈਂ ਇਹ ਸੁਣਿਆ ਕਿ ਨਰਿੰਦਰ ਮੋਦੀ ਦੀ ਅਗਵਾਈ ਹੇਠ ਸੂਬਾਈ ਰਾਜਤੰਤਰ ਵੱਲੋਂ ਗੁਜਰਾਤ ਦੀ ਹਿੰਸਾ ਨੂੰ ਦਾਅਪੇਚਕ ਹੱਲਾਸ਼ੇਰੀ ਦੇਣ ਵਿਰੁੱਧ ਡੱਟਣ ਸਮੇਂ ਅਸ਼ੋਕ ਨਰਾਇਣ ਨੇ ਦ੍ਰਿੜ ਨਿਹਚਾ ਨਹੀਂ ਦਿਖਾਈ ਤਾਂ ਮੇਰਾ ਦਿਲ ਅੰਦਰੋਂ ਅੰਦਰੀਂ ਰੋਂਦਾ ਰਿਹਾ। ਇਹ ਮੇਰੇ ਵਲੋਂ ਕੱਢਿਆ ਨਤੀਜਾ ਨਹੀਂ ਸੀ। ਇਹ ਖੁਦ ਅਸ਼ੋਕ ਨਰਾਇਣ ਨੇ ਭਰਪੂਰ ਸ਼ਬਦਾਂ ‘ਚ ਬਿਆਨ ਕੀਤਾ ਸੀ।

ਜਿਸ ਦਿਨ ਮੈਂ ਨਰਾਇਣ ਪਰਿਵਾਰ ਦੇ ਘਰ ਦੁਪਹਿਰ ਦਾ ਖਾਣਾ ਖਾਣਾ ਸੀ ਮੈਂ ਇਸ ਜੋੜੀ ਨੂੰ ਮੈਨੂੰ ਦੋ ਕੁ ਘੰਟੇ ਗੱਲਬਾਤ ਲਈ ਦੇਣ ਲਈ ਕਿਹਾ ਸੀ ਤਾਂ ਜੋ ਉਨ੍ਹਾਂ ਦੇ ਰੇਖਾ ਚਿੱਤਰ ਸਿਰਜਣ ਲਈ ਮੇਰੇ ਕੋਲ ਚੋਖੀ ਸਮੱਗਰੀ ਹੋ ਜਾਵੇ। ਇਸ ਵਾਰ ਮੈਂ ਮਨਭਾਉਂਦਾ ਹਰਾ ਕੁੜਤਾ ਪਹਿਨਿਆ ਅਤੇ ਸ਼ਾਲ ਦੀ ਬੁੱਕਲ ਮਾਰ ਲਈ। ਮੈਂ ਜੋ ਘੜੀ ਬੰਨ੍ਹੀ ਹੋਈ ਸੀ ਜਦੋਂ ਵੀ ਉਸ ਵਿਚ ਲੱਗਿਆ ਕੈਮਰਾ ਚੱਲਦਾ ਤਾਂ ਇਸ



ਵਿਚ ਮੱਧਮ ਜਿਹਾ ਚਾਨਣ ਹੋ ਜਾਂਦਾ ਸੀ। ਮੇਰੇ ਕੋਲ ਜੋ ਡਾਇਰੀ ਸੀ ਉਸ ਵਿਚ ਵੀ ਕੈਮਰਾ ਲੱਗਿਆ ਹੋਇਆ ਸੀ। ਕੋਈ ਵੀ ਕਦੇ ਇਨ੍ਹਾਂ ਮਿਲਣੀਆਂ ਦਾ ਮੌਕਾ ਗੁਆ ਲੈਣ ਦਾ ਜ਼ੋਖ਼ਮ ਨਹੀਂ ਲੈਣਾ ਚਾਹੁੰਦਾ ਇਸੇ ਕਰਕੇ ਪੇਸ਼ੇਵਰਾਂ ਨੂੰ ਕਈ ਕਈ ਜਾਸੂਸੀ ਕੈਮਰਿਆਂ ਨਾਲ ਲੈਸ ਹੋ ਕੇ ਜਾਣ ਦਾ ਮਸ਼ਵਰਾ ਦਿੱਤਾ ਜਾਂਦਾ ਹੈ।

ਜਦੋਂ ਮੈਂ ਉਨ੍ਹਾਂ ਦੇ ਘਰ ਪਹੁੰਚੀ ਦੁਪਹਿਰ ਦਾ ਖਾਣਾ ਤਿਆਰ ਸੀ। ਉਸ ਦਿਨ ਮੈਂ ਉਸਦੀਆਂ ਗੁਜਰਾਤ ਦਾ ਗ੍ਰਹਿ ਸਕੱਤਰ ਹੋਣ ਸਮੇਂ ਦੀਆਂ ਸਭ ਤੋਂ ਅਹਿਮ ਜ਼ਿੰਮੇਵਾਰੀਆਂ ਬਾਰੇ ਗੱਲਬਾਤ ਕਰਨੀ ਸ਼ੁਰੂ ਕੀਤੀ। ਮਾਹੌਲ ਪੂਰਾ ਢੁਕਵਾਂ ਸੀ। ਮੈਂ ਵਿਸ਼ਾ ਇਸ ਤਰੀਕੇ ਨਾਲ ਛੋਹਿਆ ਸੀ ਜੋ ਖਾਣੇ ਉਪਰ ਇਕ ਹਲਕੀ ਫੁਲਕੀ ਗਲਬਾਤ ਹੀ ਜਾਪਦਾ ਸੀ। ਨਰਾਇਣ ਲਗਾਤਾਰ ਬੋਲਦਾ ਗਿਆ।

ਜਿਸ ਵਕਤ ਅਸੀਂ ਖਾਣੇ ਤੋਂ ਬਾਅਦ ਦੀ ਚਾਹ ਪੀਣ

**ਏ ਸੀ ਕਮਰੋਂ ਮੇਂ ਮੱਖੀਆਂ ਨਹੀਂ ਹੋਤਾ ਵਰਨਾ ਮੈਂ ਉਸ ਬਾਬਤ ਯੇ ਹੀ ਕਹਤਾ ਕੀ ਵੋਹ ਮੱਖੀਆਂ ਮਾਰ ਰਹੇ ਥੇ।**



ਅਸ਼ੋਕ ਨਰਾਇਣ

ਬੈਠੇ, ਉਸਨੇ ਇਹ ਵੇਰਵੇ ਦੱਸਣੇ ਸ਼ੁਰੂ ਕਰ ਦਿੱਤੇ ਸਨ ਕਿ ਨਰਿੰਦਰ ਮੋਦੀ ਨੇ ਹਿੰਸਾ ਨਾਲ ਕਿਵੇਂ ਨਜਿੱਠਿਆ। ਮੈਂ ਟਿੱਪਣੀ ਕੀਤੀ, ਤੁਸੀਂ ਜਾਣਦੇ ਹੋ ਸ੍ਰੀਮਾਨ ਨਰਾਇਣ ਜੀ, ਪਿਛਲੇ ਇਕ ਹਫ਼ਤੇ ਤੋਂ ਮੈਂ ਤੁਹਾਡੇ ਬਾਰੇ ਗੂਗਲ ਉਪਰ ਜਾਣਕਾਰੀ ਖੋਜ ਰਹੀ ਹਾਂ ਅਤੇ ਤੁਹਾਡੇ ਨਾਂ ਨਾਲ ਜੁੜ ਕੇ ਗੁਜਰਾਤ ਹਿੰਸਾ, ਮੋਦੀ, ਵੱਖੋ ਵੱਖਰੇ ਕਮਿਸ਼ਨਾਂ ਬਾਰੇ ਬਹੁਤ ਸਾਰੇ ਲਿੰਕ ਸਾਹਮਣੇ ਆ ਜਾਂਦੇ ਹਨ। ਮੇਰੇ ਲਈ ਇਹ ਬਹੁਤ ਹੀ ਝੰਜੋੜਨ ਵਾਲਾ ਮਾਮਲਾ ਰਿਹਾ ਹੈ ਅਤੇ ਮੈਂ ਦਾਅਵੇ ਨਾਲ ਕਹਿ ਸਕਦੀ ਹਾਂ ਕਿ ਤੁਹਾਡੇ ਲਈ ਵੀ ਐਸੇ ਵਿਵਾਦਪੂਰਨ ਬੰਦੇ ਨਾਲ ਨਜਿੱਠਣਾ ਬਹੁਤ ਹੀ ਮੁਸ਼ਕਲ ਹਿਰ ਹੋਵੇਗਾ ਜੋ ਗੁਜਰਾਤ ਹਿੰਸਾ ਦੌਰਾਨ ਤਕਰੀਬਨ ਗ਼ਲਤ ਧਿਰ ਦੇ ਨਾਲ ਖੜ੍ਹਾ ਸੀ। ਤੁਹਾਡੇ ਵਰਗੇ ਐਨੇ ਆਦਰਸ਼ਵਾਦੀ, ਐਨੇ ਦਰਦਮੰਦ ਇਨਸਾਨ ਨੂੰ ਜਿਸ ਵਿਚੋਂ ਗੁਜ਼ਰਾਨਾ ਪਿਆ ਹੋਵੇਗਾ ਉਸ ਦੀ ਮੈਂ ਸਿਰਫ਼ ਕਲਪਨਾ ਕਰਨ ਦਾ ਯਤਨ ਹੀ ਕਰ ਸਕਦੀ ਹਾਂ।

ਅਤੇ ਗੱਲਬਾਤ ਇੰਝ ਸ਼ੁਰੂ ਹੋਈ:

ਸਵਾਲ: ਮੁੱਖ ਮੰਤਰੀ ਨੇ ਤੁਹਾਨੂੰ ਜਦੋਂ ਸੰਜਮ ਵਰਤਣ ਲਈ ਕਿਹਾ ਹੋਵੇਗਾ (ਹਿੰਸਾ ‘ਤੇ ਕਾਬੂ ਪਾਉਣ ਦੌਰਾਨ) ਉਦੋਂ ਤਾਂ ਤੁਹਾਨੂੰ ਬਹੁਤ ਗੁੱਸਾ ਆਇਆ ਹੋਵੇਗਾ ?

ਜਵਾਬ: ਉਨ੍ਹਾਂ ਨੇ ਐਸਾ ਨਹੀਂ ਕੀਤਾ। ਉਹ ਕਦੇ ਕਾਗਜ਼ ਉਪਰ ਕੁਝ ਨਹੀਂ ਲਿਖਦੇ ਸਨ। ਉਨ੍ਹਾਂ ਦੇ ਕੋਲ ਆਪਣੇ ਲੋਕ ਹਨ ਅਤੇ ਉਨ੍ਹਾਂ ਲੋਕਾਂ ਅਤੇ ਵਿਸ਼ਵ ਹਿੰਦੂ ਪਰੀਸ਼ਦ ਜ਼ਰੀਏ ਹੀ ਗੈਰਸਤਿਆਂ ਤੋਂ ਉਨ੍ਹਾਂ ਦੇ ਸੁਨੇਹੇ ਹੇਠਲੇ ਦਰਜੇ ਦੇ ਪੁਲਿਸ ਅਫ਼ਸਰਾਂ ਤਕ ਪੁੱਜਦੇ ਸਨ।

ਸਵਾਲ: ਐਸੇ ਹਾਲਾਤ ਵਿਚ ਤੁਸੀਂ ਤਾਂ ਬੇਵੱਸ ਮਹਿਸੂਸ ਕਰ ਰਹੇ ਹੋਵੋਗੇ ?

ਜਵਾਬ: ਬਿਲਕੁਲ। ਫਿਰ ਅਸੀਂ ਕਹਿੰਦੇ, ਉਹ ਇੰਝ ਕਿਵੇਂ ਹੋ ਗਿਐ ਪਰ ਉਦੋਂ ਤਾਂ ਸਭ ਕੁਝ ਹੋ ਚੁੱਕਾ ਹੁੰਦਾ ਸੀ।

ਸਵਾਲ: ਅਤੇ ਜਾਂਚ ਕਮਿਸ਼ਨਾਂ ਕੋਲ ਕੋਈ ਸਬੂਤ ਨਹੀਂ ਹੈ ?

ਜਵਾਬ: ਕਈ ਵਾਰ ਤਾਂ ਖੁਦ ਮੰਤਰੀ ਸੜਕ ਉੱਤੇ ਖੜ੍ਹੇ ਹੋ ਕੇ ਹਿੰਸਾ ਭੜਕਾਉਂਦੇ ਸਨ। ਇਕ ਐਸੀ ਹੀ ਘਟਨਾ ਉਦੋਂ ਹੋਈ ਜਦੋਂ ਮੈਂ ਉਨ੍ਹਾਂ ਦੇ ਕਮਰੇ ਵਿਚ ਬੈਠਾ ਹੋਇਆ ਸੀ ਅਤੇ ਮੈਨੂੰ ਫ਼ੋਨ ਆਇਆ। ਮੈਂ ਉਨ੍ਹਾਂ ਨੂੰ ਦਸਿਆ ਕਿ ਇਕ ਮੰਤਰੀ ਐਸਾ ਕਰ ਰਿਹਾ ਹੈ। ਉਨ੍ਹਾਂ ਨੇ ਆਪ ਫ਼ੋਨ ਲਗਾ ਕੇ ਉਸ ਨਾਲ ਗੱਲ ਕੀਤੀ। ਘੱਟੋ ਘੱਟ ਉਸ ਵਾਰ ਤਾਂ ਉਨ੍ਹਾਂ (ਮੋਦੀ) ਨੇ (ਕਿਸੇ ਨੂੰ) ਫ਼ੋਨ ਕੀਤਾ ਹੀ।

ਸਵਾਲ: ਕੀ ਉਹ ਭਾਜਪਾ ਦਾ ਮੰਤਰੀ ਸੀ ?

ਜਵਾਬ: ਹਾਂ, ਉਨ੍ਹਾਂ ਦਾ ਆਪਣਾ ਮੰਤਰੀ ਸੀ।

ਸਵਾਲ: ਉਥੇ ਕੋਈ ਮਾਇਆ ਕੋਡਨਾਨੀ ਵੀ ਸੀ। ਮੈਂ ਸੁਣਿਆ ਉਹ ਪੂਰੀ ਤਰ੍ਹਾਂ ਸਰਕਾਰ ਵਿਰੋਧੀ ਹੋ ਗਈ ਹੈ।

ਜਵਾਬ: ਹਾਂ, ਉਹ ਉੱਥੇ ਹੋਵੇਗੀ।

ਸਵਾਲ: ਕੀ ਇਹ ਜਨੂੰਨੀ ਮਾਹੌਲ ਸੀ ?

ਜਵਾਬ: ਮੈਂ ਤੁਹਾਨੂੰ ਸਿੱਧੇ ਅਨੁਭਵ ਦੀ ਗੱਲ ਸੁਣਾਉਂਦਾ ਹਾਂ। ਮੈਂ ਇਕ ਐਸੇ ਮੁਸਲਿਮ ਸਿਵਲ ਸਰਵਿਸਿਜ਼ ਅਫ਼ਸਰ, ਪ੍ਰਸ਼ਾਸਨਕ ਅਫ਼ਸਰ ਨੂੰ ਜਾਣਦਾ ਹਾਂ। ਉਸਨੇ ਮੈਨੂੰ ਫ਼ੋਨ ਕੀਤਾ ਅਤੇ ਕਿਹਾ ਸਰ, ਮੇਰੀ ਜਾਨ ਬਚਾ ਲਓ, ਮੇਰੇ ਘਰ ਨੂੰ ਘੇਰਾ ਪਾਇਆ ਜਾ ਰਿਹਾ ਹੈ। ਮੈਂ ਪੁਲਿਸ ਕਮਿਸ਼ਨਰ ਨੂੰ ਫ਼ੋਨ ਕੀਤਾ... ਉਸਨੇ ਇਹ ਮਾਮਲਾ ਦਰਜ ਕੀਤਾ ਜਾਂ ਨਹੀਂ ਪਰ ਮੈਂ ਇਹ ਜਾਣਦਾ ਹਾਂ ਉਸ ਬੰਦੇ ਦੀ ਜਾਨ ਬਚ ਗਈ। ਅਗਲੇ ਦਿਨ ਅਫ਼ਸਰ ਨੇ ਮੈਨੂੰ ਫ਼ੋਨ ਕੀਤਾ ਅਤੇ ਕਿਹਾ, ਸਰ ਕੱਲ੍ਹ ਤਾਂ ਮੈਂ ਜਿਵੇਂ ਕਿਵੇਂ ਬਚ ਗਿਆ ਪਰ ਅੱਜ ਇਹ ਸੰਭਵ ਨਹੀਂ ਲੱਗਦਾ।

ਸੋ ਮੈਂ ਦੁਬਾਰਾ ਕਮਿਸ਼ਨਰ ਨੂੰ ਫ਼ੋਨ ਕੀਤਾ ਤੇ ਉਸਦੀ ਜਾਨ ਬਚਾਉਣ ਲਈ ਕਿਹਾ। ਪੰਦਰਾਂ ਦਿਨ ਬਾਅਦ ਉਹ ਅਫ਼ਸਰ ਮੇਰੇ ਕੈਬਿਨ ਵਿਚ ਆਇਆ। ਉਸ ਨੇ ਦਸਿਆ ਸਰ, ਪੂਰੀ ਬਸਤੀ ਵਿਚ ਇਹੀ ਕਹਾਣੀ ਸੀ। ਹਿੰਦੂ ਬਹੁਗਿਣਤੀ ‘ਚ ਸਨ ਅਤੇ ਮੁਸਲਮਾਨਾਂ ਨੂੰ ਮਾਰਿਆ ਜਾ ਰਿਹਾ ਸੀ। ਉਸ ਨੇ ਮੈਨੂੰ ਦਸਿਆ, ‘ਜਦੋਂ ਤੁਸੀਂ ਫ਼ੋਨ ਕੀਤਾ, ਪੁਲਿਸ ਫੋਰਸ ਆ ਗਈ ਅਤੇ ਇਕ ਮੰਤਰੀ ਉੱਥੇ ਖੜ੍ਹਾ ਹਜੂਮ ਦੀ ਅਗਵਾਈ ਕਰ ਰਿਹਾ ਸੀ। ਪੁਲਿਸ ਅਫ਼ਸਰ ਨੇ ਉਸਨੂੰ ਸਲੂਟ ਮਾਰਿਆ। ਉਸਨੇ ਪੁਲਿਸ ਅਫ਼ਸਰ ਵੱਲ ਦੇਖਿਆ ਅਤੇ ਉਸਨੂੰ ਦਸਿਆ ਕਿ ਉੱਥੇ ਸਭ ਕੁਝ ਠੀਕ ਠਾਕ ਹੈ। ਬਾਅਦ ਵਿਚ ਕਿਵੇਂ ਨਾ ਕਿਵੇਂ ਇਕ ਪੁਲਿਸ ਅਫ਼ਸਰ ਨੇ ਮੈਨੂੰ ਪਛਾਣ ਲਿਆ ਅਤੇ ਮੇਰੀ ਜਾਨ ਬਚਾ ਲਈ।‘

ਸਵਾਲ: ਕੀ ਇਹ ਮੰਤਰੀ ਜੇਲ੍ਹ ਦੀਆਂ ਸੀਖਾਂ ਪਿੱਛੇ ਹੈ ?

ਜਵਾਬ: ਉਹ ਸਾਰੇ ਬਾਹਰ ਤੁਰੇ ਫਿਰਦੇ ਹਨ। ਪਰ ਕਿਸੇ ਨਾ ਕਿਸੇ ਨੂੰ ਤਾਂ ਇਹ ਕਰਨਾ ਹੀ ਪਵੇਗਾ। ਜਦੋਂ ਤੱਕ ਕੋਈ ਗਵਾਹੀ ਨਹੀਂ ਦਿੰਦਾ ਕੋਈ ਐਸਾ ਕਿਵੇਂ ਕਰ ਸਕਦਾ ਹੈ ?

ਸਵਾਲ: ਕਿਸੇ ਵਿਚ ਐਸਾ ਕਰਨ ਦੀ ਹਿੰਮਤ ਨਹੀਂ ?

ਜਵਾਬ: ਕਿਸੇ ਵਿਚ ਵੀ ਐਸਾ ਕਰਨ ਦੀ ਹਿੰਮਤ ਨਹੀਂ ਹੈ।

ਸਵਾਲ: ਆਖ਼ਿਰਕਾਰ ਮੰਤਰੀਆਂ ਦੇ ਖ਼ਿਲਾਫ਼ ਕਾਰਵਾਈ ਕੌਣ ਕਰੇਗਾ ?

ਜਵਾਬ: ਮੈਂ ਤੁਹਾਨੂੰ ਇਕ ਗੱਲ ਦੱਸਦਾ ਹਾਂ। ਗ੍ਰਹਿ ਸਕੱਤਰ ਤੋਂ ਬਾਅਦ ਮੈਂ ਵਿਜੀਲੈਂਸ ਵਿਭਾਗ ਦਾ ਸਕੱਤਰ ਬਣਿਆ। ਤੁਸੀਂ ਜਾਣਦੇ ਹੋ ਕਿ ਹਰ ਸੂਬੇ ਵਿਚ ਇਕ ਲੋਕ ਆਯੁਕਤ ਹੁੰਦਾ ਹੈ ਜੋ ਮੰਤਰੀਆਂ ਉੱਤੇ ਨਿਗਰਾਨੀ ਰੱਖਦਾ ਹੈ। ਇਕ ਦਿਨ ਮੈਂ ਉਨ੍ਹਾਂ ਦੇ ਕੋਲ ਗਿਆ। ਈਮਾਨਦਾਰੀ ਨਾਲ ਕਹਾਂ ਤਾਂ ਏ ਸੀ ਕਮਰੋਂ ਮੇਂ ਮੱਖੀਆਂ ਨਹੀਂ ਹੋਤਾ ਵਰਨਾ ਮੈਂ ਉਸ ਬਾਬਤ ਯੇ ਹੀ ਕਹਤਾ ਕੀ ਵੋਹ ਮੱਖੀਆਂ ਮਾਰ ਰਹੇ ਥੇ।

ਮੈਂ ਪੁੱਛਿਆ ਕੀ ਹੋ ਰਿਹਾ ਹੈ। ਉਹ ਬੋਲਿਆ, ਸਰ ਕੀ ਕਰੀਏ। ਮੰਤਰੀਆਂ ਦੇ ਖ਼ਿਲਾਫ਼ ਕੋਈ ਸ਼ਿਕਾਇਤ ਹੀ ਨਹੀਂ ਕਰਦਾ। ਜਦੋਂ ਭ੍ਰਿਸ਼ਟਾਚਾਰ ਅਤੇ ਰਿਸ਼ਵਤਖ਼ੋਰੀ ਦੇ ਮਾਮਲਿਆਂ ਵਿਚ ਲੋਕ ਮੰਤਰੀਆਂ ਨੂੰ ਚੁਣੌਤੀ ਦੇਣ ਲਈ ਤਿਆਰ ਹੀ ਨਹੀਂ ਹਨ, ਤਾਂ ਫ਼ਸਾਦਾਂ ਵਿਚ ਲੱਗੇ ਮੰਤਰੀਆਂ ਦੇ ਖ਼ਿਲਾਫ਼ ਜਾਣ ਦੀ ਹਿੰਮਤ ਉਹ ਕਿਵੇਂ ਜੁਟਾਉਣਗੇ। ਕਿਸਕੀ ਸ਼ਾਮਤ ਆਈ ਹੈ।

ਉਂਞ ਵੀ ਉਹ ਸਾਹਮਣੇ ਨਹੀਂ ਆਉਂਦੇ। ਉਹ ਇੰਨੇ ਚਲਾਕ ਨੇ ਅਤੇ ਫ਼ੋਨ ਉੱਤੇ ਏਨੀ ਚਤੁਰਾਈ ਨਾਲ ਗੱਲ ਕਰਦੇ ਹਨ ਉਹ ਅਫ਼ਸਰਾਂ ਨੂੰ ਫ਼ੋਨ ਕਰਕੇ ਕਹਿੰਦੇ ਹਨ, “ਅੱਛਾ ਉਸ ਇਲਾਕੇ ਦਾ ਖ਼ਿਆਲ ਰੱਖਣਾ।“

ਇਕ ਆਮ ਬੰਦੇ ਲਈ ਇਸਦਾ ਮਤਲਬ ਇਹ ਬਣਦਾ ਹੈ ਕਿ “ਖ਼ਿਆਲ ਰੱਖਣਾ ਉਸ ਇਲਾਕੇ ਵਿਚ ਫ਼ਸਾਦ ਨਾ ਹੋ ਸਕਣ“ ਪਰ ਇਸਦਾ ਅਸਲ ਭਾਵ ਇਹ ਹੁੰਦਾ ਹੈ ਕਿ ਖ਼ਿਆਲ ਰੱਖਿਓ ਉਸ ਇਲਾਕੇ ਵਿਚ ਫ਼ਸਾਦ ਲਾਜ਼ਮੀ ਕਰਵਾਉਣੇ ਹਨ। ਉਹ ਖ਼ੁਦ ਕੋਈ ਕੰਮ ਨਹੀਂ ਕਰਦੇ, ਇਸਦੇ ਲਈ ਉਨ੍ਹਾਂ ਕੋਲ ਏਜੰਟਾਂ ਦਰ ਏਜੰਟਾਂ ਦਾ ਪੂਰਾ ਸਿਲਸਿਲਾ ਹੈ।

ਅੱਛਾ ਫਿਰ ਤੁਸੀਂ ਦੇਖੋਗੇ ਕਿ ਐਫ਼ ਆਈ ਆਰ ਹਜੂਮ ਦੇ ਖ਼ਿਲਾਫ਼ ਦਰਜ ਕੀਤੀਆਂ ਜਾਂਦੀਆਂ ਹਨ। ਹੁਣ ਤੁਸੀਂ ਹਜੂਮ ਨੂੰ ਕਿਵੇਂ ਗ੍ਰਿਫ਼ਤਾਰ ਕਰੋਗੇ ?

ਸਵਾਲ: ਤਾਂ ਕੀ ਫ਼ਸਾਦਾਂ ਦੀ ਜਾਂਚ ਲਈ ਬਣੇ ਕਮਿਸ਼ਨ ਕਿਸੇ ਕੰਮ ਦੇ ਸਾਬਤ ਨਹੀਂ ਹੋਏ ?

ਜਵਾਬ: ਇਕ ਨਾਨਾਵਤੀ ਕਮਿਸ਼ਨ ਸੀ ਜਿਸ ਵਿਚੋਂ ਅੱਜ ਤਕ ਕੁਝ ਵੀ ਨਹੀਂ ਨਿਕਲਿਆ। ਉਹ ਹੁਣ ਤੱਕ ਆਪਣੀ ਕੋਈ ਰਿਪੋਰਟ ਹੀ ਨਹੀਂ ਦੇ ਸਕਿਆ। ਮੈਂ ਜਦੋਂ ਤੱਕ ਗ੍ਰਹਿ ਸਕੱਤਰ ਰਿਹਾ ਹਾਂ, ਮੈਂ ਨਿਰਦੇਸ਼ ਜਾਰੀ ਕੀਤੇ ਸਨ ਕਿ ਬਿਨਾਂ ਲਿਖਤੀ ਆਦੇਸ਼ ਦੇ ਕੋਈ ਵੀ ਕੰਮ ਨਹੀਂ ਕੀਤਾ ਜਾਵੇਗਾ। ਜਦੋਂ ਬੰਦ ਦਾ ਸੱਦਾ ਦਿੱਤਾ ਗਿਆ, ਤਾਂ ਮੁੱਖ ਸਕੱਤਰ ਸੂਬਾਰਾਓ ਨੇ ਮੈਨੂੰ ਫ਼ੋਨ ਕੀਤਾ ਅਤੇ ਕਿਹਾ ਕਿ ਵੀ ਐੱਚ ਪੀ ਦੇ ਇਕ ਨੇਤਾ ਪ੍ਰਵੀਨ ਤੋਗੜੀਆ ਰੈਲੀ ਕਰਨਾ ਚਾਹੁੰਦੇ ਹਨ, ਇਸ ਨੂੰ ਲੈ ਕੇ ਮੇਰਾ ਕੀ ਖ਼ਿਆਲ ਹੈ। ਮੈਂ ਕਿਹਾ ਸਰ ਐਸੀ ਕੋਈ ਵੀ ਇਜਾਜ਼ਤ ਹਰਗਿਜ਼ ਨਹੀਂ ਦਿੱਤੀ ਜਾਣੀ ਚਾਹੀਦੀ, ਨਹੀਂ ਤਾਂ ਹਾਲਾਤ ਬੇਕਾਬੂ ਹੋ ਸਕਦੇ ਹਨ। ਮੁੱਖ ਮੰਤਰੀ ਨੂੰ ਇਸ ਬਾਰੇ ਪਤਾ ਲੱਗ ਗਿਆ। ਉਹ ਬੋਲੇ ਤੁਸੀਂ ਐਸਾ ਕਿਵੇਂ ਕਹਿ ਸਕਦੇ ਹੋ। ਸਾਨੂੰ ਇਜਾਜ਼ਤ ਦੇਣੀ ਹੀ ਹੋਵੇਗੀ। ਮੈਂ ਕਿਹਾ ਠੀਕ ਹੈ ਫਿਰ, ਮੈਨੂੰ ਲਿਖ ਕੇ ਦੇ ਦਿਓ। ਉਨ੍ਹਾਂ ਨੇ (ਮੋਦੀ) ਘੂਰ ਕੇ ਮੇਰੇ ਵੱਲ ਦੇਖਿਆ।

ਇਕ ਵਕਤ ਸੀ ਜਦੋਂ ਗੁਜਰਾਤ ਵਿਚ ਹਿੰਦੂਤਵ ਦੇ ਵਧਾਰੇ ਪਸਾਰੇ ਲਈ ਨਰਿੰਦਰ ਮੋਦੀ ਅਤੇ ਪ੍ਰਵੀਨ ਤੋਗੜੀਆ ਸਮਾਨਅਰਥੀ ਸਨ। ਨਰਿੰਦਰ ਮੋਦੀ (64 ਸਾਲ) ਅਤੇ ਡਾ. ਪ੍ਰਵੀਨ ਤੋਗੜੀਆ (58ਸਾਲ) ਸੂਬੇ ਵਿਚ ਇਕੱਠੇ ਆਰ ਐੱਸ ਐੱਸ ਦੀਆਂ ਸ਼ਾਖਾਵਾਂ ਵਿਚ ਜਾਂਦੇ ਰਹੇ ਹਨ। ਦੋਹਾਂ ਬਾਰੇ ਬਹੁਤ ਹੀ ਪ੍ਰਚਲਤ ਕਥਾ ਹੈ ਕਿ ਇਹ ਜੋੜੀ ਇਕੋ ਮੋਟਰਸਾਈਕਲ ਜਾਂ ਸਕੂਟਰ ‘ਤੇ ਸਵਾਰ ਹੋ ਕੇ ਗੁਜਰਾਤ ਵਿਚ ਸੰਘ ਦੀ ਵਿਚਾਰਧਾਰਾ ਦਾ ਪ੍ਰਚਾਰ ਕਰਿਆ ਕਰਦੀ ਸੀ। ਤੋਗੜੀਆ ਹਮੇਸ਼ਾ ਬਾਈਕ ਚਲਾਉਂਦਾ ਅਤੇ ਮੋਦੀ ਪਿਛਲੀ ਸੀਟ ‘ਤੇ ਬੈਠਾ ਹੁੰਦਾ ਸੀ। ਤੋਗੜੀਆ ਕੈਂਸਰ ਦਾ ਮਾਹਰ ਸਰਜਨ ਸੀ ਜੋ 1983 ‘ਚ ਵਿਸ਼ਵ ਹਿੰਦੂ ਪ੍ਰੀਸ਼ਦ ਵਿਚ ਸ਼ਾਮਲ ਹੋਇਆ, ਅਤੇ ਕੁਲ ਵਕਤੀ ਪ੍ਰਚਾਰਕ ਮੋਦੀ ਨੂੰ 1984 ‘ਚ ਭਾਜਪਾ ਵਿਚ ਲਿਆ ਗਿਆ। ਜਦੋਂ ਕੇਸ਼ੂਭਾਈ ਪਟੇਲ ਮੁੱਖ ਮੰਤਰੀ ਸੀ, ਦੋਵੇਂ ਉਸ ਕੋਰ ਕਮੇਟੀ ਵਿਚ ਸਨ ਜੋ ਸਰਕਾਰ ਲਈ ਅਹਿਮ ਫੈਸਲੇ ਲੈਂਦੀ ਸੀ। ਜਦੋਂ ਕੇਸ਼ੂਭਾਈ ਪਟੇਲ ਨੂੰ ਸ਼ੰਕਰ ਸਿੰਘ ਵਘੇਲਾ ਦੀ ਬਗ਼ਾਵਤ ਦਾ ਸਾਹਮਣਾ ਕਰਨਾ ਪਿਆ ਜਿਸਨੇ ਤੋਗੜੀਆ ਨੂੰ ਕੈਦ ਕਰ ਲਿਆ ਸੀ, ਤਾਂ ਇਹ ਮੋਦੀ ਸੀ ਜੋ ਉਸਦੇ ਨਾਲ ਖੜ੍ਹਿਆ।



*ਪਾਠਕਾਂ ਦੀ ਸੱਥ*

# ਸਿੱਖ ਸੰਗਤਾਂ ਦੇ ਧਿਆਨ ਹਿੱਤ

## ਗੁਰਦੁਆਰਾ ਸਾਹਿਬ ਸੈਨਹੋਜੇ ਦੇ ਪ੍ਰਬੰਧਕਾਂ ਵਲੋਂ 18 ਦਸੰਬਰ ਐਤਵਾਰ ਨੂੰ ਬੁਲਾਈ ਮੀਟਿੰਗ ਅਤੇ ਸੰਗਤ ਮੈਂਬਰਾਂ ਦੀ ਅਣਦੇਖੀ ਦਾ ਅੱਖੀਂ ਡਿੱਠਾ ਹਾਲ

ਗੁਰਦੁਆਰਾ ਸਾਹਿਬ ਸੈਨਹੋਜ਼ੇ ਨਾਲ ਸਬੰਧਤ ਸੰਗਤਾਂ ਨੂੰ ਯਾਦ ਹੀ ਹੋਵੇਗਾ ਕਿ ਕੁੱਝ ਸਾਲ ਪਹਿਲਾਂ ਵੀ ਸੰਵਿਧਾਨ ਦੀਆਂ ਸੋਧਾਂ ਤੋਂ ਹੀ ਸੰਗਤ ਅਤੇ ਪ੍ਰਬੰਧਕ ਕਮੇਟੀ ਵਿਚਕਾਰ ਲੰਬੀ ਤੇ ਖਰਚੀਲੀ ਕਾਨੂੰਨੀ ਲੜਾਈ ਦਾ ਮੁੱਢ ਬਝਿਆ ਸੀ। ਸੰਜੋਗ ਵੱਸ ਉਹੀ ਪ੍ਰਬੰਧਕ ਹੁਣ ਫੇਰ ਬੜੇ ਫਰੇਬੀ ਢੰਗ ਨਾਲ ਮਨ-ਮਰਜ਼ੀ ਦੀਆਂ ਸੋਧਾਂ ਕਰਨ ਦਾ ਯਤਨ ਕਰ ਰਹੇ ਹਨ। ਗੁਰਦੁਆਰਾ ਸਾਹਿਬ ਸੈਨਹੋਜ਼ੇ ਦੇ ਪ੍ਰਬੰਧਕਾਂ ਵਲੋਂ 18 ਦਸੰਬਰ ਐਤਵਾਰ ਨੂੰ ਬੁਲਾਈ ਗਈ ਮੀਟਿੰਗ ਦੀ ਸੱਚਾਈ ਇਹ ਹੈ ਕਿ ਇਸ ਗੁਰੂ ਘਰ ਦੇ ਪ੍ਰਬੰਧਕਾਂ ਵਲੋਂ ਤਕਰੀਬਨ ਪਿਛਲੇ 11 ਸਾਲ ਤੋਂ ਲਗਾਤਾਰ ਇਹ ਕੋਸ਼ਿਸ਼ ਜਾਰੀ ਹੈ ਕਿ ਜਨਰਲ ਬੋਡੀ (ਸੰਗਤ ) ਦੇ ਹੱਕ ਕਿਵੇਂ ਘਟਾਏ ਜਾ ਖ਼ਤਮ ਕੀਤੇ ਜਾ ਸਕਦੇ ਹਨ। ਮੇਰੀ ਜਾਣਕਾਰੀ ਮੁਤਾਬਿਕ ਸਾਲ 2011 ਵਿੱਚ ਜਦੋਂ ਅੰਦਰ ਵੜ ਕੇ ਸੰਵਿਧਾਨ ਨੂੰ ਬਦਲਿਆ ਗਿਆ ਸੀ ਤਾਂ ਉਸ ਸਮੇ ਵੀ ਸੰਗਤਾਂ ਨੇ ਲਿਖਤੀ ਰੂਪ ਵਿੱਚ ਬੇਨਤੀ ਕੀਤੀ ਸੀ ਕਿ ਸੰਵਿਧਾਨ ਵਿੱਚ ਕੋਈ ਵੀ ਤਬਦੀਲੀ ਨਾ ਕੀਤੀ ਜਾਵੇ, ਪਰ ਸੰਗਤ ਦੀ ਇਸ ਗੱਲ ਵੱਲ ਕੋਈ ਵੀ ਤਵੱਜੋ ਨਹੀਂ ਦਿੱਤੀ ਗਈ, ਇਸ ਤਾਨਾਸ਼ਾਹੀ ਰਵੱਈਆ ਤੇ ਸੌੜੀ ਸੋਚ ਦਾ ਸਿੱਟਾ ਇਹ ਨਿਕਲਿਆ ਕਿ ਜਿੱਥੇ ਸੰਗਤਾਂ ਦੇ ਲੱਖਾਂ ਡਾਲਰਾਂ ਨੂੰ ਗੁਰੂ ਦੀ ਗੋਲਕ ਵਿਚੋਂ ਕੱਢ ਕੇ ਅਦਾਲਤ ਵਿੱਚ ਖਰਚਿਆ ਗਿਆ ਉਥੇ ਇਸਨੇ ਸਿੱਖ ਭਾਈਚਾਰੇ ਨੂੰ ਵੀ ਬਹੁਤ ਬੁਰੀ ਤਰ੍ਹਾਂ ਵੰਡ ਕੇ ਰੱਖ ਦਿੱਤਾ 'ਇਨ੍ਹਾਂ ਪ੍ਰਬੰਧਕਾਂ ਦੀ ਵਾਰ ਵਾਰ ਇਹ ਕੋਸ਼ਿਸ਼ ਹੈ ਕਿ ਸੰਗਤਾਂ ਦੇ ਹੱਕਾਂ ਨੂੰ ਕਿਸ ਤਰ੍ਹਾਂ ਘਟਾਇਆ ਜਾ ਸਕਦਾ।

ਪ੍ਰਬੰਧਕਾਂ ਵਲੋਂ ਜਰਨਲ ਬਾਡੀ (ਸੰਗਤ) ਦੀ ਮੀਟਿੰਗ ਸੱਦੀ ਗਈ ਸੀ, ਜਿਸ ਦੌਰਾਨ ਇਨ੍ਹਾਂ ਵਲੋਂ ਕੁੱਝ ਸੰਗਤ ਮੈਂਬਰਾਂ ਨੂੰ ਸੱਦਾ ਪੱਤਰ ਭੇਜੇ ਗਏ ਸਨ ਕਿ ਜਨਰਲ ਬਾਡੀ ਨੂੰ ਹੋਰ ਹੱਕ ਦੇਣ ਵਾਸਤੇ ਅਤੇ ਗੁਰਦੁਆਰੇ ਦੇ ਪ੍ਰਬੰਧ ਨੂੰ ਹੋਰ ਸੁਚਾਰੂ ਤਰੀਕੇ ਨਾਲ ਚਲਾਉਣ ਲਈ ਸੰਵਿਧਾਨ ਵਿੱਚ ਸੋਧਾਂ ਦੀ ਲੋੜ ਹੈ,

### ਜਿਸ ਤਰਾਂ ਕਿ :-

1.ਗੁਰੂ ਘਰ ਦੀ ਜਮੀਨ ਤੇ ਉਸਾਰੀ ਦੇ ਹੋਰ ਖਰਚੇ ਦੀ ਨਿਰਧਾਰਿਤ ਹੱਦ ਨੂੰ 50000 ਡਾਲਰ ਤੋਂ ਵਧਾ ਕੇ 250000 ਲੱਖ ਡਾਲਰ ਕਰਨਾ ।

2. ਪੰਜ ਮੈਂਬਰੀ ਐਗਜ਼ੈਕਟਿਵ ਕਮੇਟੀ ਬਣਾ ਕੇ ਇਸ ਨੂੰ ਕੁੱਝ ਹੋਰ ਵਾਧੂ ਅਧਿਕਾਰ ਦੇਣੇ।

3.ਕਮੇਟੀ ਮੈਂਬਰ ਦੀ ਚੋਣ ਲੜਨ ਲਈ 1000 ਡਾਲਰ ਦੀ ਸ਼ਰਤ ਨੂੰ ਲਾਗੂ ਕਰਨਾ ।

4. ਗੁਰੂ ਘਰ ਦੇ ਲੋਨ ਨੂੰ ਫਿਕਸ ਰੇਟ ਤੇ ਕਰਨਾ (ਜੋ ਕਿ ਵਾਜਿਬ ਅਤੇ ਚੰਗੀ ਗੱਲ ਹੈ)।9

ਇਸ ਆਮ ਮੀਟਿੰਗ ਵਿੱਚ ਤਕਰੀਬਨ 300 ਤੋਂ 400 ਸੰਗਤ ਮੈਂਬਰਾਂ ਨੇ ਆਪਣੀ ਹਾਜ਼ਰੀ ਭਰੀ। ਇਸ ਮੀਟਿੰਗ ਦਾ ਅਸਲ ਮਕਸਦ ਮੌਜੂਦਾ ਸੰਵਿਧਾਨ ਵਿਚ ਤਬਦੀਲੀ ਕਰਨਾ ਸੀ।

ਮੀਟਿੰਗ ਸ਼ੁਰੂ ਹੋਣ ਤੋਂ ਪਹਿਲਾਂ ਇਨ੍ਹਾਂ ਤਬਦੀਲੀਆਂ ਨੂੰ ਲੈ ਕੇ ਇਕ ਪੇਪਰ ਹਰ ਇਕ ਸੰਗਤ ਮੈਂਬਰ ਨੂੰ ਡਾਕ ਰਾਹੀਂ ਭੇਜਿਆ ਗਿਆ ਸੀ ਜਿਸ ਵਿੱਚ ਗੁਰੂ ਘਰ ਦੇ ਸਵਿੰਧਾਨ ਵਿੱਚ ਉੱਪਰ ਲਿਖਿਤ ਮੁੱਦਿਆਂ ਨੂੰ ਸੰਗਤਾਂ ਦੀ ਮਨਜ਼ੂਰੀ ਰਾਹੀਂ ਪ੍ਰਵਾਨ ਕਰਵਾਉਣਾ ਸੀਂਪਰ ਜਦੋਂ ਸੰਗਤ ਗੁਰੂ ਘਰ ਵਿਚ ਦਾਖਲ ਹੋਣ ਲਗੀ ਤਾਂ ਪੁਲਿਸ ਕਰਮਚਾਰੀਆਂ (ਜੋ ਕਿ ਮੌਜੂਦਾ ਪ੍ਰਬੰਧਕਾਂ ਵਲੋਂ ਬੁਲਾਏ ਗਏ ਸਨ) ਨੇ ਭੇਜੇ ਗਏ ਪੇਪਰ ਦੀ ਮੰਗ ਕੀਤੀ ਤੇ ਓਥੇ ਹੀ ਮੌਜੂਦ ਪਰਬੰਧਕ ਲੈਪਟਾਪ ਲੈਕੇ ਬੈਠੇ ਸਨ ਜੋ ਕਿ ਇਕ ਨਵਾਂ ਪ੍ਰਿੰਟ ਕੀਤਾ ਹੋਇਆ ਪੇਪਰ ਸੰਗਤਾਂ ਨੂੰ ਦੇ ਰਹੇ ਸਨ ਪਰ ਸੰਗਤਾਂ ਨੂੰ ਹੈਰਾਨੀ ਉਸ ਵੇਲੇ ਹੋਈ ਜਦੋਂ ਭੇਜੇ ਗਏ ਪੇਪਰ ਅਤੇ ਦਿੱਤੇ ਜਾ ਰਹੇ ਪੇਪਰਾਂ ਵਿੱਚ ਸਾਰਾ ਮੈਟਰ ਹੀ ਬਦਲਿਆ ਹੋਇਆ ਮਿਲਿਆ 9

ਜਨਰਲ ਬਾਡੀ ਦੀ ਮੀਟਿੰਗ ਸ਼ੁਰੂ ਹੁੰਦਿਆਂ ਹੀ ਕਮੇਟੀ ਦੇ ਜਨਰਲ ਸਕੱਤਰ ਬੌਬ ਢਿੱਲੋਂ ਨੇ ਮਾਇਕ ਅਪਣੇ ਹੱਥ ਵਿੱਚ ਲੈਂਦਿਆਂ ਇਸ ਦੀ ਸ਼ੁਰੂਆਤ 0/09 ਉਸ ਦੇ ਰਵਈਏ ਤੋਂ ਇਸ ਤਰਾਂ ਮਹਿਸੂਸ ਹੋ ਰਿਹਾ ਸੀ ਕਿ ਇਹ ਇਕ ਆਮ ਮੀਟਿੰਗ ਨਾ ਹੋ ਕੇ ਕਿਸੇ ਇੱਕ ਖਾਸ ਇਨਸਾਨ ਦੀ ਸੱਦੀ ਹੋਈ ਮੀਟਿੰਗ ਹੈ, ਜਿਸ ਨੇ ਸਿਰਫ ਅਪਣਾ ਹੁਕਮ ਸੁਣਾਉਣ ਲਈ ਸੰਗਤਾਂ ਨਾਲ ਕੋਝਾ ਮਜਾਕ ਕੀਤਾ। ਪੂਰੀ ਮੀਟਿੰਗ ਵਿੱਚ ਕਿਸੇ ਨੂੰ ਕੋਈ ਸਵਾਲ ਪੁੱਛਣ ਨਾ ਦਿੱਤਾ ਗਿਆ। ਗੁਰੂ ਘਰ ਦੀ ਸੂਝਵਾਨ ਅਤੇ ਸੁਚੇਤ ਸੰਗਤ ਦੇ ਵਿਰੋਧ ਕਰਨ ਦੇ ਕਾਰਣ ਉਹ ਐਗਜ਼ੇਟਿਵ ਕਮੇਟੀ ਤਾਂ ਨਹੀਂ ਬਣਾ ਸਕੇ ਪਰ ਅਪਣੇ ਮਨਸੂਬੇ ਧੱਕੇ ਨਾਲ ਪੂਰੇ ਕਰਨ ਵਿੱਚ ਕਾਮਯਾਬ ਹੋ ਗਏ ।

ਮੀਟਿੰਗ 'ਚ ਦਾਅਵਾ ਕੀਤਾ ਗਿਆ ਸੀ ਕਿ ਅਸੀਂ ਜਨਰਲ ਬਾਡੀ (ਸੰਗਤ) ਨੂੰ ਵਧੇਰੇ ਅਧਿਕਾਰ ਦੇ ਰਹੇ ਹਾਂ। ਜਦ ਕਿ ਮੌਜੂਦਾ ਪ੍ਰਬੰਧਕਾਂ ਦੀ ਅਸਲ ਮਣਸ਼ਾ ਇਹ ਹੈ ਕਿ ਸਾਨੂੰ ਵੱਡੀਆਂ ਰਕਮਾਂ ਖਰਚਣ ਲਈ ਮਨ ਮਰਜੀ ਦੇ ਅਧਿਕਾਰ ਮਿਲ ਜਾਣ।

ਪ੍ਰਬੰਧਕਾਂ ਨੂੰ ਗੁਰਦੁਆਰਾ ਚੋਣਾਂ ਦੇ ਖਰਚੇ ਦਾ ਤਾਂ ਬਹੁਤ ਫਿਕਰ ਹੈ, ਜਿਸ ਕਰਕੇ ਉਮੀਦਵਾਰ ਬਣਨ ਲਈ £1000 ਜਮ੍ਹਾਂ ਕਰਾਉਣ ਦੀ ਸ਼ਰਤ ਰੱਖ ਦਿੱਤੀ, ਪਰ ਇਨ੍ਹਾਂ ਦੇ ਗੈਰ ਕਾਨੂੰਨੀ ਕੱਮਾਂ ਵਿਰੁੱਧ ਸੰਗਤ ਵਲੋਂ ਮਜ਼ਬੂਰ ਹੋ ਕੇ ਕੋਰਟਾਂ ਵਿੱਚ ਜਾਣ ਦੀ ਇਨ੍ਹਾਂ ਨੂੰ ਕੋਈ ਪ੍ਰਵਾਹ ਨਹੀਂ। ਕਿਉਂਕਿ ਧੱਕੇ ਨਾਲ ਲਏ ਲਏ ਵਾਧੂ ਅਧਿਕਾਰਾਂ ਦੀ ਬਦੌਲਤ ਇਹ ਵਕੀਲਾਂ ਲਈ ਵੱਡੀਆਂ ਵੱਡੀਆਂ ਰਕਮਾਂ ਇਹ ਅਤੇ ਇਨ੍ਹਾਂ ਦੇ ਕੁੱਝ ਕੁ ਜੋਟੀਦਾਰ ਮਿਲ ਕੇ ਕਢਾਉਣ ਲਈ ਅਜ਼ਾਦ ਹੋਣਗੇ।

ਕੌਮੀ ਜੈਕਾਰੇ "ਬੋਲੇ ਸੋ ਨਿਹਾਲ" ਨੂੰ ਸੰਗਤ ਦੇ ਸਵਾਲਾਂ ਅਤੇ ਸ਼ੰਕਿਆਂ ਨੂੰ ਦਬਾਉਣ ਲਈ ਵਰਤਣ ਵਾਲੇ ਪ੍ਰਬੰਧਕਾਂ ਨੂੰ ਸੇਵਾਦਾਰ ਨਹੀਂ ਡਿਕਟੇਟਰ ਕਿਹਾ ਜਾ ਸਕਦਾ ਹੈ।

ਇਹ ਸਾਰਾ ਮੰਜ਼ਰ ਦੇਖ ਕੇ ਮਨ ਨੂੰ ਬਹੁਤ ਠੇਸ ਤੇ ਦਿਲ ਨੂੰ ਤਕਲੀਫ ਵੀ ਹੋਈ ਕਿ ਗੁਰੂ ਸਾਹਿਬਾਨਾਂ ਦੁਆਰਾ ਉਚਾਰਨ ਕੀਤੀ ਗਈ ਉਹ ਪੰਗਤੀ ਦਾ ਸਿਧਾਂਤ ਕਿੱਥੇ ਚਲਾ ਗਿਆ ਜਿਸ ਵਿੱਚ ਉਨਾਂ ਕਿਹਾ ਸੀ ਕਿ "ਗੁਰੂ ਦੁਆਰੈ ਹੋਇ ਸੋਝੀ ਪਾਇਸੀ "

ਇਨ੍ਹਾਂ ਹਾਲਾਤ ਦੇ ਜਿੰਮੇਵਾਰ ਕੌਣ ਹਨ ? ਗੁਰੂ ਘਰਾਂ ਦੇ ਪ੍ਰਬੰਧਕ ਜਾ ਗੁਰੂ ਘਰ ਦੇ ਪ੍ਰਚਾਰਕ ? ਦੂਰ ਦੂਰ ਤਕ ਨਜ਼ਰ ਮਾਰੀਏ ਤਾਂ ਇਸ ਤਰਾਂ ਜਾਪਦਾ ਹੈ ਕਿ ਅਮਰੀਕਾ ਵਿੱਚ ਚਲ ਰਹੇ ਸਮੂਹ ਗੁਰੂ ਘਰਾਂ ਦਾ ਪ੍ਰਬੰਧ ਹੰਕਾਰੀ ਸੋਚ ਵਾਲੇ ਤੇ ਸੱਤਾ ਦੇ ਲੋਭੀ ਲੋਕਾਂ ਦੇ ਅਧੀਨ ਹੈ ਤੇ ਇਸ ਦਾ ਜਿੰਮੇਵਾਰ ਕੌਣ ਹੈ ?

ਇਸ ਸਭ ਕੁਝ ਦੇ ਮੱਦੇਨਜ਼ਰ ਕੀ ਇਨ੍ਹਾਂ ਸਵਾਲਾਂ ਦਾ ਜਵਾਵ ਸਾਨੂੰ ਕਦੇ ਮਿਲ ਸਕਦਾ ਹੈ :

1. ਵਾਰ ਵਾਰ ਪੁਲਿਸ ਨੂੰ ਬੁਲਾ ਕੇ ਸੰਗਤਾਂ ਨੂੰ ਜਲੀਲ ਕਿਓਂ ਕੀਤਾ ਜਾਂਦਾ ਹੈ ?

2.ਪ੍ਰਬੰਧਕਾਂ ਦੀ ਅਜਿਹੀ ਕਿਹੜੀ ਵੱਡੀ ਕਮਜ਼ੋਰੀ ਹੈ ਕਿ ਉਹ ਲੰਮੇ ਸਮੇ ਤੋਂ ਸੰਗਤਾਂ ਦੇ ਸਵਾਲਾਂ ਦੇ ਜਵਾਬ ਦੇਣ ਤੋਂ ਕੰਨੀ ਕਤਰਾਉਂਦੇ ਹਨ ?

3. ਸੰਗਤਾਂ ਨੇ ਵੋਟਾਂ ਪਾ ਕੇ ਇਨ੍ਹਾ ਮੈਂਬਰਾਂ ਨੂੰ ਗੁਰੂ ਘਰਾਂ ਦੇ ਸੇਵਾਦਾਰ ਚੁਣਿਆ ਹੁੰਦਾ ਹੈ ਜਾਂ ਗੁਰੂ ਘਰਾਂ ਦੇ ਮਾਲਕ ਜੋ ਕਿ ਜਿਸ ਤਰ੍ਹਾਂ ਇਹ ਚਾਹੁਣ ਸੰਗਤਾਂ ਨੂੰ ਜਲੀਲ ਕਰ ਸਕਣ। ਅੱਜ 99% ਗੁਰੂ ਘਰ ਤਾਨਾਸ਼ਾਹੀ ਢੰਗ ਨਾਲ ਚਲਾਏ ਰਹੇ ਹਨ ਅਤੇ ਬਾਕੀ ਲੋਕ ਮਿੱਟੀ ਦੇ ਮਾਧੋ ਬਣ ਕੇ ਇਹਨਾਂ ਦਾ ਸਾਥ ਦੇ ਰਹੇ ਹਨ।

ਸਿੱਖ ਕੌਮ ਅਤੇ ਗੁਰੂ ਘਰਾਂ ਦਾ ਰੱਬ ਹੀ ਰਾਖ਼ਾ !

**ਮਨਪ੍ਰੀਤ ਸਿੰਘ, ਸੈਨਹੋਜ਼ੇ**

# ਜਿਨ੍ਹਾਂ ਦੇ ਨੈਣੀ ਨੀਲਾ ਥੋਥਾ ?

## *ਬਾਦਲਦਲੀਆਂ ਦੀ ਰਾਜਨੀਤੀ ਤੇ ਸਿੱਖਾਂ ਦਾ ਨਿਘਾਰ*

**ਤਰਲੋਚਨ ਸਿੰਘ ਦੁਪਾਲਪੁਰ**
(ਫੋਨ : 001-408-915-1268) tudupalpuri@yohoo.com

ਅਕਾਲੀ ਕਹਾਉਂਦੇ ਇਕ ਮੰਤਰੀ ਸ੍ਰੀ ਸਿਕੰਦਰ ਸਿੰਘ ਮਲੂਕਾ ਵੱਲੋਂ ਬੀਤੇ ਦਿਨੀਂ ਪੰਜਾਬ ਦੇ ਬਠਿੰਡਾ ਜਿਲ੍ਹੇ ਦੇ ਸ਼ਹਿਰ ਰਾਮਪੁਰਾ ਫੂਲ ਵਿਚ ਹੋਏ ਸਮਾਗਮ ਮੌਕੇ ਅਠ੍ਹਰਵੀਂ ਸਦੀ ਤੋਂ ਚੱਲੀ ਆ ਰਹੀ ਸਿੱਖ ਅਰਦਾਸ ਦੀ ਇਕ ਤਰ੍ਹਾਂ ਨਾਲ



'ਪੈਰੋਡੀ' ਬਣਾਈ ਗਈ। ਇਹ ਮੰਤਰੀ ਸ੍ਰੀ ਮਾਨ ਭਾਵੇਂ ਉਸ ਪਾਰਟੀ ਦਾ ਹੀ ਹੈ,, ਜੋ ਹੁਣ ਪੂਰਨ ਰੂਪ ਵਿਚ 'ਬਾਦਲ ਦਲ' ਬਣ ਚੁੱਕੀ ਹੋਈ ਹੈ। ਪਰ ਉਸ ਇਕੱਠ ਵਿਚ ਉਸ ਸ੍ਰਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਦੋ ਮੈਂਬਰ (ਇਕ ਮੌਜੂਦਾ ਤੇ ਇਕ ਸਾਬਕਾ) ਵੀ ਖੜ੍ਹੇ ਸਨ, ਜੋ ਭਾਵੇਂ ਬਾਦਲ ਦਲ ਦੀ ਗੁਲਾਮੀ ਹੰਢਾ ਰਹੀ ਹੈ ਪਰ ਦਾਅਵਾ ਸਿੱਖ ਰਹੁ ਰੀਤਾਂ ਦੀ ਰਖਵਾਲੀ ਦਾ ਹੀ ਕਰਦੀ ਹੈ, ਉਹ ਦੋਵੇਂ ਮੈਂਬਰ ਵੀ ਗੁਰ ਕੀ ਨਿੰਦਾ ਅਰਾਮ ਨਾਲ ਖੜ੍ਹੇ ਸੁਣਦੇ ਰਹੇ।

ਸਿੱਖ ਕੌਮ ਦੇ ਨਿਘਾਰ ਪ੍ਰਤੀ ਘੋਰ ਚਿੰਤਾ 'ਚ ਪੈਦਾ ਕਰਨ ਵਾਲੀ ਇਹ ਦੁਖਦਾਈ ਖ਼ਬਰ ਪੜ੍ਹ ਕੇ ਇਹਦੇ ਬਾਰੇ ਕੋਈ ਹੋਰ ਵਿਚਾਰ ਵਟਾਂਦਰਾ ਕਰਨ ਲਈ ਮੈਂ ਪੰਜਾਬ ਰਹਿੰਦੇ ਇਕ ਗੁਰਮੁਖ ਪਿਆਰੇ ਨਾਲ ਗੱਲਬਾਤ ਕੀਤੀ। ਜ਼ਿਲ੍ਹਾ ਹੁਸ਼ਿਆਰਪੁਰ ਨਾਲ ਸਬੰਧਤ ਇਹ ਮਿੱਤਰ ਹਾਲੇ ਸ਼ਹਿਰੋਂ ਹੋ ਕੇ ਘਰੇ ਵਾਪਸ ਆਇਆ ਹੀ ਸੀ। ਉਹ ਵੀ ਅਨੇਕਾਂ ਸਿੱਖਾਂ ਵਾਂਗ ਇਸੇ ਖ਼ਬਰ ਦਾ ਪੱਛਿਆ ਹੋਇਆ ਲੁੱਛ ਲੁੱਛ ਕਰ ਰਿਹਾ ਸੀ।



"ਵੀਰ ਜੀ ਭਾਵੇਂ ਬਾਹਰੀ ਲਿਬਾਸ ਜਾਂ ਚਿਹਰਾ ਮੋਹਰਾ ਸਾਡਾ ਸਿੱਖਾਂ ਵਾਲਾ ਹੀ ਹੈ, ਪਰ ਅੰਦਰੋਂ ਸਾਨੂੰ ਸਿੱਖੀ ਨਹੀਂ ਜ਼ਮੀਨ ਜਾਇਦਾਦਾਂ ਤੇ ਅਹੁਦੇ ਜ਼ਿਆਦਾ ਪਿਆਰੇ ਹਨ।"

ਇੰਜ ਕਹਿ ਕੇ ਉਸਨੇ ਤਾਜ਼ੀ ਤਾਜ਼ੀ ਹੱਡ ਬੀਤੀ ਸੁਣਾਈ। ਆਪਣੇ ਪਿੰਡੋਂ ਸ਼ਹਿਰ ਕਿਸੇ ਕੰਮ ਗਏ ਹੋਏ ਨੂੰ ਉਸਦਾ ਕੋਈ ਦੋਸਤ ਮਿਲ ਪਿਆ ਜੋ ਕਿ ਹਲਕੇ ਦੇ ਸ੍ਰਗੁਰਦੁਆਰਾ ਪ੍ਰਬੰਧਕ ਕਮੇਟੀ ਮੈਂਬਰ ਦਾ ਸੱਜਾ-ਖੱਬਾ ਹੱਥ ਸਮਝਿਆ ਜਾਂਦਾ ਹੈ। ਸਰਦੀ ਜ਼ਿਆਦਾ ਹੋਣ ਕਾਰਨ ਦੋਵੇਂ ਜਣੇ ਇਕ ਹੋਟਲ ਵਿਚ ਚਾਹ ਪੀਣ ਲੱਗੇ। ਭਰੇ ਫਿੱਸੇ ਪਏ ਮੇਰੇ ਮਿੱਤਰ ਨੇ ਫੋਨ ਕੱਢ ਕੇ ਉਸਨੂੰ ਮਲੂਕੇ ਦੀ ਕਾਮਯਾਬੀ ਲਈ ਹੁੰਦੀ ਅਰਦਾਸ ਵਾਲੀ ਵੀਡੀਓ ਦਿਖਾਈ ਅਤੇ ਪੁਛਿਆ ਕਿ ਦੋ ਦਿਨ ਹੋ ਗਏ ਇਸ ਨੂੰ ਵਾਇਰਲ ਹੋਈ ਨੂੰ ਸਾਡੇ ਹਲਕਾ ਮੈਂਬਰ ਸਾਹਿਬ ਦਾ ਇਹਦੇ ਵਿਰੋਧ ਬਾਰੇ ਕੋਈ ਪ੍ਰਤੀਕਰਮ ਹੈ ? ਨਾਲ ਹੀ ਉਸਦਾ ਅੰਦਰ ਟਟੋਲਣ ਲਈ ਮੇਰੇ ਜਾਣੂ ਨੇ ਉਸਨੂੰ ਵੀ ਪੁੱਛ ਲਿਆ ਕਿ ਤੁਹਾਨੂੰ ਆਪਣੀ ਪਾਰਟੀ ਦੇ ਆਗੂ ਦੀ ਇਸ ਕਰਤੂਤ ਉੱਤੇ ਗੁੱਸਾ ਤਾਂ ਆਇਆ ਹੀ ਹੋਊ ?

ਰੋਣ ਹਾਕਾ ਹੁੰਦਿਆ ਮੇਰੇ ਮਿੱਤਰ ਨੇ ਦਸਿਆ ਕਿ ਮੇਰਾ ਸਵਾਲ ਸੁਣ ਕੇ ਉਹ ਹੀਂ ਹੀਂ ਹੀਂ ਕਰਦਾ ਉੱਠਿਆ ਤੇ ਉੱਪਰ ਦੀ ਪਹਿਨੀ ਹੋਈ ਸ੍ਰੀ ਸਾਹਿਬ ਦਾ ਗਾਤਰਾ ਸਵਾਰਦਾ ਹੋਇਆ ਬੋਲਿਆ "ਛੱਡੋ ਭਰਾ ਇਹ 'ਪੋਲੀਟੀਕਲ ਗੱਲਾਂ' ਤਾਂ ਚਲਦੀਆਂ ਰਹਿਣੀਆਂ ਮੈਂ ਦਫਤਰੋਂ ਫਾਰਮ ਲੈ ਕੇ ਭਰਨਾ ਹੈ ਮੋਟਰ ਦਾ ਕੁਨੈਕਸ਼ਨ ਲੈਣ ਲਈ ਜਥੇਦਾਰ ਦੀ ਸਿਫ਼ਾਰਸ਼ ਪੁਆਈ ਹੋਈ ਐ ਫੇਰ ਚੋਣ ਜਾਬਤਾ ਲੱਗ ਜਾਣੈ, ਮੇਰਾ ਕੰਮ ਕਿਤੇ ਵਿਚਾਲੇ ਈ ਨਾ ਰਹਿ ਜਾਵੇ।

ਦੂਸਰਾ ਕਿੱਸਾ ਬੜਾ ਪੁਰਾਣਾ ਹੈ, ਸਰਦਾਰ ਕਪੂਰ ਸਿੰਘ ਦਾ. ਸਿੱਖ ਨਿਰੰਕਰੀ ਕਸ਼ੀਦਗੀ ਦਾ ਖ਼ੂਨੀ ਮੁਢ ਤਾਂ 1978 ਦੀ ਵਿਸਾਖੀ ਵਾਲੇ ਦਿਨ ਤੋਂ ਬੱਝਾ ਸੀ ਅਤੇ ਨਿਰੰਕਾਰੀਆਂ ਨਾਲ ਨਾ ਮਿਲਵਰਤਨ ਬਾਰੇ ਹੁਕਮਨਾਮਾ ਵੀ ਇਸੇ ਤਰ੍ਹਾਂ ਜਾਰੀ ਹੋਇਆ। ਪਰ ਇਹ ਗੱਲ ਸ਼ਾਇਦ 1969 ਸੰਨ ਦੀ ਹੋਵੇ ਜਦੋਂ ਸਰਦਾਰ ਕਪੂਰ ਸਿੰਘ ਨੇ ਪੰਜਾਬੀ ਅਸੈਂਬਲੀ ਦੀ ਚੋਣ ਲੜੀ ਸੀ। ਜ਼ਿਲ੍ਹਾ ਲੁਧਿਆਣਾ ਵਿਚ ਚੋਣ ਪ੍ਰਚਾਰ ਦੌਰਾਨ ਉਹ ਇਕ ਐਸੇ ਥਾਂ ਪਹੁੰਚ ਗਏ ਜਿੱਥੇ ਨਿਰੰਕਾਰੀਆਂ ਦਾ ਕੋਈ ਸਮਾਗਮ ਚੱਲ ਰਿਹਾ ਸੀ। ਨਾਂਹ ਨੁੱਕਰ ਕਰਦਿਆਂ ਉਹ ਆਪਣੇ ਨਾਲ ਦਿਆਂ ਸਾਥੀਆਂ ਦੇ ਕਹਿਣ 'ਤੇ ਉਸ ਸਮਾਗਮ ਵਿਚ ਜਾ ਬੈਠੇ। ਹਾਲੇ ਅੱਧਾ ਕੁ ਘੰਟਾ ਬੈਠਿਆਂ ਨੂੰ ਹੋਇਆ ਹੋਵੇਗਾ ਕਿ ਨਿਰੰਕਾਰੀ ਸਟੇਜ 'ਤੇ ਬੋਲ ਰਹੇ ਵਕਤੇ ਨੇ ਗੁਰਮਤਿ ਵਿਰੁੱਧ ਕੁਝ ਗਲ੍ਹਤ ਟਿਪਣੀਆਂ ਕੀਤੀਆਂ। ਬਿਜਲੀ ਦੀ ਫੁਰਤੀ ਵਾਂਗ ਸਰਦਾਰ ਸਾਹਿਬ ਇਕ ਦਮ ਉੱਠ ਖਲੋਤੇ। ਵਕਤੇ ਨੂੰ ਹੱਥ ਦੇ ਇਸ਼ਾਰੇ ਨਾਲ ਚੁੱਪ ਕਰਾਉਂਦਿਆਂ ਉਹ ਆਪਣੀ ਗੱਲ ਕਹਿਣ ਲੱਗ ਪਏ। ਥੱਲੇ ਬੈਠੇ ਉਨ੍ਹਾਂ ਦੇ ਸਾਥੀ ਸੁਰਜਣ ਸਿੰਘ ਠੇਕੇਦਾਰ, ਸਰਦਾਰ ਜੀ ਦੇ ਪੈਰਾਂ 'ਤੇ ਚੂੰਢੀਆਂ ਵੱਢਦੇ ਹੋਏ ਇਸ਼ਾਰੇ ਕਰਨ ਲੱਗੇ ਕਿ ਹਾਲੇ ਕੁਝ ਨਾ ਬੋਲੋ ਨਾਜ਼ਕ ਸਮਾਂ ਹੈ ਸਾਡੀਆਂ ਵੋਟਾਂ ਖਰਾਬ ਹੋਣਗੀਆਂ ਅਸੀਂ ਹਾਰ ਜਾਵਾਂਗੇ ਜਾਣ ਦਿਉ ਗੁੱਸੇ ਨੂੰ! ਕਹਿੰਦੇ ਸਰਦਾਰ ਕਪੂਰ ਸਿੰਘ ਨੇ ਫੁਰਤੀ ਨਾਲ ਪੈਰ ਝਟਕ ਕੇ ਆਪਣੇ ਸਾਥੀਆਂ ਨੂੰ ਉੱਚੀ ਉੱਚੀ ਕਿਹਾ

"ਹਟ ਭਾਈ ਸੁਰਜਣ ਸਿਹਾਂ, ਮੈਂ ਜਿੱਤਾਂ ਚਾਹੇ ਹਾਰਾਂ, ਮੈਨੂੰ ਨਹੀ ਪ੍ਰਵਾਹ! ਪਰ ਮੈਂ ਆਪਣੇ ਗੁਰੂ ਦੀ ਬੇਅਦਬੀ ਸੁਣ ਕੇ ਚੁੱਪ ਨਹੀਂ ਰਹਿ ਸਕਦਾ।"

ਹੁਣ ਜ਼ਰਾ ਕੌੜਾ ਘੁੱਟ ਭਰਨ ਵਾਂਗ ਸਵਰਗੀ ਜਥੇਦਾਰ ਸੁਰਜਣ ਸਿੰਘ ਠੇਕੇਦਾਰ ਮੂੰਹੋਂ ਸੁਣੀ ਹੋਈ ਇਹ ਗੱਲ ਮੈਨੂੰ ਹੁੱਬ ਹੁੱਬ ਕੇ ਸੁਣਾਉਣ ਵਾਲੇ ਸਿੱਖ ਦੇ 'ਸਿੱਖੀ ਪ੍ਰੇਮ' ਬਾਰੇ ਵੀ ਸੁਣ ਲਉ। ਕਈ ਸਾਲ ਪਹਿਲੋਂ ਬਾਦਲਾਂ ਵੱਲੋਂ ਸਿੱਖ ਧਰਮ ਵਿਰੋਧੀ ਕੀਤੀ ਗਈ ਕਿਸੇ ਕਾਰਵਾਈ ਪ੍ਰਤੀ ਤਕੜੇ ਗੁੱਸੇ ਦਾ ਇਜ਼ਹਾਰ ਕਰਦਿਆਂ ਬਾਦਲਸ਼ਾਹੀ ਨੂੰ ਭੰਡਣ ਵਾਲੇ ਇਹ ਸਿੰਘ ਸਾਹਿਬ ਹੁਣ ਮਲੂਕੇ ਦਾ ਪੱਖ ਪੂਰ ਰਹੇ ਹਨ। ਜਨਾਬ ਫੁਰਮਾ ਰਹੇ ਹਨ ਕਿ ਜਿਹੜੀ ਅਰਦਾਸ ਸ੍ਰੀ ਮਲੂਕੇ ਨੇ ਆਪਣੇ ਚੋਣ ਦਫ਼ਤਰ ਦੇ ਉਦਘਾਟਨ ਮੌਕੇ ਕਰਵਾਈ ਹੈ ਉਹ ਹਿੰਦੂ ਗ੍ਰੰਥਾਂ ਵਿਚ ਬਹੁਤ ਪੁਰਾਣੇ ਸਮੇਂ ਤੋਂ ਲਿਖੀ ਹੋਈ ਮਿਲਦੀ ਹੈ। ਭਾਵੇਂ ਬਹੁਤ ਸਾਰੇ ਸੁਹਿਰਦ ਹਿੰਦੂ ਭਰਾ ਇਹ ਐਲਾਨੀਆਂ ਕਹਿ ਰਹੇ ਨੇ ਕਿ ਅਜਿਹੀ ਅਰਦਾਸ ਦਾ ਕਿਸੇ ਹਿੰਦੂ ਇਤਿਹਾਸਕ ਗ੍ਰੰਥ ਵਿਚ ਕੋਈ ਹਵਾਲਾ ਨਹੀਂ ਮਿਲਦਾ। ਪ੍ਰੰਤੂ ਕੁਝ ਸਾਲ ਪਹਿਲਾਂ ਸਿਰਦਾਰ ਕਪੂਰ ਸਿੰਘ ਦੀ ਉਸਤਤਿ ਕਰਨ ਵਾਲੇ ਇਹ ਪੰਜ ਕਕਾਰੀ ਖਾਲਸਾ ਜੀ ਹੁਣ ਸਿਆਸਤ ਉਤੋਂ ਧਰਮ ਨੂੰ ਕੁਰਬਾਨ ਕਰ ਰਹੇ ਹਨ।

ਬਾਲ ਉਮਰ ਸਮੇਂ ਸਾਡੇ ਪਿੰਡਾਂ 'ਚ ਸੰਨਿਆਸੀ ਬਾਵੇ ਹਾਥੀ ਲੈ ਕੇ ਆਉਂਦੇ ਹੁੰਦੇ ਸਨ। ਵਰ੍ਹੀ ਛਿਮਾਹੀ ਸਬੱਬੀ ਹਾਥੀ ਦੇਖ ਕੇ ਸਾਰੇ ਨਿਆਣੇ ਸਿਆਣੇ ਉਹਦੇ ਮਗਰ ਹੋ ਤੁਰਦੇ। ਸੱਚ ਕਿ ਝੂਠ, ਪੇਂਡੂ ਬੁੜ੍ਹੀਆ ਕਿਹਾ ਕਰਦੀਆਂ ਸਨ ਕਿ ਇਹ ਬਾਵੇ ਜਦ ਜੰਗਲਾਂ 'ਚੋਂ ਹਾਥੀ ਫੜਦੇ ਨੇ ਤਾਂ ਉਦੋਂ ਈ ਇਹਦੀਆਂ ਅੱਖਾਂ ਵਿਚ ਨੀਲਾ ਥੋਥਾ ਪਾ ਦਿੰਦੇ ਨੇ। ਬੱਸ ਫਿਰ ਹਾਥੀਨੂੰ ਆਪ ਦਿਸਣਾ ਤਾਂ ਬੰਦ ਹੋ ਜਾਂਦਾ ਹੈ ਤੇ ਇਹ ਵਿਚਾਰਾ ਸਿਰ ਉੱਤੇ ਕੁੰਡਾ ਲੈ ਕੇ ਬੈਠੇ ਮਹਾਣਤ ਦੇ ਇਸ਼ਾਰਿਆਂ ਨਾਲ ਹੀ ਉੱਠਦਾ ਬਹਿੰਦਾ ਅਤੇ ਤੁਰਿਆ ਫਿਰਦਾ ਹੈ।

ਕਿਸੇ ਲਾਲਚ ਜਾਂ ਲਾਲਸਾ ਅਧੀਨ ਸਿਆਸੀ ਮਹਾਣਤਾਂ ਦੇ ਅਧੀਨ ਹੋ ਚੁੱਕੇ ਬੰਦਿਆਂ ਉੱਤੇ ਵੀ ਨੈਣੀ ਥੋਥਾ ਪੁਆ ਕੇ ਗੁਲਾਮ ਬਣੀ ਫਿਰਦੇ ਹਾਥੀ ਵਾਲੀ ਮਿਸ਼ਾਲ ਹੀ ਢੁਕਦੀ ਹੈ।

# ਜਥੇਦਾਰ ਬਲਜੀਤ ਸਿੰਘ ਦਾਦੂਵਾਲ ਪਰਿਵਾਰ ਸਮੇਤ ਗ੍ਰਿਫ਼ਤਾਰ

## *ਪਤਨੀ ਸੁਖਮੀਤ ਕੌਰ ਤੇ ਪੁੱਤਰ ਕੁਰਬਾਨ ਸਿੰਘ ਨੂੰ ਕੁਝ ਦੇਰ ਬਾਅਦ ਛੱਡਿਆ*

**ਕਾਦੀਆਂ/ਬਿਊਰੋ ਨਿਊਜ਼ :**

ਸਰਬੱਤ ਖ਼ਾਲਸਾ ਵੱਲੋਂ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਥਾਪੇ ਗਏ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਨੂੰ ਕਾਦੀਆਂ ਪੁਲੀਸ ਨੇ ਗ੍ਰਿਫ਼ਤਾਰ ਕਰਕੇ ਗੁਰਦਾਸਪੁਰ ਜੇਲ੍ਹ ਭੇਜ ਦਿੱਤਾ ਹੈ। ਥਾਣਾ ਕਾਦੀਆਂ ਦੇ ਮੁਖੀ ਹਰਦੀਪ ਸਿੰਘ ਨੇ ਦੱਸਿਆ ਕਿ ਕੋਟ ਟੋਡਰ ਮੱਲ ਰੋਡ ਤੋਂ ਬਲਜੀਤ ਸਿੰਘ ਦਾਦੂਵਾਲ ਨੂੰ ਉਨ੍ਹਾਂ ਦੇ ਸਾਥੀ ਜਗਮੀਤ ਸਿੰਘ ਸਮੇਤ ਗ੍ਰਿਫ਼ਤਾਰ ਕੀਤਾ ਹੈ। ਉਨ੍ਹਾਂ ਖ਼ਿਲਾਫ਼ ਧਾਰਾ 107,151 ਤਹਿਤ ਪਰਚਾ ਦਰਜ ਕੀਤਾ ਹੈ। ਯੂਨਾਈਟਿਡ ਅਕਾਲੀ ਦਲ ਦੀ ਕੋਰ ਕਮੇਟੀ ਦੇ ਮੈਂਬਰ ਗਿਆਨੀ ਦਵਿੰਦਰ ਸਿੰਘ, ਜ਼ਿਲ੍ਹਾ ਪ੍ਰਧਾਨ ਗੁਰਦਰਸ਼ਨ ਸਿੰਘ, ਸਾਬਕਾ ਵਿਧਾਇਕ ਮਾਸਟਰ ਜੌਹਰ ਸਿੰਘ, ਅਕਾਲੀ ਦਲ ਅੰਮ੍ਰਿਤਸਰ ਦੇ ਜ਼ਿਲ੍ਹਾ ਪ੍ਰਧਾਨ ਗੁਰਬਿੰਦਰ ਸਿੰਘ ਜੌਲੀ ਨੇ ਅਕਾਲੀ ਹਕੂਮਤ ਦੀ ਇਸ ਕਾਰਵਾਈ ਦੀ ਨਿੰਦਾ ਕਰਦਿਆਂ ਇਸ ਨੂੰ ਸਰਕਾਰ ਦੀ ਬੌਖਲਾਹਟ ਦਾ ਸਬੂਤ ਦੱਸਿਆ।



ਜਥੇਦਾਰ ਦਾਦੂਵਾਲ ਨੇ ਮੌਕੇ 'ਤੇ ਦੱਸਿਆ ਕਿ ਉਹ ਪਿੰਡ ਠੀਕਰੀਵਾਲ ਵਿਚ ਹੋ ਰਹੇ ਸਮਾਗਮ ਵਿਚ ਸ਼ਾਮਲ ਹੋਣ ਲਈ ਇਥੇ ਆਏ ਸਨ ਤੇ ਜਦੋਂ ਉਹ ਆਪਣੇ ਪਰਿਵਾਰ ਨਾਲ ਹਰਿਆਣਾ ਸਥਿਤ ਆਪਣੇ ਡੇਰੇ 'ਤੇ ਵਾਪਸ ਜਾ ਰਹੇ ਸਨ ਤਾਂ ਰੇਲਵੇ ਰੋਡ 'ਤੇ ਕਾਦੀਆਂ ਪੁਲੀਸ ਨੇ ਉਨ੍ਹਾਂ ਦੀ ਗੱਡੀ ਰੋਕ ਲਈ ਤੇ ਪਰਿਵਾਰ ਸਮੇਤ ਗ੍ਰਿਫ਼ਤਾਰ ਕਰ ਲਿਆ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਉਨ੍ਹਾਂ ਨੂੰ ਗ੍ਰਿਫ਼ਤਾਰ ਕਰਕੇ ਨਵੇਂ ਸਾਲ ਦਾ ਤੋਹਫ਼ਾ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਉਹ ਸੰਤ ਹਨ ਤੇ ਧਾਰਮਿਕ ਸਥਾਨ ਦੇ ਪ੍ਰਚਾਰਕ ਤੇ ਸੰਤ ਸਮਾਜ ਦੇ ਮੁਖੀ ਹੋਣ ਕਾਰਨ ਹਮੇਸ਼ਾ ਸੰਤਾਂ

ਬਾਕੀ ਸਫ਼ਾ 36 'ਤੇ

# ਸਰਦਾਰ ਅਜੀਤ ਸਿੰਘ: ਹਿੰਦੋਸਤਾਨ ਦੀ ਆਜ਼ਾਦੀ ਦਾ ਤੁਰਦਾ ਫਿਰਦਾ ਰਾਜਦੂਤ

**ਡਾ. ਗੁਰੂਮੇਲ ਸਿੱਧੂ**



**ਮਹਾਰਾਜਾ ਰਣਜੀਤ ਸਿੰਘ ਦੇ ਰਾਜ ਤੋਂ ਵੀ ਪਹਿਲਾਂ ਅਜੀਤ ਸਿੰਘ ਦਾ ਪਰਿਵਾਰ ਜਾਗੀਰਦਾਰ ਸੀ। ਸਿੱਖ ਰਾਜ ਵੇਲੇ ਇਸ ਪਰਵਾਰ ਪਾਸ ਚੋਖੀ ਜਾਇਦਾਦ ਅਤੇ ਇਕ ਵੱਡੀ ਹਵੇਲੀ ਸੀ, ਜਿਸ ਨੂੰ "ਗੜ੍ਹ ਕਲਾਂ", ਅਰਥਾਤ ਵੱਡਾ ਕਿਲਾ ਕਹਿੰਦੇ ਸਨ। ਇਸ ਹਵੇਲੀ ਤੇ ਸਿੱਖ ਰਾਜ ਦਾ ਕੌਮੀ ਝੰਡਾ' ਲਹਿਰਾਇਆਂ ਜਾਂਦਾ ਸੀ। ਆਂਢ ਗੁਆਂਢ ਦੇ ਇਲਾਕੇ, ਖਾਸ ਕਰਕੇ ਜਲੰਧਰ ਅਤੇ ਹੁਸ਼ਿਆਰਪੁਰ ਜ਼ਿਲ੍ਹਿਆਂ ਦੇ ਲੋਕ ਹੁੰਮ-ਹੁਮਾ ਕੇ ਆਉਂਦੇ ਤੇ ਝੰਡੇ ਦੀ ਰਸਮ ਵਿਚ ਸ਼ਾਮਿਲ ਹੁੰਦੇ। ਜੋ ਰਸਦ ਜਾਂ ਚੜ੍ਹਾਵਾ ਚੜ੍ਹਦਾ, ਉਹ ਇਸੇ ਰਸਮ ਖਾਤਰ ਵਰਤਿਆ ਜਾਂਦਾ ਸੀ। ਇਸ ਹਵੇਲੀ ਦਾ ਪਿਛੋਕੜ ਬੜਾ ਦਿਲਚਸਪ ਹੈ।**

ਸਰਦਾਰ ਅਜੀਤ ਸਿੰਘ ਨੂੰ ਅਕਸਰ ਸ਼ਹੀਦ ਭਗਤ ਸਿੰਘ ਦਾ ਚਾਚਾ ਕਹਿ ਕੇ ਯਾਦ ਕੀਤਾ ਜਾਂਦਾ ਹੈ। ਹਿੰਦੋਸਤਾਨ ਨੂੰ ਆਜ਼ਾਦ ਕਰਾਉਣ ਲਈ, ਚਾਚੇ-ਭਤੀਜੇ ਦਾ ਇਹ ਰਿਸ਼ਤਾ ਬ੍ਰਿਟਿਸ਼ ਰਾਜ ਲਈ ਬਹੁਤ ਘਾਤਿਕ ਸਾਬਿਤ ਹੋਇਆ। ਆਜ਼ਾਦੀ ਲੈਣ ਵਿਚ ਦੋਹਾਂ ਨੇ ਆਪਣੇ ਆਪਣੇ ਤੌਰ ਤੇ ਗੌਰਵਮਈ ਯੋਗਦਾਨ ਪਾਇਆ: ਇਕ ਨੇ ਜਾਨ ਦੀ ਆਹੂਤੀ ਦਿੱਤੀ ਅਤੇ ਦੂਜੇ ਨੇ ਉਮਰ ਭਰ ਦੀ ਜਲਾਵਤਨੀ ਕੱਟੀ। ਜਿਉਂਦੇ ਜੀਅ ਉਹ ਇਕ ਦੂਜੇ ਨੂੰ ਮਿਲ ਨਾ ਸਕੇ ਲੇਕਿਨ, ਭਗਤ ਸਿੰਘ ਨੂੰ ਆਪਣੇ ਚਾਚੇ ਨੂੰ ਮਿਲਣ ਦੀ ਬੜੀ ਸਿੱਕ ਰਹੀ। ਜਦ 1907 ਵਿਚ ਭਗਤ ਸਿੰਘ ਜੰਮਿਆ ਤਾਂ ਅਜੀਤ ਸਿੰਘ ਜਲਾਵਤਨੀ ਦੇ ਰਾਹੇ ਪੈ ਚੁਕਿਆ ਸੀ। ਅਜੀਤ ਸਿੰਘ ਨੇ 22 ਕੁ ਸਾਲ ਦੀ ਉਮਰ ਵਿਚ ਇਕ ਕ੍ਰਾਂਤੀਕਾਰੀ ਗਰੁਪ ਦੀ ਨੀਂਹ ਧਰੀ ਤੇ ਭਗਤ ਸਿੰਘ ਨੇ 22 ਸਾਲ ਦੀ ਉਮਰ ਵਿਚ ਸੈਂਟਰਲ ਲੈਜਿਸਲੇਟਿਵ ਅਸੈਂਬਲੀ, ਦਿੱਲੀ ਵਿਚ ਬੰਬ ਸੁਟਿਆ।

ਭਗਤ ਸਿੰਘ ਨੇ ਆਪਣੇ ਚਾਚੇ ਨਾਲ ਚਿੱਠੀਆਂ ਰਾਹੀਂ ਸੰਪਰਕ ਪੈਦਾ ਕਰਨਾ ਚਾਹਿਆਂ, ਪਰ ਹੋ ਨਾ ਸਕਿਆ। ਬ੍ਰਿਟਿਸ਼ ਸਰਕਾਰ ਦੀ ਖੁਫੀਆ ਏਜੰਸੀ ਹਮੇਸ਼ਾ ਅਜੀਤ ਸਿੰਘ ਦੇ ਪਿਛੇ ਲੱਗੀ ਰਹੀ ਇਸ ਕਰਕੇ ਉਸ ਦੇ ਸਾਥੀਆਂ ਵਲੋਂ ਪਤਾ ਲੁਕੋ ਕੇ ਰੱਖਿਆ ਜਾਂਦਾ ਸੀ। ਭਾਵੇਂ ਅਜੀਤ ਸਿੰਘ ਕਦੇ ਅਮਰੀਕਾ ਨਹੀਂ ਵੜਿਆ, ਪਰ ਸਾਨ ਫਰਾਂਸਿਸਕੋ ਦੇ ਗ਼ਦਰ ਪਾਰਟੀ ਦੇ ਦਫਤਰ ਨੂੰ ਉਸ ਦੇ ਅਤੇ-ਪਤੇ ਦੀ ਹਮੇਸ਼ਾ ਜਾਣਕਾਰੀ ਹੁੰਦੀ ਸੀ। ਬਕੌਲ ਬਾਬਾ ਭਗਤ ਸਿੰਘ ਬਿਲਗਾ, ਭਗਤ ਸਿੰਘ ਨੇ ਤਿੰਨ ਖਤ ਹਿੰਦੋਸਤਾਨ ਦੇ ਕਾਂਗਰਸੀ ਲੀਡਰਾਂ ਦੇ ਕਿਰਦਾਰਾਂ ਬਾਰੇ ਅਜੀਤ ਸਿੰਘ ਨੂੰ ਲਿਖੇ ਜੋ ਗ਼ਦਰ ਪਾਰਟੀ ਦੇ ਦਫਤਰ ਰਾਹੀਂ ਅਜੀਤ ਸਿੰਘ ਨੂੰ ਬ੍ਰਾਜ਼ੀਲ ਵਿਖੇ ਪਹੁੰਚਾਏ ਗਏ। ਅਜੀਤ ਸਿੰਘ ਚਾਹੁੰਦਾ ਸੀ ਕਿ ਕਿਸੇ ਤਰ੍ਹਾਂ ਭਗਤ ਸਿੰਘ ਬ੍ਰਾਜ਼ੀਲ ਪਹੁੰਚ ਜਾਵੇ, ਪਰ ਹਿੰਦੋਸਤਾਨ ਦੀ ਆਜ਼ਾਦੀ ਲਈ ਵਿਢਿਆ ਕ੍ਰਾਂਤੀ ਦਾ ਕੰਮ ਛੱਡ ਕੇ ਆਉਣਾ ਮੁਸ਼ਕਲ ਸੀ। ਉਲਟਾ ਭਗਤ ਸਿੰਘ ਨੇ ਚਾਚੇ ਨੂੰ ਇਕ ਚਿੱਠੀ ਵਿਚ ਲਿਖਿਆ, ਚਾਚਾ ਜੀ ਜੋ ਕੰਮ ਤੁਸੀਂ ਅਧੂਰਾ ਛੱਡ ਕੇ ਗਏ ਸੀ, ਉਸ ਨੂੰ ਆ ਕੇ ਪੂਰਾ ਕਰੋ।' ਹਿੰਦੋਸਤਾਨ 'ਚੋਂ ਜਲਾਵਤਨੀ ਵੇਲੇ ਅਜੀਤ ਸਿੰਘ ਨੇ ਪ੍ਰਣ ਲਿਆ ਸੀ ਕਿ ਜਦ ਤਕ ਉਹਦਾ ਵਤਨ ਆਜ਼ਾਦ ਨਹੀਂ ਹੋ ਜਾਂਦਾ, ਓਦੋਂ ਤਕ ਓਹ ਵਾਪਸ ਨਹੀਂ ਪਰਤੇਗਾ। ਇਸ ਪ੍ਰਣ ਨੂੰ ਉਸ ਨੇ ਜੀਅ ਜਾਨ ਨਾਲ ਨਿਭਾਇਆ। ਇਹ ਬਹੁਤ ਵੱਡੀ ਕੁਰਬਾਨੀ ਸੀ। ਮੰਦੇ ਭਾਗਾਂ ਨੂੰ ਸਰਦਾਰ ਅਜੀਤ ਸਿੰਘ ਦਾ ਆਜ਼ਾਦੀ ਦੀ ਲੜਾਈ ਵਿਚ ਪਾਏ ਯੋਗਦਾਨ ਦਾ ਯੋਗ ਮੁੱਲ ਨਹੀਂ ਪਿਆ। ਇਤਿਹਾਸ ਨੇ ਉਸ ਦੀ ਘਾਲਣਾ ਨਾਲ ਪੂਰਾ ਨਿਆਂ ਨਹੀਂ ਕੀਤਾ। ਅਜੀਤ ਸਿੰਘ ਦੀ ਘਾਲਣਾ ਨੂੰ ਜੇ ਭਗਤ ਸਿੰਘ ਦੀ ਸ਼ਹੀਦੀ ਤੋਂ ਅਲਗ ਰੱਖ ਕੇ ਦੇਖਿਆ ਜਾਵੇ ਤਾਂ ਪਤਾ ਲੱਗੇਗਾ ਕਿ ਉਸ ਦਾ ਯੋਗਦਾਨ ਕਿਸੇ ਸ਼ਹੀਦ ਨਾਲੋਂ ਘੱਟ ਨਹੀਂ ਸੀ। ਇਸ ਲੇਖ ਦਾ ਇਹੋ ਮੂਲ ਮੰਤਵ ਹੈ।

ਮਹਾਰਾਜਾ ਰਣਜੀਤ ਸਿੰਘ ਦੇ ਰਾਜ ਤੋਂ ਵੀ ਪਹਿਲਾਂ ਅਜੀਤ ਸਿੰਘ ਦਾ ਪਰਿਵਾਰ ਜਾਗੀਰਦਾਰ ਸੀ। ਸਿੱਖ ਰਾਜ ਵੇਲੇ ਇਸ ਪਰਵਾਰ ਪਾਸ ਚੋਖੀ ਜਾਇਦਾਦ ਅਤੇ ਇਕ ਵੱਡੀ ਹਵੇਲੀ ਸੀ, ਜਿਸ ਨੂੰ "ਗੜ੍ਹ ਕਲਾਂ", ਅਰਥਾਤ ਵੱਡਾ ਕਿਲਾ ਕਹਿੰਦੇ ਸਨ। ਇਸ ਹਵੇਲੀ ਤੇ ਸਿੱਖ ਰਾਜ ਦਾ ਕੌਮੀ ਝੰਡਾ' ਲਹਿਰਾਇਆਂ ਜਾਂਦਾ ਸੀ। ਆਂਢ ਗੁਆਂਢ ਦੇ ਇਲਾਕੇ, ਖਾਸ ਕਰਕੇ ਜਲੰਧਰ ਅਤੇ ਹੁਸ਼ਿਆਰਪੁਰ ਜ਼ਿਲ੍ਹਿਆਂ ਦੇ ਲੋਕ ਹੁੰਮ-ਹੁਮਾ ਕੇ ਆਉਂਦੇ ਤੇ ਝੰਡੇ ਦੀ ਰਸਮ ਵਿਚ ਸ਼ਾਮਿਲ ਹੁੰਦੇ। ਜੋ ਰਸਦ ਜਾਂ ਚੜ੍ਹਾਵਾ ਚੜ੍ਹਦਾ, ਉਹ ਇਸੇ ਰਸਮ ਖਾਤਰ ਵਰਤਿਆ ਜਾਂਦਾ ਸੀ। ਇਸ ਹਵੇਲੀ ਦਾ ਪਿਛੋਕੜ ਬੜਾ ਦਿਲਚਸਪ ਹੈ।

**ਹਵੇਲੀ ਦਾ ਪਿਛੋਕੜ**

ਅਜੀਤ ਸਿੰਘ ਦੇ ਪੁਰਖੇ ਲਾਹੌਰ ਜਿਲ੍ਹੇ ਦੇ ਇਕ ਪਿੰਡ, ਨਾਰਲੀ, ਵਿਚ ਰਹਿੰਦੇ ਸਨ। ਉਥੇ ਦਾ ਇਕ ਮੱਸਫੁੱਟ ਨੌਜਵਾਨ ਮੁੰਡਾ ਆਪਣੇ ਪੁਰਖਿਆਂ ਦੀਆਂ ਅਸਥੀਆਂ (ashes) ਲੈਕੇ ਹਰਦੁਆਰ ਵਿਖੇ ਗੰਗਾ ਦਰਿਆ ਵਿਚ ਤਾਰਨ ਗਿਆ। ਓਦੋਂ ਲੋਕ ਪੈਦਲ ਜਾਂਦੇ ਸਨ; ਰਾਹ ਵਿਚ ਤਰਕਾਲਾਂ ਪੈ ਗਈਆਂ। ਉਸ ਨੇ ਇਕ ਵੱਡੀ ਸਾਰੀ ਹਵੇਲੀ ਦੇਖੀ ਤੇ ਰਾਤ ਕੱਟਣ ਲਈ ਦਰਬਾਨ ਨੂੰ ਪੁੱਛਿਆ। ਦਰਬਾਨ ਨੇ ਅੰਦਰ ਜਾ ਕੇ ਇਹ ਗੱਲ ਮਾਲਕ ਨੂੰ ਦੱਸੀ ਤਾਂ ਉਸ ਨੇ ਮੁੰਡੇ ਨੂੰ ਅੰਦਰ ਬੁਲਾ ਲਿਆ। ਉਸ ਦਾ ਸਵਾਗਤ ਵੱਡੀ ਸਾਰੀ ਬੈਠਕ ਵਿਚ ਕੀਤਾ ਜਿੱਥੇ ਮਾਲਕ ਦੀ ਬੀਵੀ ਅਤੇ ਲੜਕੀ ਵੀ ਮੌਜੂਦ ਸਨ। ਮੁੰਡੇ ਨੇ ਬੜੇ ਅਦਬ ਨਾਲ ਝੁਕ ਕੇ ਫਤੇਹ ਬੁਲਾਈ, ਪਰਿਵਾਰ ਨੇ ਵੀ ਉਸੇ ਲਹਿਜ਼ੇ ਵਿਚ ਉਸ ਦਾ ਸਵਾਗਤ ਕੀਤਾ। ਉਸ ਨੂੰ ਮਾਲਕ ਅਤੇ ਬੀਵੀ ਦੀਆਂ ਕੁਰਸੀਆਂ ਵਿਚਕਾਰ ਬਿਠਾਇਆ ਗਿਆ ਤੇ ਸਾਹਮਣੇ ਵਾਲੀ ਕੁਰਸੀ ਤੇ ਉਨ੍ਹਾਂ ਦੀ ਖ਼ੂਬਸੂਰਤ ਧੀ ਬੈਠ ਗਈ। ਮੁੰਡੇ ਦੇ ਸਫ਼ਰ ਬਾਰੇ ਗੱਲਾਂ-ਬਾਤਾਂ ਹੋਈਆਂ ਜੋ ਸ਼ਾਮ ਦੇ ਖਾਣੇ ਤਕ ਚਲਦੀਆਂ ਰਹੀਆਂ। ਵਾਰਤਾਲਾਪ ਦੌਰਾਨ ਉਨ੍ਹਾਂ ਦਾ ਤਾਲਮੇਲ ਘਰਦਿਆਂ ਵਰਗਾ ਹੋ ਗਿਆ। ਆਹਮਣੇ ਸਾਹਮਣੇ ਬੈਠੇ ਕੁੜੀ ਅਤੇ ਮੁੰਡੇ ਦੀਆਂ ਅੱਖਾਂ ਮਿਲੀਆਂ। ਖਾਣੇ ਤੋਂ ਬਾਅਦ ਮੁੰਡੇ ਨੂੰ ਸੌਣ ਵਾਲੇ ਕਮਰੇ ਵਿਚ ਛੱਡ ਕੇ ਹਵੇਲੀ ਦੇ ਤਿੰਨੋ ਜੀਅ ਉਸ ਬਾਰੇ ਦੇਰ ਤਕ ਗੱਲਾਂ ਕਰਦੇ ਰਹੇ। ਗੱਲਾਂ-ਗੱਲਾਂ ਵਿਚ ਕੁੜੀ ਨੇ ਕਿਹਾ ਕਿ ਉਹ ਕਿਸੇ ਏਦਾਂ ਦੇ ਮੁੰਡੇ ਨਾਲ ਵਿਆਹ ਕਰਾਉਣਾ ਪਸੰਦ ਕਰੇਗੀ। ਮਾਪਿਆਂ ਨੂੰ ਵੀ ਮੁੰਡਾ ਪਸੰਦ ਸੀ, ਉਹ ਵੀ ਇਹੋ ਸੋਚ ਰਹੇ ਸਨ। ਸਵੇਰੇ ਉਠੇ ਤਾਂ ਮੁੰਡੇ ਨੇ ਵਿਦਿਆ ਲੈਣ ਲਈ ਆਗਿਆ ਮੰਗੀ। ਹਵੇਲੀ ਦੇ ਮਾਲਕ ਨੇ ਪੁੱਛਿਆ, ਬੇਟਾ ਤੇਰਾ ਵਿਆਹ ਹੋ ਗਿਆ ?' ਉਸ ਨੇ ਕਿਹਾ, ਜੀਅ ਅਜੇ ਨਹੀਂ।' ਤੁਰਨ ਲੱਗਿਆਂ ਮਾਲਕ ਨੇ ਕਿਹਾ, ਜੇ ਉਹ ਮੁੜਦਾ ਹੋਇਆ ਉਨ੍ਹਾਂ ਕੋਲ ਹੋ ਕੇ ਜਾਵੇ ਤਾਂ ਉਨ੍ਹਾਂ ਨੂੰ ਬਹੁਤ ਖੁਸ਼ੀ ਹੋਵੇਗੀ'। ਮੁੰਡੇ ਨੇ ਕਿਹਾ, ਜੀ ਜ਼ਰੂਰ।' ਉਹ ਮੁੰਡਾ ਵੀ ਭਾਂਪ ਗਿਆ ਸੀ ਕਿ ਉਸ ਨੂੰ ਦੁਬਾਰਾ ਕਿਉਂ ਮਿਲਣਾ ਚਾਹੁੰਦੇ ਸਨ ? ਇਸ ਖਿਆਲ ਨਾਲ ਮੁੰਡਾ ਅਸਥੀਆਂ ਪਾ ਕੇ ਛੇਤੀਂ ਵਾਪਸ ਆ ਗਿਆ। ਇਸ ਵਾਰ ਉਸ ਦਾ ਸਵਾਗਤ ਇਕ ਮੁਸਾਫ਼ਰ ਵਾਂਗ ਨਹੀਂ, ਹੋਣ ਵਾਲੇ ਦਾਮਾਦ ਵਾਂਗ ਕੀਤਾ ਗਿਆ। ਵਿਆਹ ਬਾਰੇ ਗੱਲਬਾਤ ਦੌਰਾਨ ਕੁੜੀ ਦੇ ਮਾਪਿਆਂ ਨੇ ਅਰਜ਼ ਕੀਤੀ ਕਿ, ਜੇ ਉਹ ਸ਼ਾਦੀ ਤੋਂ ਬਾਅਦ ਇਸ ਹਵੇਲੀ ਵਿਚ, ਜੁਆਈ ਵਾਂਗ ਨਹੀਂ, ਬੇਟੇ ਦੀ ਤਰ੍ਹਾਂ ਰਹੇ ਤਾਂ ਉਨ੍ਹਾਂ ਦੀ ਪੁੱਤਰ ਦੀ ਥੁੜ ਪੂਰੀ ਹੋ ਜਾਵੇਗੀ। ਉਨ੍ਹਾਂ ਦਾ ਆਪਣਾ ਕੋਈ ਪੁੱਤ ਨਹੀਂ ਸੀ। ਉਸ ਮੁੰਡੇ ਨੇ ਕਿਹਾ, ਜੀ ਘਰਦਿਆਂ ਤੋਂ ਇਜਾਜ਼ਤ ਤੋਂ ਵਗੈਰ ਮੈਂ ਕੁਝ ਨਹੀਂ ਕਹਿ ਸਕਦਾ, ਪਰ ਅੰਦਰੋਂ ਮੇਜ਼ਬਾਨ ਦੀ ਅਰਜੋਈ ਤੇ ਪਿਘਲ ਗਿਆ। ਮੁੰਡੇ ਦੇ ਮਾਂ-ਬਾਪ ਦੀ ਰਜ਼ਾਮੰਦੀ ਨਾਲ ਉਨ੍ਹਾਂ ਦਾ ਵਿਆਹ ਹੋ ਗਿਆ। ਇਕ ਪ੍ਰਕਾਰ ਨਾਲ ਉਹ ਹਵੇਲੀ ਮੁੰਡੇ ਨੂੰ ਖੱਟ (ਦਹੇਜ) ਵਿਚ ਮਿਲ ਗਈ। ਹਵੇਲੀ ਵਾਲੇ ਪਿੰਡ ਦਾ ਨਾਂ ਗੜ੍ਹ ਕਲਾਂ' ਸੀ। ਉਸ ਦਿਨ ਤੋਂ ਇਸ ਦਾ ਨਾਂ ਖੱਟ-ਗੜ੍ਹ ਕਲਾਂ ਪੈ ਗਿਆ ਜਿਸ ਨੂੰ ਹੁਣ ਖੱਟਕੜ ਕਲਾਂ ਕਹਿੰਦੇ ਹਨ।

**ਸੰਨ 1907 ਵਿਚ ਸਾਰਦਾਰ ਅਜੀਤ ਸਿੰਘ ਦੀ ਜਲਵਤਨੀ ਸ਼ੁਰੂ ਹੋਈ ਤੇ ਉਸੇ ਸਾਲ ਭਗਤ ਸਿੰਘ ਦਾ ਜਨਮ ਹੋਇਆ। ਜਲਾਵਤਨੀ ਦੌਰਾਨ ਉਹ ਦੁਨੀਆਂ ਦੇ ਅਨੇਕ ਮੁਲਕਾਂ ਵਿਚ ਗਿਆ। ਵੱਡੇ ਵੱਡੇ ਕ੍ਰਾਂਤੀਕਾਰੀਆਂ ਨੂੰ ਮਿਲਿਆਂ ਤੇ ਕਈ ਕ੍ਰਾਂਤੀਕਾਰੀ ਸੰਸਥਾਵਾਂ ਕਾਇਮ ਕੀਤੀਆਂ।**

**ਮਹਾਰਾਜਾ ਰਣਜੀਤ ਸਿੰਘ ਤੇ ਅਜੀਤ ਸਿੰਘ ਦੇ ਪੁਰਖੇ**

ਮਹਾਂਰਾਜਾ ਰਣਜੀਤ ਸਿੰਘ ਵੇਲੇ ਅਜੀਤ ਸਿੰਘ ਦੇ ਪੁਰਖੇ ਸਰਕਾਰੇ ਦਰਬਾਰੇ ਮੰਨੇ ਪ੍ਰਮੰਨੇ ਸਨ। ਅਜੀਤ ਸਿੰਘ ਦਾ ਪੜਦਾਦਾ ਸਰਦਾਰ ਫ਼ਤਿਹ ਸਿੰਘ ਮਹਾਰਾਜੇ ਦੀ ਫੌਜ ਵਿਚ ਇਕ ਆਲ੍ਹਾ ਅਫਸਰ ਸੀ। ਉਸਨੇ ਅੰਗਰੇਜ਼ਾਂ ਵਿਰੁਧ ਮੁਦਕੀ, ਬੱਦੋਵਾਲ, ਆਲੀਵਾਲ, ਅਤੇ ਸਭਰਾਉਂ ਦੀਆਂ ਲੜਾਈਆਂ ਵਿਚ ਭਾਗ ਲਿਆ ਸੀ। ਮਹਾਰਾਜਾ ਦੀ ਸੰਨ 1839 ਵਿਚ ਮੌਤ ਤੋਂ ਬਾਅਦ ਉਸ ਦੇ ਪੁੱਤਰਾਂ ਵਿਚਕਾਰ ਗੱਦੀ ਲਈ ਜੱਦੋ-ਜਹਿਦ ਸ਼ੁਰੂ ਹੋ ਗਈ। ਇਸ ਝਗੜੇ ਦਾ ਲਾਹਾ ਲੈਂਦਿਆਂ ਅੰਗਰੇਜਾਂ ਨੇ ਸੰਨ 1849 ਵਿਚ ਪੰਜਾਬ ਉਤੇ ਕਬਜ਼ਾ ਕਰ ਲਿਆ ਅਤੇ ਮਹਾਰਾਜਾ ਦੇ ਹਿਤੈਸ਼ੀਆਂ ਦੀਆਂ ਜਾਇਦਾਦਾਂ ਕੁਰਕ ਲਈਆਂ ਜਾਂ ਘਟਾ ਦਿਤੀਆਂ। ਅਜੀਤ ਸਿੰਘ ਦਾ ਪਰਿਵਾਰ ਵੀ ਇਸ ਮਾਰ ਹੇਠ ਆ ਗਿਆ। ਸੰਨ 1857 ਦੇ ਗ਼ਦਰ ਵੇਲੇ, ਜੋ ਮੁੱਖ ਤੌਰ ਤੇ ਪੰਜਾਬ ਤੋਂ ਬਾਹਰਲੀਆਂ ਰਿਆਸਤਾਂ ਵਲੋਂ ਵਿੱਢਿਆ ਗਿਆ ਸੀ, ਗੋਰਿਆਂ ਨੂੰ ਪੰਜਾਬੀਆਂ ਦੀ ਲੋੜ ਪਈ। ਪੰਜਾਬ ਦੇ ਗਵਰਨਰ ਨੇ ਐਲਾਨ ਕੀਤਾ ਕਿ ਜਿਹੜੇ ਪੰਜਾਬੀ ਸਾਡਾ ਸਾਥ ਦੇਣਗੇ, ਉਨ੍ਹਾਂ ਦੀਆਂ ਜਾਇਦਾਦਾਂ, ਵਾਪਸ ਕਰ ਦਿੱਤੀਆਂ ਜਾਣਗੀਆਂ। ਸਰਦਾਰ ਸੂਰਤ ਸਿੰਘ ਮਜੀਠੀਆ (ਸਰਦਾਰ ਸੁੰਦਰ ਸਿੰਘ ਮਜੀਠੀਆ ਦਾ ਪਿਤਾ) ਨੇ ਫਤਿਹ ਸਿੰਘ ਨੂੰ ਅੰਗਰੇਜ਼ਾਂ ਦਾ ਸਾਥ ਦੇਣ ਲਈ ਕਿਹਾ । ਫਤਿਹ ਸਿੰਘ ਨੇ ਉੱਤਰ ਦਿੰਦਿਆ ਕਿਹਾ, "ਜਾਇਦਾਦ ਅਤੇ ਇਨਾਮ ਲੈ ਕੇ ਮੈਂ ਗ਼ੱਦਾਰ ਨਹੀਂ ਕਹਾਉਣਾ।" ਗੋਰਿਆਂ ਨੇ ਫਤਿਹ ਸਿੰਘ ਦੀ "ਗੜ੍ਹ ਕਲਾਂ" ਵਾਲੀ ਕਿਲੇ ਵਰਗੀ ਹਵੇਲੀ ਦੀਆਂ ਕੰਧਾਂ ਢਾਅ ਕੇ ਛੋਟੀ ਕਰ ਦਿੱਤੀ।

ਫਤਿਹ ਸਿੰਘ ਦੇ ਪੁੱਤ ਸਰਦਾਰ ਅਰਜਨ ਸਿੰਘ ਦੇ ਤਿੰਨ ਪੁੱਤਰ, ਕਿਸ਼ਨ ਸਿੰਘ, ਅਜੀਤ ਸਿੰਘ ਅਤੇ ਸਵਰਨ ਸਿੰਘ, ਸਨ। ਅਜੀਤ ਸਿੰਘ ਵਿਚਕਾਰਲਾ ਸੀ ਅਤੇ ਉਸ ਦਾ ਜਨਮ 23 ਫਰਵਰੀ, 18181 ਵਿਚ ਹੋਇਆ। ਬੰਗਾ ਸਕੂਲ (ਜਿਲ੍ਹਾ ਨਵਾਂ ਸ਼ਹਿਰ) ਤੋਂ ਪ੍ਰਾਇਮਰੀ ਕਰਨ ਉਪਰੰਤ, ਸੰਨ 1889 ਵਿਚ ਜਲੰਧਰ ਦੇ ਸਾਂਈਂ ਦਾਸ ਐਂਗਲੋ ਸਕੂਲ ਤੋਂ ਦਸਵੀਂ ਕੀਤੀ। ਉਹ ਬਨਾਰਸ ਹਿੰਦੂ ਯੂਨੀਵਰਸਿਟੀ ਵਿਚ ਦਾਖਲਾ ਲੈਣਾ ਚਾਹੁੰਦੇ ਸਨ, ਪਰ ਪਿਤਾ ਨੇ ਬਰੇਲੀ ਦੇ ਲਾ-ਕਾਲਜ (Law College) ਵਿਚ ਪੜ੍ਹਨ ਲਈ ਦਾਖਲ ਕਰਾ ਦਿੱਤਾ। ਸਿਹਤ ਦੇ ਵਿਗੜਣ ਕਰਕੇ ਕਾਲਜ ਛੱਡਣਾ ਪਿਆ। ਇਲਾਜ ਤੋਂ ਬਾਅਦ ਡੀ.ਏ.ਵੀ. ਕਾਲਜ, ਲਾਹੌਰ ਤੋਂ ਐਫ. ਏ. ਪਾਸ ਕੀਤੀ। ਬ੍ਰਿਟਿਸ਼ ਸਰਕਾਰ ਦੀ ਨੌਕਰੀ ਕਰਨਾ ਗ਼ਨੀਮਤ ਨਾ ਸਮਝਿਆ, ਉਨ੍ਹਾਂ ਦੀ ਮਾਨਸਿਕਤਾ ਨੂੰ ਸਮਝਣ ਲਈ ਗੋਰਿਆਂ ਨੂੰ ਉਰਦੂ, ਪੰਜਾਬੀ, ਹਿੰਦੀ ਅਤੇ ਪਰਸ਼ੀਅਨ ਪੜ੍ਹਾਉਣ ਲੱਗ ਪਿਆ। ਇਹ ਜ਼ਬਾਨਾਂ ਉਸ ਨੇ ਪਿਤਾ ਅਤੇ ਸਕੂਲ ਤੋਂ ਸਿੱਖੀਆਂ ਸਨ। ਪੜ੍ਹਾਉਣ ਪਿੱਛੇ ਅਜੀਤ ਸਿੰਘ ਦੀ ਇਨਕਲਾਬੀ ਸੋਚ ਦਾ ਢਾਸਣਾ ਸੀ। ਉਸ ਦਾ ਮੱਤ ਸੀ ਕਿ ਅੰਗਰੇਜ਼ਾਂ ਨੂੰ ਸਮਝਣ ਲਈ ਉਨ੍ਹਾਂ ਨਾਲ ਸੰਪਰਕ ਰਖਣਾ ਜ਼ਰੂਰੀ ਸੀ। ਪੰਜਾਬੀ ਪੜ੍ਹਾਉਣ ਲਈ ਸ਼ਰਦਾ ਰਾਮ ਫਿਲੌਰੀ ਦੀ ਪੁਸਤਕ, "ਪੰਜਾਬੀ ਬਾਤ ਚੀਤ" ਵਰਤਦਾ ਸੀ। ਯਾਦ ਰਹੇ ਕਿ ਸ਼ਰਦਾ ਰਾਮ ਫਿਲੌਰੀ, ਫਿਲੌਰ (ਜਲੰਧਰ) ਵਿਚ ਜੰਮਿਆ ਸੀ ਅਤੇ ਆਧੁਨਿਕ ਪੰਜਾਬੀ ਵਾਰਤਕ ਦਾ ਪਿਤਾਮਾ ਮੰਨਿਆਂ ਜਾਂਦਾ ਹੈ।

**ਅੰਦੋਲਨ: ਪਗੜੀ ਸੰਭਾਲ ਜੱਟਾ**

ਸੰਨ 1861 ਵਿਚ ਪੱਛਮੀ ਪੰਜਾਬ ਦਾ ਇਲਾਕਾ, ਜਿਸ ਨੂੰ ਬਾਰ' ਕਹਿੰਦੇ ਸਨ, ਬੇਆਬਾਦ ਪਿਆ ਸੀ। ਲੋਕ ਆਜੜੀ ਸਨ ਅਤੇ ਪਸ਼ੂ ਪਾਲ ਕੇ ਗੁਜ਼ਾਰਾ ਕਰਦੇ ਸਨ। ਅੰਗਰੇਜ਼ਾਂ ਨੇ ਆਪਣੇ ਹਿੱਤ ਲਈ ਇਸ ਇਲਾਕੇ ਨੂੰ ਆਬਾਦ ਕਰਨਾ ਚਾਹਿਆ। ਬਕੌਲ ਬਾਬਾ ਭਗਤ ਸਿੰਘ ਬਿਲਗਾ, "ਇਕ ਅੰਗਰੇਜ਼ ਮਾਹਰ ਨੇ ਸਰਸਰੀ ਤੌਰ ਤੇ ਇਕ ਸਿੱਧੇ-ਸਾਦੇ ਜੱਟ ਤੋਂ ਪੁੱਛਿਆ ਕਿ, ਕੀ ਇਹ ਜ਼ਮੀਨ ਆਬਾਦ ਹੋ ਸਕਦੀ ਹੈ ? ਉਸ ਨੇ ਜੁਆਬ ਦਿੱਤਾ, ਦੇਖੋ ਇਥੇ ਮੱਖੀਆਂ ਨਹੀਂ ਹਨ, ਗੁੜ ਲਿਆ ਕੇ ਰੱਖ ਦਿਓ, ਮੱਖੀਆਂ ਖੁਦ-ਬ-ਖੁਦ ਆ ਜਾਣਗੀਆਂ'। ਜ਼ਮੀਨ ਹੈ, ਪਾਣੀ ਦਿਓ, ਕਿਸਾਨ ਖੁਦ-ਬਖੁਦ ਆ ਜਾਣਗੇ।" ਦੁਆਬੇ ਵਿਚ ਜ਼ਮੀਨਾਂ ਥੋੜ੍ਹੀਆਂ ਸਨ, ਏਥੋਂ ਪਿੰਡਾਂ ਦੇ ਪਿੰਡ ਬਾਰ ਵਿਚ ਜਾ ਵਸੇ। ਬੰਗਾ ਪਿੰਡ (ਜਲੰਧਰ), ਜਿੱਥੇ ਅਜੀਤ ਸਿੰਘ ਦਾ ਪਰਿਵਾਰ ਰਹਿੰਦਾ ਸੀ, ਦੇ ਕਿਸਾਨ ਵੀ ਬਾਰ ਵਿਚ ਜਾ ਵਸੇ। ਉਨ੍ਹਾਂ ਨੇ ਚੱਕ ਨੰ:105-ਬੰਗਾ ਨਾਮੀਂ ਪਿੰਡ ਵਸਾ ਲਿਆ ਜੋ ਤਹਿਸੀਲ ਜੜ੍ਹਾਂਵਾਲਾ (ਜ਼ਿਲਾ,ਲਾਇਲਪੁਰ) ਵਿਚ ਸੀ। ਉਨ੍ਹਾਂ ਨੇ ਮਿਹਨਤ ਮਸ਼ੱਕਤ ਕਰਕੇ ਜ਼ਮੀਨ ਉਪਜਾਊ ਬਣਾ ਲਈ। ਜਦ ਕਾਸ਼ਤਕਾਰੀ ਚੋਂ ਮਨਾਫਾ ਹੋਣ ਲੱਗ ਪਿਆ ਤਾਂ ਬ੍ਰਿਟਿਸ਼ ਸਰਕਾਰ ਨੇ ਕਿਸਾਨਾਂ ਨੂੰ ਜ਼ਮੀਨ ਤੋਂ ਬੇਦਖਲ ਕਰਨ ਦੀ ਚਾਲ ਚੱਲੀ, ਮਾਲੀਆ/ਮਾਮਲਾ ਵਧਾ ਦਿੱਤਾ। ਸੰਨ 1891 ਵਿਚ ਕਾਸ਼ਤਕਾਰੀ ਦੇ ਕਾਬਿਲ ਬਣ ਚੁਕੀ ਜ਼ਮੀਨ ਦਾ ਮਾਮਲਾ 15 ਲੱਖ ਪੌਂਡ ਸੀ, ਸੰਨ 1905 ਵਿਚ ਉਹ 25 ਲੱਖ ਪਾਉਂਡ ਤੋਂ ਵੀ ਵੱਧ ਹੋ ਗਿਆ। ਸਰਕਾਰ ਨੂੰ ਫਿਰ ਵੀ ਸਬਰ ਨਾ ਅਇਆ ਤਾਂ ਕੋਲੋਨਾਈਜ਼ੇਸ਼ਨ ਬਿੱਲ (Colonisation Bill) ਪਾਸ ਕਰ ਦਿੱਤਾ ਜਿਸ ਤਹਿਤ ਕਿਸਾਨਾਂ ਤੋਂ ਮਾਲਿਕੀ ਖੋਹ ਕੇ ਮੁਜਾਰੇ ਬਣਾਇਆ ਜਾਣ ਲੱਗਾ। ਕਿਸਾਨ ਤੋਂ ਜ਼ਮੀਨ ਨੂੰ ਵਸੀਅਤ ਕਰਨ ਜਾਂ ਵੇਚਣ ਦਾ ਹੱਕ ਵੀ ਖੋਹ ਲਿਆ ਗਿਆ। ਇਸ ਬਿੱਲ ਦੇ ਖਿਲਾਫ ਆਵਾਜ਼ ਬੁਲੰਦ ਹੋਈ ਜਿਸ ਦੀ ਵਾਗਡੋਰ "ਭਾਰਤ ਮਾਤਾ ਸੋਸਾਇਟੀ, ਲਾਹੌਰ" ਨੇ ਆਪਣੇ ਹੱਥਾਂ ਵਿਚ ਲੈ ਲਈ। ਅੰਦੋਲਨ ਸ਼ੁਰੂ ਹੋ ਗਿਆ ਜਿਸ ਵਿਚ ਅਜੀਤ ਸਿੰਘ ਦੇ ਪਰਿਵਾਰ ਨੇ ਵੱਧ ਚੜ੍ਹ ਕੇ ਹਿੱਸਾ ਲਿਆ। ਸਰਦਾਰ ਅਜੀਤ ਸਿੰਘ ਬਗਾਵਤ ਕਰਨ ਵਾਲਿਆਂ ਦ ਮੋਹਰੀ ਸੀ।

ਉਨ੍ਹਾਂ ਦਿਨਾਂ ਵਿਚ ਲਾਲਾ ਲਾਜਪਤ ਰਾਏ, ਜੋ ਵਕੀਲ ਸਨ, ਬਹੁਤ ਵੱਡੇ ਬੁਲਾਰੇ ਗਿਣੇ ਜਾਂਦੇ ਸਨ। ਉਨ੍ਹਾਂ ਨੂੰ ਪ੍ਰੇਰਿਤ ਕਰਕੇ ਜਲਸਿਆਂ ਵਿਚ ਭਾਸ਼ਣ ਦੇਣ ਲਈ ਲਿਆਉਣ ਦੀ ਡਿਉਟੀ, ਅਜੀਤ ਸਿੰਘ ਦੇ ਸਿਰ ਸੀ। ਇਕ ਜਲਸਾ ਮਾਰਚ 3, 1907 ਵਿਚ ਲਾਇਲਪੁਰ ਵਿਖੇ ਹੋਇਆ ਜਿਸ ਵਿਚ ਲਾਲਾ ਜੀ ਨੇ ਭਖਵਾਂ ਭਾਸ਼ਣ ਦਿੱਤਾ। ਉਹ ਖੁਦ ਬਗਾਵਤ ਦੇ ਖਿਲਾਫ ਸਨ, ਪਰ ਅਜੀਤ ਸਿੰਘ ਧੜੱਲੇਦਾਰ ਬਗਾਵਤੀ ਰੌਂਅ ਵਿਚ ਬੋਲਿਆ। ਬੰਕੇ ਦਿਆਲ ਨੇ ਇਕ ਨਜ਼ਮ, ਪਗੜੀ ਸੰਭਾਲ ਜੱਟਾ ਪੜ੍ਹੀ ।ਉਸ ਵੇਲੇ ਉਹ "ਝੰਗ ਸਿਆਲ" ਨਾਮੀਂ ਪਰਚਾ ਕਢਦਾ ਸੀ, ਜਿਸ ਵਿਚ ਇਹ ਨਜ਼ਮ ਪਹਿਲੀ ਵਾਰ ਛਪੀ।

## ਪਗੜੀ ਸੰਭਾਲ ਜੱਟਾ

ਪਗੜੀ ਸੰਭਾਲ ਓ ਜੱਟਾ, ਪਗੜੀ ਸੰਭਾਲ ਓਏ
ਹਿੰਦ ਹੈ ਤੇਰਾ ਮੰਦਰ, ਇਸ ਦਾ ਪੁਜਾਰੀ ਤੂੰ
ਝੱਲੇਂਗਾ ਕਦੋਂ ਤੀਕਣ ਆਪਣੀ ਖੁਆਰੀ ਤੂੰ
ਲੜਨੇ ਤੇ ਮਰਨੇ ਦੀ ਹੁਣ ਕਰ ਲੈ ਤਿਆਰੀ ਤੂੰ
ਮਰਨੇ ਤੋਂ ਜੀਣਾ ਭੈੜਾ, ਹੋ ਕੇ ਬੇਹਾਲ ਓਏ।
ਪਗੜੀ ਸੰਭਾਲ....

ਮੰਨਦੀ ਨਾ ਗੱਲ ਅਸਾਡੀ, ਭੈੜੀ ਸਰਕਾਰ ਓਏ
ਅਸੀਂ ਕਿਉਂ ਦੇਂਦੇ ਵੀਰੋ, ਕਾਰੋਂ ਬੇਕਾਰ ਓਏ
ਤੁਸੀਂ ਕਿਉਂ ਦਬਦੇ ਵੀਰੋ, ਉਠਦੀ ਪੁਕਾਰ ਓਏ
ਹੋ ਕੇ ਇਕੱਠੇ ਸਾਰੇ, ਮਾਰੋ ਲਲਕਾਰ ਓਏ
ਤਾੜੀ ਦੋ ਹੱਥੀਂ ਵੱਜੇ, ਛਾਤੀ ਨੂੰ ਤਾਣ ਓਏ।
ਪਗੜੀ ਸੰਭਾਲ ...

ਫਸਲਾਂ ਨੂੰ ਖਾ ਗਏ ਕੀੜੇ, ਤਨ 'ਤੇ ਨਹੀਂ ਤੇਰੇ ਲੀੜੇ
ਭੁੱਖਾਂ ਨੇ ਖ਼ੂਨ ਨਿਚੋੜੇ, ਰੋਂਦੇ ਨੇ ਬਾਲ ਓਏ।
ਪਗੜੀ ਸੰਭਾਲ...

ਸੀਨੇ ਤੇ ਖਾਵੇਂ ਤੀਰ, ਰਾਂਝਾ ਤੂੰ ਦੇਸ਼ ਏ ਹੀਰ
ਸੰਭਲ ਕੇ ਚੱਲ ਤੂੰ ਵੀਰ, ਰਸਤੇ ਵਿਚ ਖਾਲ ਓਏ।
ਪਗੜੀ ਸੰਭਾਲ ਜੱਟਾ ਪਗੜ ਸੰਭਾਲ ਓਏ।

ਇਹ ਕਵਿਤਾ ਹਿੰਦੋਸਤਾਨ ਦੀ ਆਜ਼ਾਦੀ ਦੇ ਅੰਦੋਲਨ ਦਾ ਨਾਅਰਾ ਬਣ ਗਈ। ਲੋਕਾਂ ਵਿਚ ਐਨਾ ਜੋਸ਼ ਭਰ ਗਿਆ ਕਿ ਥਾਂ-ਥਾਂ ਤੇ ਦੰਗੇ ਸ਼ੁਰੂ ਹੋ ਗਏ। ਮਾਲੋ-ਜਾਨ ਦਾ ਨੁਕਸਾਨ ਹੋਇਆ, ਫਲਸਰੂਪ, ਬ੍ਰਿਟਿਸ਼ ਸਰਕਾਰ ਨੂੰ ਭੂਮੀ-ਕਾਨੂੰਨ ਵਾਪਸ ਲੈਣੇ ਪਏ। ਸਰਕਾਰ ਨੇ ਇਹ ਨਜ਼ਮ ਅਜੀਤ ਸਿੰਘ ਵਲੋਂ ਲਿਖੀ ਸਮਝ ਕੇ ਉਸ ਦੇ ਪਰਿਵਾਰ ਦੇ ਮੈਂਬਰਾਂ ਦੀ ਫੜੋਫੜਾਈ ਸ਼ੁਰੂ ਕਰ ਦਿੱਤੀ । ਅਜੀਤ ਸਿੰਘ ਦੇ ਵੱਡੇ ਭਰਾ ਕਿਸ਼ਨ ਸਿੰਘ (ਪਿਤਾ ਸ਼ਹੀਦ ਭਗਤ ਸਿੰਘ) ਅਤੇ ਛੋਟੇ ਭਰਾ ਸਵਰਨ ਸਿੰਘ ਨੂੰ ਹਿਰਾਸਤ ਵਿਚ ਲੈ ਲਿਆ। ਲਾਲਾ ਲਾਜਪਤ ਰਾਏ ਅਤੇ ਅਜੀਤ ਸਿੰਘ ਨੂੰ ਗ੍ਰਿਫ਼ਤਾਰ ਕਰ ਕੇ ਮਾਂਡਲੇ ਦੀ ਜੇਲ੍ਹ ਵਿਚ ਕੈਦ ਕਰ ਦਿੱਤਾ। ਲੋਕ ਰੋਹ ਵਿਚ ਆ ਗਏ ਤੇ ਦੰਗੇ ਹੋਰ ਵੱਧ ਗਏ, ਫਲਸਰੂਪ ਅੰਗਰੇਜਾਂ ਨੂੰ ਅਜੀਤ ਸਿੰਘ ਅਤੇ ਲਾਲਾ ਲਾਜਪਤ ਰਾਏ ਨੂੰ ਰਿਹਾਅ ਕਰਨਾ ਪਿਆ।

**ਜਲਾਵਤਨੀ**

ਸੰਨ 1907 ਵਿਚ ਸਾਰਦਾਰ ਅਜੀਤ ਸਿੰਘ ਦੀ ਜਲਵਤਨੀ ਸ਼ੁਰੂ ਹੋਈ ਤੇ ਉਸੇ ਸਾਲ ਭਗਤ ਸਿੰਘ ਦਾ ਜਨਮ ਹੋਇਆ। ਜਲਾਵਤਨੀ ਦੌਰਾਨ ਉਹ ਦੁਨੀਆਂ ਦੇ ਅਨੇਕ ਮੁਲਕਾਂ ਵਿਚ

ਗਿਆ। ਵੱਡੇ ਵੱਡੇ ਕ੍ਰਾਂਤੀਕਾਰੀਆਂ ਨੂੰ ਮਿਲਿਆਂ ਤੇ ਕਈ ਕ੍ਰਾਂਤੀਕਾਰੀ ਸੰਸਥਾਵਾਂ ਕਾਇਮ ਕੀਤੀਆਂ। ਉਸ ਦੀਆਂ ਵਿਦੇਸ਼ੀ ਸਰਗਰਮੀਆਂ ਦਾ ਸੰਖੇਪ ਜਿਹਾ ਵੇਰਵਾ ਹੇਠ ਦਿੱਤਾ ਜਾਂਦਾ ਹੈ।

ਅਜੀਤ ਸਿੰਘ ਮਾਂਡਲੇ ਤੋਂ ਈਰਾਨ ਗਿਆ ਤੇ ਓਥੇ ਦੇ ਕ੍ਰਾਂਤੀਕਾਰੀ, ਸਯਦ ਜ਼ਿਆਉਦੀਨ, ਨੂੰ ਮਿਲਿਆ ਜੋ ਬਾਅਦ ਵਿਚ ਈਰਾਨ ਦਾ ਪ੍ਰਧਾਨ ਮੰਤਰੀ ਬਣਿਆ। ਅਜੀਤ ਸਿੰਘ ਨਾਲ ਉਸ ਦੀ ਚੰਗੀ ਦੋਸਤੀ ਹੋ ਗਈ। ਮਗਰੋਂ ਉਸ ਨੇ ਯੂਰਪ ਦੇ ਕਈ ਮੁਲਕਾਂ ਦਾ ਭਰਮਣ ਕੀਤਾ।

**ਸਵਿਟਜ਼ਰਲੈਂਡ:** ਉਸ ਵੇਲੇ ਸਵਿਟਜ਼ਰਲੈਂਡ ਦਾ ਪ੍ਰਧਾਨ ਮੰਤਰੀ ਗਿਊਸੈਪੇ ਮੋਟਾ ਸੀ ਜੋ ਕ੍ਰਾਂਤੀਕਾਰੀਆਂ ਦੀ ਮਦਦ ਕਰਦਾ ਸੀ ਜਿਨ੍ਹਾਂ ਦੇਸ਼ਾਂ ਵਿਚ ਆਜ਼ਾਦੀ ਦੀ ਜੰਗ ਲੜੀ ਜਾ ਰਹੀ ਸੀ ਉਨ੍ਹਾਂ ਦੇ ਬਹੁਤੇ ਕ੍ਰਾਂਤੀਕਤਰੀ ਏਥੇ ਪਨਾਹ ਲੈਂਦੇ ਸਨ। ਅਜੀਤ ਸਿੰਘ ਸਵਿਟਜ਼ਰਲੈਂਡ ਪਹੁੰਚ ਗਿਆ ਅਤੇ ਕਈ ਦੇਸ਼ਾਂ ਦੇ ਕ੍ਰਾਂਤੀਕਾਰੀਆਂ ਨੂੰ ਮਿਲਿਆ ਜਿਵੇਂ:

1.ਸਦਾਰੇ ਆਸਦ (ਈਰਾਨ ਦਾ ਗ੍ਰਹਿਮੰਤਰੀ)।

2. ਗੁਪਾਲ ਕ੍ਰਿਸ਼ਨ ਗੋਖਲੇ (ਜਿਸ ਨੇ ਅਜੀਤ ਸਿੰਘ ਨੂੰ ਹਿੰਦੋਸਤਾਨ ਮੁੜਨ ਲਈ ਕਿਹਾ, ਪਰ ਉਹ ਆਜ਼ਾਦ ਭਾਰਤ ਵਿਚ ਮੁੜਨਾ ਚਾਹੁੰਦਾ ਸੀ)।

3. ਬਲਾਦੀਮੀਅਰ ਲੈਨਿਨ ਜੋ ਰੂਸੀ ਇਨਕਲਾਬੀਆਂ ਨੂੰ ਸੰਗਠਣ ਕਰਨ ਲਈ ਆਇਆ ਸੀ। ਬਾਅਦ ਵਿਚ ਰੂਸ (USSR) ਦਾ ਪਹਿਲਾ ਪ੍ਰਧਾਨ ਬਣਿਆ।

4. ਲੀਓਨ ਟਰਾਟਸਕੀ ਜੋ ਰੂਸ ਦਾ ਮਹਾਨ ਮਾਰਕਸਵਾਦੀ ਇਨਕਲਾਬੀ ਸੀ ਅਤੇ ਲੈਨਿਨ ਦਾ ਡਟ ਕੇ ਦਮ ਭਰਦਾ ਸੀ।

5. ਬੇਨੀਟੋ ਮਸੋਲਿਨੀ ਨੂੰ ਇਕ ਲਾਇਬਰੇਰੀ ਵਿਚ ਮਿਲਿਆ। ਉਸ ਨੂੰ ਪੜ੍ਹਨ ਦਾ ਬੜਾ ਸ਼ੌਕ ਸੀ। ਬਾਅਦ ਵਿਚ ਉਹ ਇਟਲੀ ਦਾ ਪ੍ਰਧਾਨ ਮੰਤਰੀ ਬਣਿਆ ਅਤੇ ਫਾਸਿਸਟ ਵਿਚਾਰਧਾਰਾ (Fascism) ਦੀ ਸਰਕਾਰ ਕਾਇਮ ਕੀਤੀ।

6. ਲਾਲਾ ਹਰਦਿਆਲ ਜੋ ਅਮਰੀਕਾ ਵਿਚ ਗ਼ਦਰ ਲਹਿਰ ਦੀ ਨੀਂਹ ਰੱਖ ਕੇ ਆਇਆ ਸੀ ।ਅੰਗਰੇਜ਼ ਸਰਕਾਰ ਚਾਹੁੰਦੀ ਸੀ ਕਿ ਅਮਰੀਕਨ ਗੌਰਮਿੰਟ ਹਰਦਿਆਲ ਨੂੰ ਫੜ ਕੇ ਉਨ੍ਹਾਂ ਦੇ ਹਵਾਲੇ ਕਰ ਦੇਵੇ। ਇਸ ਤੋਂ ਬਚਣ ਲਈ ਉਹ ਸਵਿਟਜ਼ਰਲੈਂਡ ਆ ਗਿਆ ਸੀ।

**ਜਰਮਨੀ ਵਿਚ ਹਿਟਲਰ ਨਾਲ ਮੁਲਾਕਾਤ:** ਦੂਜੀ ਜੰਗ ਸ਼ੁਰੂ ਹੋਣ ਤੋਂ ਪਹਿਲਾਂ ਸਰਦਾਰ ਅਜੀਤ ਸਿੰਘ ਜਰਮਨੀ ਪਹੁੰਚ ਗਏ। ਉੱਥੇ ਪਹਿਲਾਂ ਹੀ ਹਿੰਦੋਸਤਾਨ ਦੀ ਆਜ਼ਾਦੀ ਲਈ ਬਰਲਨ ਕਮੇਟੀ ਬਣਾਈ ਹੋਈ ਸੀ ਜਿਸ ਵਿਚ ਉਹ ਸ਼ਾਮਲ ਹੋ ਗਿਆ। ਉਸ ਕਮੇਟੀ ਵਿਚ ਲਾਲਾ ਹਰਦਿਆਲ, ਬਰਕਤਉੱਲ੍ਹਾ, ਮੈਡਮ ਕਾਮਾ, ਚਟੋਪਾਧਿਆਏ ਜਿਹੇ ਇਨਕਲਾਬੀ ਸ਼ਾਮਿਲ ਸਨ। ਉਸ ਵੇਲੇ ਹਿੰਦੋਸਤਾਨੀ ਫੌਜੀ ਦੇ ਭਗੌੜੇ ਜਰਮਨ ਦੇ ਕੰਨਸਟਰੇਸ਼ਨ ਕੈਂਪ ਵਿਚ ਸਨ। ਉਨ੍ਹਾਂ ਨੇ ਇੰਡੀਅਨ ਨੈਸ਼ਨਲ ਆਰਮੀ (INA) ਬਣਾਈ ਜਿਸ ਦੇ ਮੋਹਰੀ ਸੁਭਾਸ਼ ਚੰਦਰ ਬੋਸ ਸਨ। ਅਜੀਤ ਸਿੰਘ ਬੋਸ ਹੋਰਾਂ ਨੂੰ ਬਰਲਿਨ ਵਿਚ ਮਿਲਿਆ। ਉਨ੍ਹਾਂ ਦਿਨਾਂ ਵਿਚ ਬੜਾ ਪ੍ਰਾਪੇਗੰਡਾ ਸੀ ਕਿ ਜਰਮਨੀ ਹਿੰਦੋਸਤਾਨ ਨੂੰ ਆਜ਼ਾਦ ਕਰਾਉਣ ਵਿਚ ਮਦਦ ਕਰੇਗਾ। ਅਜੀਤ ਸਿੰਘ ਨੇ ਹਿਟਲਰ ਤੇ ਉਸ ਦੇ ਸਾਥੀਆਂ ਨੂੰ ਮਿਲ ਕੇ ਕਿਹਾ ਕਿ ਜੰਗ ਵੇਲੇ ਭਾਰਤੀ ਫੌਜੀਆਂ ਨੂੰ ਲੜਨ ਖਾਤਰ ਕੇਵਲ ਹਿੰਦੋਸਤਾਨ ਦੀ ਹੱਦ ਉਤੇ ਹੀ ਭੇਜਿਆ ਜਾਵੇ। ਹਿਟਲਰ ਨੇ ਇਨਕਾਰ ਕਰ ਦਿੱਤਾ ਤੇ ਰੋਹ ਵਿਚ ਅਜੀਤ ਸਿੰਘ ਨੇ ਹਿਟਲਰ ਨੂੰ ਕਿਹਾ ਕਿ, ਆਪਣੀ ਕਿਤਾਬ, "ਮਾਈਨ ਕੈਂਪ", ਚੋ ਉਹ ਫਿਕਰਾ ਕੱਢ ਦੇ ਜਿਸ ਵਿਚ ਹਿੰਦੋਸਤਾਨੀਆਂ ਨੂੰ ਘਟੀਆ ਦਰਜੇ ਦੇ ਇਨਸਾਨ ਤੇ ਚਿੱਟੀਆਂ ਕੌਮਾਂ ਦੇ ਗੁਲਾਮ ਕਿਹਾ ਗਿਆ ਹੈ।' ਹਿਟਲਰ ਨੇ ਅਜਿਹਾ ਕਰਨ ਤੋਂ ਵੀ ਨਾਂਹ ਕਰ ਦਿੱਤੀ। ਇਸ ਗੱਲ ਤੇ ਝਗੜਾ ਹੋ ਗਿਆ ਤੇ ਅਜੀਤ ਸਿੰਘ ਜਰਮਨੀ ਛੱਡ ਕੇ ਇਟਲੀ ਚਲਾ ਗਿਆ। ਉਸ ਵੇਲੇ ਇਟਲੀ ਦਾ ਪ੍ਰਧਾਨ ਮੰਤਰੀ ਮਸੋਲੀਨੀ ਸੀ, ਜਿਸ ਨੂੰ ਉਹ ਪਹਿਲਾਂ ਮਿਲ ਚੁਕਿਆ ਸੀ। ਮਸੋਲੀਨੀ ਨੇ ਅਜੀਤ ਸਿੰਘ ਨੂੰ ਰੋਮ ਤੋਂ ਰੇਡੀਓ ਰਾਹੀਂ ਅੰਗਰੇਜ਼ੀ ਸਰਕਾਰ ਵਿਰੁਧ ਭੰਡੀ ਪ੍ਰਚਾਰ ਕਰਨ ਦੀ ਇਜਾਜ਼ਤ ਦੇ ਦਿੱਤੀ। ਦੂਜੀ ਸੰਸਾਰ ਜੰਗ ਸ਼ੁਰੂ ਹੋ ਗਈ ਤੇ ਇਟਲ ਨੇ ਜਰਮਨੀ ਦਾ ਸਾਥ ਦਿੱਤਾ ਅਤੇ ਰੂਸ ਤੇ ਹਮਲਾ ਕਰ ਦਿੱਤਾ। ਰੂਸ ਨੂੰ ਹਿੰਦੋਸਤਾਨ ਦਾ ਹਮਾਇਤੀ ਸਮਝਿਆ ਜਾਂਦਾ ਸੀ। ਅਜੀਤ ਸਿੰਘ ਨੇ ਮਸੋਲੀਨੀ ਨੂੰ ਕਿਹਾ ਕਿ ਇੰਡੀਅਨ ਨੈਸ਼ਨਲ ਆਰਮੀ ਨੂੰ ਰੂਸ ਦੀ ਸਰਹੱਦ ਤੇ ਨਾ ਭੇਜਿਆ ਜਾਵੇ। ਉਸ ਨੇ ਅਜੀਤ ਸਿੰਘ ਦੀ ਇਹ ਗੱਲ ਮੰਨੀ ਜਾਂ ਨਹੀਂ ਇਸ ਬਾਰੇ ਕੋਈ ਉੱਘ-ਸੁੱਘ ਨਹੀਂ ਮਿਲਦੀ। ਮਸੋਲੀਨੀ ਹਾਰ ਗਿਆ ਤੇ ਅਗਲੇ ਹੁਕਮਰਾਨ ਨੇ ਅਜੀਤ ਸਿੰਘ ਨੂੰ ਕਿਹਾ ਕਿ, ਉਹ ਰੇਡੀਉ ਤੋਂ ਮਸੋਲੀਨੀ ਦੇ ਖਿਲਾਫ ਭੰਡੀ ਪ੍ਰਚਾਰ ਕਰੇ। ਅਜੀਤ ਸਿੰਘ ਨੇ ਕਿਹਾ, ਮੈਂ ਉਸ ਦੇ ਵਿਰੁਧ ਨਹੀਂ, ਉਸਦੀ ਫਾਸਿਸਟ ਵਿਚਾਰਧਾਰਾ ਦੇ ਖਿਲਾਫ ਬੋਲ ਸਕਦਾ ਹਾਂ।'

**ਬਰਾਜ਼ੀਲ:** ਸਰਦਾਰ ਅਜੀਤ ਸਿੰਘ ਦੀ ਸਿਹਤ ਖਰਾਬ ਰਹਿੰਦੀ ਸੀ, ਗ਼ਦਰੀ ਬਾਬਾ ਰਤਨ ਸਿੰਘ ਦੇ ਕਹਿਣ ਤੇ ਉਹ ਬਰਾਜ਼ੀਲ ਚਲਾ ਗਿਆ ਤੇ ਜਾ ਕੇ ਕਰਾਂਤੀਕਾਰੀ ਸੰਸਥਾ ਬਣਾਈ। ਓਥੇ ਕਈ ਸਾਲ ਪੰਜਾਬੀਆਂ ਨੂੰ ਵਸਾਉਣ ਦੇ ਉਪਰਾਲੇ ਕਰਦਾ ਰਿਹਾ। ਉਨ੍ਹਾਂ ਦਿਨਾਂ ਵਿਚ ਪੰਜਾਬ ਦੇ ਪੁਲਸ ਸੁਪਰਡਿੰਟ, ਜੇ.ਪੀ. ਸਾਂਡਰਜ਼, ਦਾ ਕਤਲ (17 ਸਤੰਬਰ,1928) ਹੋ ਗਿਆ। ਇਹ ਕਤਲ ਭਗਤ ਸਿੰਘ ਵਲੋਂ ਲਾਲਾ ਲਾਜਪੱਤ ਰਾਏ ਦੀ ਮੌਤ ਦਾ ਬਦਲਾ ਲੈਣ ਲਈ ਕੀਤਾ ਗਿਆ। (ਯਾਦ ਰਹੇ, ਸਾਂਡਰਜ਼ ਦੇ ਕਤਲ ਬਾਰੇ ਲਾਹੌਰ ਪੁਲਸ ਸਟੇਸ਼ਨ ਦੀ ਰਿਪੋਰਟ ਵਿਚ ਭਗਤ ਸਿੰਘ ਦਾ ਨਾਂ ਨਹੀਂ)। ਭਗਤ ਸਿੰਘ ਨੇ ਆਪਣੇ ਚਾਚੇ ਨਾਲ ਸੰਪਰਕ ਕਰਨ ਦੀ ਬੜੀ ਕੋਸ਼ਿਸ਼ ਕੀਤੀ। ਭਗਤ ਸਿੰਘ ਦੇ ਸਕੂਲ ਵੇਲੇ ਦੇ ਇਕ ਦੋਸਤ ਦਾ ਪਿਤਾ ਗ਼ਦਰ ਪਾਰਟੀ ਦਾ ਹਿਮੈਤੀ ਸੀ। ਉਸ ਨੂੰ ਅਜੀਤ ਸਿੰਘ ਦੇ ਟਿਕਾਣੇ ਬਾਰੇ ਪਤਾ ਸੀ। ਉਸ ਨੇ ਕਿਹਾ ਕਿ ਭਗਤ ਸਿੰਘ ਆਪਣੇ ਖ਼ਤ ਸਾਨ ਫਰਾਂਸਿਸਕੋ ਦੇ ਇਕ ਗੁਪਤ ਪਤੇ ਤੇ ਭੇਜੇ, ਜਿਨ੍ਹਾਂ ਨੂੰ ਅਜੀਤ ਸਿੰਘ ਤਕ ਪਹੁੰਚਾ ਦਿੱਤਾ ਜਾਵੇਗਾ। ਇਸ ਤਰਾਂ ਅਜੀਤ ਸਿੰਘ ਨਾਲ ਭਗਤ ਸਿੰਘ ਦਾ ਖ਼ਤ ਰਾਹੀਂ ਸੰਪਰਕ ਹੋਇਆ। ਖ਼ਤਾਂ ਵਿਚ ਭਗਤ ਸਿੰਘ ਨੇ ਲਿਖਿਆ ਕਿ, ਚਾਚਾ ਅਜੀਤ ਸਿੰਘ ਵਾਪਸ ਆ ਕੇ ਆਜ਼ਾਦੀ ਦੀ ਜੰਗ ਯਾਰੀ ਰੱਖੇ। ਜਦ ਭਗਤ ਸਿੰਘ ਨੂੰ ਫਾਂਸੀ ਦਿੱਤੀ ਗਈ ਤਾਂ ਅਜੀਤ ਸਿੰਘ ਤੇ ਇਸ ਦਾ ਗਹਿਰਾ ਅਸਰ ਹੋਇਆ। ਉਸ ਦਾ ਹੰਦੋਸਤਾਨ ਨੂੰ ਆਜ਼ਾਦ ਕਰਾਉਣ ਦਾ ਇਰਾਦਾ ਹੋਰ ਵੀ ਦ੍ਰਿੜ ਹੋ ਗਿਆ।

**ਅਰਜਨਟੀਨਾ:** ਸਿਹਤ ਖਰਾਬ ਰਹਿਣ ਕਰਕੇ ਡਾਕਟਰਾਂ ਨੇ ਕਿਹਾ ਕਿ, ਅਜੀਤ ਸਿੰਘ ਨੂੰ ਕਿਸੇ ਠੰਡੀ ਥਾਂ ਤੇ ਭੇਜਿਆ ਜਾਵੇ। ਬਾਬਾ ਰਤਨ ਸਿੰਘ ਦੀ ਕੋਸ਼ਿਸ਼ ਨਾਲ ਉਹ ਅਰਜਨਟੀਨਾ ਪਹੁੰਚ ਗਿਆ। ਰਤਨ ਸਿੰਘ ਓਥੇ ਦੀ ਗ਼ਦਰ ਪਾਰਟੀ ਦਾ ਜਨਰਲ ਸੈਕਟਰੀ ਸੀ। ਦੂਜੀ ਸੰਸਾਰ ਜੰਗ ਖਤਮ ਹੋ ਗਈ ਤੇ ਜਰਮਨ ਹਾਰ ਗਿਆ। ਅਜੀਤ ਸਿੰਘ ਮੁੜ ਕੇ ਜਰਮਨ ਚਲਾ ਗਿਆ। ਬ੍ਰਿਟਿਸ਼ ਸਰਕਾਰ ਨੇ ਉਥੋਂ ਗ੍ਰਿਫਤਾਰ ਕਰਕੇ ਇੰਗਲੈਂਡ ਭੇਜ ਦਿੱਤਾ ।

**ਹਿੰਦੋਸਤਾਨ ਵਾਪਸੀ:**

ਹਿੰਦਸਤਾਨ ਆਜ਼ਾਦ ਹੋ ਗਿਆ, 1946 ਵਿਚ ਰਾਜਭਾਗ ਭਾਰਤੀਆਂ ਦੇ ਹਵਾਲੇ ਕੀਤਾ ਜਾਣਾ ਸੀ। ਅਜੀਤ ਸਿੰਘ ਨੂੰ ਜਰਮਨੀ ਦੀ ਜੇਲ੍ਹ ਤੋਂ ਲੰਡਨ ਲਿਆਂਦਾ ਗਿਆ ਤਾਂਕਿ ਉਸ ਨੂੰ ਹਿੰਦੋਸਤਾਨ ਭੇਜਿਆ ਜਾ ਸਕੇ। ਅਜੀਤ ਸਿੰਘ ਲਈ ਲੰਡਨ ਵਿਚ ਇੰਡੀਅਨ ਵਰਕਰਜ਼ ਐਸੋਸੀਏਸ਼ਨ ਨੇ ਗੁਰਦੁਆਰੇ ਵਿਚ ਸਵਾਗਤੀ ਮੀਟਿੰਗ ਰੱਖੀ। ਇੰਡੀਅਨ ਕੌਂਸਲ ਜਨਰਲ ਨੇ ਕਿਹਾ ਕਿ ਗੁਰਦੁਆਰੇ ਵਿਚ ਮੀਟਿੰਗ ਨਹੀਂ ਹੋ ਸਕਦੀ ਕਿਉਂਕਿ ਦੇਸ਼ ਭਗਤਾਂ ਵਿਚ ਮੁਸਲਮਾਨ ਅਤੇ ਹਿੰਦੂ ਵੀ ਹਨ। ਉਹ ਖੁਦ ਇਕ ਮੁਸਲਮਾਨ ਸੀ। ਅਜੀਤ ਸਿੰਘ ਅਤੇ ਗੁਰਦੁਆਰੇ ਵਾਲਿਆਂ ਨੂੰ ਕੋਈ ਇਤਰਾਜ਼ ਨਹੀਂ ਸੀ। ਕੌਂਸਲ ਜਨਰਲ ਨੇ ਬਹਾਨਾ ਲਾਇਆ, ਪੰਡਤ ਨਹਿਰੂ ਨਹੀਂ ਚਾਹੁੰਦੇ ਕਿ ਅਜੀਤ ਸਿੰਘ ਕੋਈ ਭਾਸ਼ਨ ਦੇਵੇ। ਪਤਾ ਲੱਗਿਆ ਕਿ ਪਰ ਪੰਡਤ ਜੀ ਵਲੋਂ ਅਜਿਹਾ ਕੋਈ ਸੰਦੇਸ਼ ਨਹੀਂ ਸੀ ਮਿਲਿਆ। ਅਜੀਤ ਸਿੰਘ ਨੇ ਗੁਰਦੁਆਰੇ ਵਿਚ ਭਾਸ਼ਨ ਦਿੱਤਾ। 7 ਅਗਸਤ,1947 ਨੂੰ ਹਵਾਈ ਜਹਾਜ਼ ਰਾਹੀਂ ਉਹ ਕਰਾਚੀ ਅਪੜ ਗਏ ਜਿੱਥੇ, ਹਿੰਦੋਸਤਾਨ ਦੀਆਂ ਸਾਰੀਆਂ ਪਾਰਟੀਆਂ ਨੇ ਭਰਵਾਂ ਸਵਾਗਤ ਕੀਤਾ। ਪੰਡਤ ਨਹਿਰੂ ਨੇ ਉਨ੍ਹਾਂ ਦੇ ਰਹਿਣ ਦਾ ਖਾਸ ਇੰਤਜ਼ਾਮ ਕੀਤਾ ਅਤੇ ਛੇਤੀਂ ਦਿੱਲੀ ਆ ਕੇ ਮਿਲਣ ਲਈ ਕਿਹਾ।

**ਧਰਮ ਪਤਨੀ ਨਾਲ 38 ਸਾਲਾਂ ਬਾਅਦ ਮੁਲਾਕਾਤ**

ਅਜੀਤ ਸਿੰਘ ਸੰਨ 1903 ਵਿਚ ਬਾਬਾ ਧਨਪਤ ਰਾਏ ਪਾਸ ਕੋਈ ਸਲਾਹ ਲੈਣ ਕਸੂਰ ਗਿਆ ਸੀ। ਬਾਬਾ ਜੀ ਸੂਫੀਵਾਦ ਵਿਚ ਯਕੀਨ ਰਖਦੇ ਸਨ। ਉਨ੍ਹਾਂ ਨੇ ਇਕ ਬੇਟੀ ਜਿਸ ਦਾ ਨਾਂ ਨਾਮੋ ਸੀ, ਗੋਦ ਲਈ ਹੋਈ ਸੀ। ਜਦ ਅਜੀਤ ਸਿੰਘ ਬਾਬਾ ਜੀ ਨਾਲ ਸਲਾਹ ਮਸ਼ਵਰਾ ਕਰ ਰਿਹਾ ਸਨ ਤਾਂ ਨਾਮੋ ਬੁਲ੍ਹੇ ਸ਼ਾਹ ਦੇ ਮੇਲੇ ਤੇ ਜਾਣ ਲਈ ਇਜਾਜ਼ਤ ਲੈਣ ਆਈ। ਜਦ ਇਜਾਜ਼ਤ ਲੈ ਕੇ ਉਹ ਮੇਲੇ ਚਲੀ ਗਈ ਤਾਂ ਬਾਬਾ ਜੀ ਨੇ ਅਜੀਤ ਸਿੰਘ ਨੂੰ ਵਿਆਹ ਬਾਰੇ ਪੁੱਛਿਆ। ਅਜੀਤ ਸਿੰਘ ਨੇ ਕਿਹਾ, ਕਾਹਲੀ ਕਾਹਦੀ ਹੈ ! ਬਾਬਾ ਜੀ ਨੇ ਕਿਹਾ, ਕੁਦਰਤ ਦਾ ਅਸੂਲ ਹੈ ਕਿ ਇਨਸਾਨੀਅਤ ਦੇ ਵਿਕਾਸ ਲਈ ਮਰਦ-ਔਰਤ ਦਾ ਸਾਥ ਹੋਣਾ ਚਾਹੀਦਾ ਹੈ। ਨਾਮੋ ਤੇਰੇ ਸਾਥ ਲਈ ਯੋਗ ਹੈ। ਅਜੀਤ ਸਿੰਘ ਮੰਨ ਗਏ ਤਾਂ ਉਨ੍ਹਾਂ ਦਾ ਵਿਆਹ ਹੋ ਗਿਆ। ਵਿਆਹ ਤੋਂ ਬਾਅਦ ਉਹ ਸੰਨ 1907 ਵਿਚ ਜਲਾਵਤਨ ਹੋ ਗਏ। ਹੁਣ ਉਹ 38 ਸਾਲਾਂ ਬਾਅਦ ਆਪਣੀ ਧਰਮ ਪਤਨੀ ਹਰਨਾਮ ਕੌਰ ਨੂੰ ਮਿਲ ਰਹੇ ਸਨ।

ਮੰਦੇ ਭਾਗਾਂ ਨੂੰ ਪੰਜਾਬ ਦੀ ਵੰਡ ਸ਼ੁਰੂ ਹੋ ਗਈ ਜਿਸ ਦਾ ਉਨ੍ਹਾਂ ਦੀ ਸਿਹਤ ਤੇ ਹੋਰ ਵੀ ਗਹਿਰਾ ਅਸਰ ਪਿਆ। ਉਸ ਮੁਲਕ ਦੀ ਵੰਡ ਉਹ ਕਿਵੇਂ ਦੇਖ ਸਕਦੇ ਸਨ ਜਿਸ ਦੀ ਆਜ਼ਾਦੀ ਲਈ ਸਾਰਾ ਜੀਵਨ ਅਰਪਨ ਕਰ ਦਿੱਤਾ। ਦਖਲ ਦੇਣ ਦੀ ਕੋਸ਼ਿਸ਼ ਕੀਤੀ ਪਰ ਕੁਝ ਨਾ ਸੌਰਿਆ। ਸਖਤ ਬੀਮਾਰ ਪੈ ਗਏ ਤੇ ਡਾਕਟਰਾਂ ਦੇ ਕਹਿਣ ਤੇ ਡਲਹੌਜ਼ੀ ਭੇਜ ਦਿੱਤਾ ਗਿਆ।

ਮੁਲਕ ਦੀ ਵੰਡ ਦਾ ਦੁੱਖ ਉਨ੍ਹਾਂ ਨੂੰ ਗੁਣ ਵਾਂਗ ਖਾ ਰਿਹਾ ਸੀ। ਜਦ 15 ਅਗਸਤ, 1947 ਨੂੰ ਲਾਲ ਕਿਲੇ ਤੇ ਕੌਮੀ ਤਰੰਗਾ ਝੁਲਾਇਆ ਜਾ ਰਿਹਾ ਸੀ ਤਾਂ ਅਜੀਤ ਸਿੰਘ ਆਖਰੀ ਸਾਹ ਲੈ ਰਿਹਾ ਸੀ। ਸਵੇਰੇ 4:00 ਵਜੇ ਧਰਮਪਤਨੀ ਨੂੰ ਜਗਾਇਆ, ਹੱਥ ਜੋੜ ਕੇ ਕਿਹਾ, ਮੈਂ ਭਾਰਤ ਮਾਤਾ ਦੀ ਸੇਵਾ ਕਰਦਾ ਰਿਹਾ ਤੁਹਾਡੇ ਪ੍ਰਤੀ ਬਣਦਾ ਰਿਣ ਨਾ ਚੁਕਾ ਸਕਿਆ, ਮੈਨੂੰ ਮੁਆਫ ਕਰਨਾ।' ਭਗਤ ਸਿੰਘ ਦੇ ਭਾਣਜੇ ਸਰਦਾਰ ਜਗਮੋਹਨ ਸਿੰਘ ਅਨੁਸਾਰ, ਇਹ ਕਹਿੰਦੇ ਉਨ੍ਹਾਂ ਦੇ ਦੋਵੇਂ ਹਥ ਸ੍ਰੀਮਤੀ ਹਰਨਾਮ ਕੌਰ ਦੇ ਪੈਰਾਂ ਨੂੰ ਛੂਹ ਗਏ। ਉਹ ਚੌਂਕੇ ਕੇ ਪਿੱਛੇ ਹੱਟ ਗਈ ਤੇ ਤਕੀਏ ਦੀ ਢੋਅ ਠੀਕ ਕਰਦਿਆਂ ਕਿਹਾ, ਸਰਦਾਰ ਜੀ ਇਹ ਕੀ'। ਉਨ੍ਹਾਂ ਕਿਹਾ, ਜੈ ਹਿੰਦ' ਤੇ ਜੀਵਨ ਮੁਕਤ ਹੋ ਗਏ।"




**ਭਾਰਤ ਸਰਕਾਰ ਵਲੋਂ ਜਾਰੀ ਕੀਤੀ ਗਈ ਸਰਦਾਰ ਅਜੀਤ ਸਿੰਘ ਦੇ ਨਾਂ ਦੀ ਡਾਕ ਟਿਕਟ**

# ਪਾਕਿਸਤਾਨੀ ਭਾਈਚਾਰੇ ਵੱਲੋਂ ਮਨਾਏ ਗਏ ਕਾਇਦ-ਏ-ਆਜ਼ਮ ਮੁਹੰਮਦ ਅਲੀ ਜਿਨਾਹ ਦੇ ਜਨਮ ਦਿਵਸ ਸਬੰਧੀ ਸਮਾਗਮ ਵਿੱਚ ਸਿੱਖਾਂ ਨੇ ਕੀਤੀ ਸ਼ਮੂਲੀਅਤ

## ਕਾਇਦ-ਏ-ਆਜ਼ਮ ਨੇ ਹਿੰਦੂਤਵੀਆਂ ਦੀਆਂ ਘੱਟਗਿਣਤੀ ਵਿਰੋਧੀ ਨੀਤੀਆਂ ਨੂੰ ਬੇਨਕਾਬ ਕੀਤਾ : ਡਾ.ਅਮਰਜੀਤ ਸਿੰਘ

**ਬਰੁੱਕਲਿਨ/ਹੁਸਨ ਲੜੋਆ ਬੰਗਾ:** ਅਮਰੀਕਾ ਵਿਚ ਵਸਦੀ ਨੌਜਵਾਨ ਪੀੜ੍ਹੀ ਨੂੰ ਆਪਣੀਆਂ ਜੜ੍ਹਾਂ ਨਾਲ ਜੋੜ ਕੇ ਰੱਖਣ ਅਤੇ ਇਤਿਹਾਸ ਤੋਂ ਉਨ੍ਹਾਂ ਨੂੰ ਜਾਣੂ ਕਰਾਉਣ ਦੇ ਮੰਤਵ ਨਾਲ ਇੱਥੋਂ ਦੇ ਪਾਕਿਸਤਾਨੀ ਭਾਈਚਾਰੇ ਵੱਲੋਂ ਪਾਕਿਸਤਾਨ ਦੇ ਬਾਨੀ ਕਾਇਦ-ਏ-ਆਜ਼ਮ ਮੁਹੰਮਦ ਅਲੀ ਜਿਨਾਹ ਦਾ ਜਨਮ ਦਿਵਸ ਬਰੁੱਕਲਿਨ ਸਥਿਤ ਛਾਬਾ ਰੈਸਟੋਰੈਂਟ ਵਿਖੇ ਮਨਾਇਆ ਗਿਆ। ਇਸ ਸਮਾਗਮ ਵਿਚ ਸਿੱਖ ਭਾਈਚਾਰੇ ਵੱਲੋਂ ਵੀ ਵੱਡੀ ਗਿਣਤੀ ਵਿਚ ਸ਼ਮੂਲੀਅਤ ਕੀਤੀ ਗਈ। ਇਸ ਸਮਾਗਮ ਦੇ ਮੁੱਖ ਮਹਿਮਾਨ ਵਜੋਂ ਖਾਲਿਸਤਾਨ ਅਫੇਅਰਜ਼ ਸੈਂਟਰ ਦੇ ਸੰਚਾਲਕ ਡਾ. ਅਮਰਜੀਤ ਸਿੰਘ ਨੂੰ ਸੱਦਾ ਦਿੱਤਾ ਗਿਆ ਸੀ। ਇਸ ਇਤਿਹਾਸਕ ਇਕੱਠ ਵਿਚ ਪਕਿਸਤਾਨੀ ਅਤੇ ਸਿੱਖ ਭਾਈਚਾਰੇ ਵਿਚਕਾਰ ਆਪਸੀ ਸਾਂਝ ਦਾ ਬੇਮਿਸਾਲ ਨਮੂਨਾ ਦੇਖਣ ਨੂੰ ਮਿਲਿਆ। ਸਮਾਗਮ ਦੀ ਸ਼ੁਰੂਆਤ ਪਾਕਿਸਤਾਨ ਅਤੇ ਅਮਰੀਕਾ ਦੇ ਰਾਸ਼ਟਰੀ ਗਾਣ ਨਾਲ ਹੋਈ। ਪਾਕਿਸਤਾਨ ਦੀਆਂ ਪ੍ਰਮੁੱਖ ਸਿਆਸੀ ਪਾਰਟੀਆਂ-ਪਾਕਿਸਤਾਨ ਪੀਪਲਜ਼ ਪਾਰਟੀ, ਪਾਕਿਸਤਾਨ ਮੁਸਲਿਮ ਲੀਗ ਅਤੇ ਤਹਿਰੀਕ-ਏ-ਇਨਸਾਫ ਸਮੇਤ ਹੋਰ ਅੱਡ ਅੱਡ ਜਥੇਬੰਦੀਆਂ ਦੇ ਆਗੂਆਂ ਵੱਲੋਂ ਸਮਾਗਮ ਨੂੰ ਸੰਬੋਧਨ ਕੀਤਾ ਗਿਆ। ਪਹੁੰਚੇ ਆਗੂਆਂ ਵੱਲੋਂ ਕਾਇਦ-ਏ-ਆਜ਼ਮ ਨੂੰ ਸ਼ਰਧਾ ਦੇ ਫੁੱਲ ਭੇਂਟ ਕੀਤੇ ਗਏ ਅਤੇ ਉਨ੍ਹਾਂ ਦੀ ਸੋਚ ਤੇ ਪਹਿਰਾ ਦੇਣ ਦੀ ਗੱਲ ਕਹੀ ਗਈ। ਭਾਰਤ ਨੂੰ ਨਸੀਅਤ ਦਿੱਤੀ ਗਈ ਕਿ ਉਹ ਆਪਣੀਆਂ ਘੱਟਗਿਣਤੀਆਂ ਨਾਲ ਚੰਗਾ ਸਲੂਕ ਕਰਨ ਅਤੇ ਗੁਆਂਢੀ ਮੁਲਕਾਂ ਨਾਲ ਸਾਰਥਿਕ ਸਬੰਧ ਸਥਾਪਤ ਕਰਨ। ਡਾ .ਅਮਰਜੀਤ ਸਿੰਘ ਨੇ ਆਪਣੇ ਲਗਭਗ 45 ਮਿੰਟ ਦੇ ਕੁੰਜੀਵਤ ਭਾਸ਼ਣ ਵਿਚ ਸਰੋਤਿਆਂ ਨੂੰ ਕੀਲ ਕੇ ਰੱਖਿਆ। ਡਾ. ਅਮਰਜੀਤ ਸਿੰਘ ਨੇ ਕਿਹਾ ਕਿ "ਸਾਊਥ ਏਸ਼ੀਆ ਦੀ ਧਰਤੀ ਤੇ ਕਾਇਦ-ਏ-ਆਜ਼ਮ ਉਹ ਵਾਹਿਦ ਆਗੂ ਹੋਏ ਹਨ ਜਿਨ੍ਹਾਂ ਨੇ ਹਿੰਦੂਤਵੀ, ਘੱਟਗਿਣਤੀ ਵਿਰੋਧੀ ਨੀਤੀਆਂ ਨੂੰ ਨਾ ਸਿਰਫ਼ ਬੇਨਕਾਬ ਕੀਤਾ ਬਲਕਿ ਉਨ੍ਹਾਂ ਦੇ ਚੱਕਰਵਿਊ ਚੋਂ ਆਪਣੀ ਕੌਮ ਨੂੰ ਕੱਢਦਿਆਂ ਪਾਕਿਸਤਾਨ ਦੀ ਸਿਰਜਣਾ ਕੀਤੀ। ਉਨ੍ਹਾਂ ਨੇ ਸਿੱਖ ਲੀਡਰਾਂ ਨੂੰ ਵੀ ਚੇਤਾਵਨੀ ਦਿੰਦਿਆਂ ਕਿਹਾ ਸੀ ਕਿ ਸਿੱਖ ਸਿਆਸੀ ਤੌਰ ਤੇ ਅਨਾੜੀ ਹਨ। ਸਿੱਖਾਂ ਨੇ ਹਿੰਦੂਆਂ ਨੂੰ ਸਹਿ ਗੁਲਾਮ ਦੇ ਤੌਰ ਤੇ ਦੇਖਿਆ ਹੈ ਪਰ ਜਦੋਂ ਹਿੰਦੂਆਂ ਦੇ ਹੱਥ ਸਿਆਸੀ ਸ਼ਕਤੀ ਆਵੇਗੀ ਤਾਂ ਉਹ ਸਿੱਖਾਂ ਨਾਲ ਗੁਲਾਮਾਂ ਵਾਲਾ ਵਿਹਾਰ ਕਰਨਗੇ। ਡਾਕਟਰ ਸਾਹਿਬ ਨੇ ਆਪਣੀ ਤਕਰੀਰ ਵਿਚ ਮੌਜੂਦਾ ਸਿੱਖਾਂ ਦੀ ਸਥਿਤੀ ਦਾ ਜ਼ਿਕਰ ਕਰਦਿਆਂ ਕਿਹਾ "ਪਿਛਲੇ 70 ਸਾਲਾਂ ਵਿਚ ਕੋਈ ਸੂਰਜ ਐਸਾ ਨਹੀਂ ਚੜ੍ਹਿਆ ਜਦੋਂ ਸਿੱਖਾਂ ਨੂੰ ਭਾਰਤ ਵਿਚ ਗੁਲਾਮੀ ਦਾ ਅਹਿਸਾਸ ਨਾ ਹੋਇਆ ਹੋਵੇ। ਮੋਦੀ ਸਰਕਾਰ ਵੱਲੋਂ ਪਾਕਿਸਤਾਨ ਖਿਲਾਫ਼ ਸਿੱਖਾਂ ਨੂੰ ਵਰਤਨ ਦੀ ਸਾਜਿਸ਼ ਰਚੀ ਜਾ ਰਹੀ ਹੈ ਅਤੇ ਸਿੱਖਾਂ, ਮੁਸਲਮਾਨਾਂ ਨੂੰ ਆਪਸੀ ਟਕਰਾਅ ਦੇ ਰਾਹ ਤੇ ਤੋਰਿਆ ਜਾ ਰਿਹਾ ਹੈ। ਪ੍ਰਬੰਧਕਾਂ ਵੱਲੋਂ ਜਿੱਥੇ ਕਾਇਦ-ਏ-ਆਜ਼ਮ ਦੇ ਜਨਮ ਦਿਨ ਦਾ ਕੇਕ ਕੱਟਿਆ ਗਿਆ ਉੱਥੇ ਹੀ ਸਿੱਖ ਮੁਸਲਮਾਨ ਸਾਂਝ ਅਤੇ ਖਾਲਸ ਰਾਜ ਦੀ ਆਜ਼ਾਦੀ ਦੀ ਕਾਮਨਾ ਕਰਦਿਆਂ ਇਕ ਵੱਖਰਾ ਕੇਕ ਵੀ ਕੱਟਿਆ ਗਿਆ।



# ਸਾਊਦੀ ਅਰਬ 'ਚ ਬੰਦੀ ਰਹੇ 19 ਪੰਜਾਬੀ ਘਰ ਪਰਤੇ

**ਐਸ.ਏ.ਐਸ. ਨਗਰ (ਮੁਹਾਲੀ)/ਬਿਊਰੋ ਨਿਊਜ਼ :** ਸਮਾਜ ਸੇਵੀ ਸੰਸਥਾ ਹੈਲਪਿੰਗ ਹੈਪਲੈੱਸ ਦੀ ਸੰਚਾਲਕ ਅਤੇ ਜ਼ਿਲ੍ਹਾ ਯੋਜਨਾ ਕਮੇਟੀ ਦੀ ਸਾਬਕਾ ਚੇਅਰਪਰਸਨ ਬੀਬੀ ਰਾਮੂਵਾਲੀਆ ਦੀ ਪਹਿਲਕਦਮੀ ਸਦਕਾ ਸਾਊਦੀ ਅਰਬ ਵਿੱਚ ਬੰਦੀ 19 ਪੰਜਾਬੀ ਨੌਜਵਾਨ ਸਹੀ ਸਲਾਮਤ ਆਪੋ-ਆਪਣੇ ਘਰ ਪਹੁੰਚ ਗਏ ਹਨ। ਬੀਬੀ ਰਾਮੂਵਾਲੀਆ ਦੇ ਘਰ ਸਨਵਿੰਦਰ ਸਿੰਘ, ਸੰਦੀਪ ਸਿੰਘ, ਰੇਸ਼ਮ ਸਿੰਘ, ਓਮਰਾਜ, ਜਗਦੇਵ ਸਿੰਘ ਸਿੱਧੂ, ਰਣਜੀਤ ਸਿੰਘ, ਸੁਖਚੈਨ ਸਿੰਘ, ਸੁਖਮਿੰਦਰ ਸਿੰਘ, ਜਗਸੀਰ ਸਿੰਘ, ਸ਼ਿੰਦਰਪਾਲ ਸਿੰਘ, ਨਿਸ਼ਾਨ ਸਿੰਘ, ਕੇਵਲ ਸਿੰਘ, ਸੁਖਵੰਤ ਸਿੰਘ, ਗੁਰਮੀਤ ਸਿੰਘ, ਗੁਰਪਿੰਦਰ ਸਿੰਘ, ਜਸਵੀਰ ਸਿੰਘ, ਗੁਰਮੀਤ ਸਿੰਘ, ਜਸਵੰਤ ਸਿੰਘ ਅਤੇ ਹਰਦੇਵ ਸਿੰਘ ਨੇ ਦੱਸਿਆ ਕਿ ਉਹ ਰੁਜ਼ਗਾਰ ਦੀ ਭਾਲ ਵਿੱਚ ਤਿੰਨ ਸਾਲ ਪਹਿਲਾਂ ਸਾਊਦੀ ਅਰਬ ਗਏ ਸਨ। ਉੱਥੇ ਉਨ੍ਹਾਂ ਨੂੰ ਬੰਦੀ ਬਣਾ ਲਿਆ ਗਿਆ ਅਤੇ ਜਬਰੀ ਕੰਮ ਕਰਵਾਇਆ ਜਾਂਦਾ ਸੀ। ਇਸ ਬਦਲੇ ਉਨ੍ਹਾਂ ਨੂੰ ਕੋਈ ਪੈਸਾ ਨਹੀਂ ਦਿੱਤਾ ਜਾਂਦਾ ਸੀ। ਪੀੜਤ ਨੌਜਵਾਨਾਂ ਨੇ ਦੱਸਿਆ ਕਿ ਉਨ੍ਹਾਂ ਨੇ ਕਰਜ਼ਾ ਲੈ ਕੇ ਟਰੈਵਲ ਏਜੰਟ ਨੂੰ ਪੈਸੇ ਦਿੱਤੇ ਸਨ। ਵਿਦੇਸ਼ੀ ਮੁਲਕ ਵਿੱਚ ਉਨ੍ਹਾਂ ਤੋਂ ਦਿਨ-ਰਾਤ ਸਖ਼ਤ ਮਜ਼ਦੂਰੀ ਕਰਵਾਉਣ ਦੇ ਬਾਵਜੂਦ ਉਨ੍ਹਾਂ ਨੂੰ ਕੋਈ ਧੇਲਾ ਨਹੀਂ ਦਿੱਤਾ। ਕਰੀਬ 3 ਮਹੀਨੇ ਪਹਿਲਾਂ ਕਿਸੇ ਤਰੀਕੇ ਨਾਲ ਉਨ੍ਹਾਂ ਨੇ ਆਪਣੇ ਮਾਪਿਆਂ ਨਾਲ ਸੰਪਰਕ ਕਰਕੇ ਸਾਰੀ ਗੱਲ ਦੱਸੀ। ਉਨ੍ਹਾਂ ਦੇ ਮਾਪਿਆਂ ਨੇ ਬੀਬੀ ਅਮਨਜੋਤ ਕੌਰ ਰਾਮੂਵਾਲੀਆ ਨਾਲ ਮੁਲਾਕਾਤ ਕਰਕੇ ਸਮੁੱਚੇ ਘਟਨਾਕ੍ਰਮ ਤੋਂ ਜਾਣੂ ਕਰਵਾਇਆ। ਬੀਬੀ ਰਾਮੂਵਾਲੀਆ ਨੇ ਆਪਣੇ ਪਿਤਾ ਤੇ ਯੂ.ਪੀ. ਸਰਕਾਰ ਦੇ ਜੇਲ੍ਹ ਮੰਤਰੀ ਬਲਵੰਤ ਸਿੰਘ ਰਾਮੂਵਾਲੀਆ ਦੇ ਸਹਿਯੋਗ ਨਾਲ ਪੀੜਤ ਮਾਪਿਆਂ ਦੇ ਵਫ਼ਦ ਨਾਲ ਸਾਊਦੀ ਅਰਬ ਦੇ ਰਾਜਦੂਤ ਨਾਲ ਸੰਪਰਕ ਕੀਤਾ ਅਤੇ ਭਾਰਤੀ ਰਾਜਦੂਤ ਅਹਿਮਦ ਜਾਵੇਦ ਨੂੰ ਵੀ ਪੱਤਰ ਭੇਜ ਕੇ ਉਕਤ ਨੌਜਵਾਨਾਂ ਨੂੰ ਰਿਹਾਅ ਕਰਵਾਉਣ ਦੀ ਮੰਗ ਕੀਤੀ। ਬੀਬੀ ਰਾਮੂਵਾਲੀਆ ਨੇ ਦੱਸਿਆ ਕਿ ਅੰਬੈਸੀ ਦੀ ਉੱਚ ਪੱਧਰੀ ਟੀਮ ਨੇ ਬੰਦੀ ਨੌਜਵਾਨਾਂ ਨਾਲ ਮੁਲਾਕਾਤ ਕਰਕੇ ਉਨ੍ਹਾਂ ਦੀ ਸਾਰ ਲਈ। ਅਖ਼ੀਰ ਹੁਣ ਸਾਰੇ ਨੌਜਵਾਨ ਆਪਣੇ ਘਰ ਪਹੁੰਚ ਸਕੇ ਹਨ।



## ਬਲੱਡ ਮਨੀ ਵਿਚਾਰਨ ਲਈ ਓਬਰਾਏ ਨੂੰ 23 ਤੱਕ ਮੁਹਲਤ

ਪਟਿਆਲਾ : ਆਬੂਧਾਬੀ ਦੇ ਅਲ.ਐਨ. ਸ਼ਹਿਰ ਵਿਚ ਇਕ ਪਾਕਿਸਤਾਨੀ ਦੇ ਕਤਲ ਮਾਮਲੇ ਵਿਚ 10 ਪੰਜਾਬੀਆਂ ਨੂੰ ਅਦਾਲਤ ਵੱਲੋਂ ਫਾਂਸੀ ਦੀ ਸਜ਼ਾ ਸੁਣਾਏ ਜਾਣ ਦੇ ਮਾਮਲੇ ਵਿਚ ਸਜ਼ਾਯਾਫ਼ਤਾ ਪੰਜਾਬੀਆਂ ਵੱਲੋਂ ਦਾਇਰ ਅਪੀਲ ਵਿਚ ਅਦਾਲਤ ਨੇ ਮ੍ਰਿਤਕ ਦੇ ਪਰਿਵਾਰ ਨਾਲ ਸਮਝੌਤੇ ਲਈ ਸਹਿਮਤੀ ਤੇ ਬਲੱਡ ਮਨੀ ਦਾ ਮਾਮਲਾ ਵਿਚਾਰਨ ਲਈ ਪ੍ਰਵਾਸੀ ਭਾਰਤੀ ਐਸ.ਪੀ. ਸਿੰਘ ਓਬਰਾਏ ਨੂੰ ਮੁਹਲਤ ਦਿੰਦਿਆਂ ਇਸ ਕੇਸ ਦੀ ਸੁਣਵਾਈ 23 ਜਨਵਰੀ 'ਤੇ ਪਾ ਦਿੱਤੀ ਹੈ। ਸ. ਓਬਰਾਏ ਇਕ ਸਮਾਜ ਸੇਵੀ ਵਜੋਂ ਅਦਾਲਤ ਵਿਚ ਆਪਣੇ ਵਕੀਲ ਨਾਲ ਪੇਸ਼ ਹੋਏ। ਜੱਜ ਸਾਹਮਣੇ ਸ. ਓਬਰਾਏ ਨੇ ਸਪਸ਼ਟ ਕੀਤਾ ਕਿ ਉਹ ਸਿਰਫ਼ ਮਾਨਵਤਾ ਦੇ ਤੌਰ 'ਤੇ ਇਨ੍ਹਾਂ ਦੀ ਮਦਦ ਕਰ ਰਹੇ ਹਨ। ਇਨ੍ਹਾਂ ਦੇ ਪਰਿਵਾਰ ਵਾਲੇ ਮੈਨੂੰ ਭਾਰਤ ਵਿਚ ਪੰਜਾਬ ਸਥਿਤ ਮੇਰੇ ਦਫ਼ਤਰ ਵਿਚ ਮਿਲੇ ਸਨ ਤੇ ਮੈਂ ਇਨ੍ਹਾਂ ਦੇ ਕੇਸ ਵਿਚ ਬਲੱਡ ਮਨੀ ਦੇ ਕੇ ਇਨ੍ਹਾਂ ਦੀ ਜਾਨ ਬਚਾਉਣਾ ਚਾਹੁੰਦਾ ਹਾਂ। ਇਸ 'ਤੇ ਅਦਾਲਤ ਨੇ ਓਬਰਾਏ ਦੀ ਅਰਜ਼ੀ ਸਵੀਕਾਰ ਕਰਦਿਆਂ ਉਨ੍ਹਾਂ ਨੂੰ ਕੇਸ ਵਿਚ ਧਿਰ ਵਜੋਂ ਸਵੀਕਾਰ ਕਰ ਲਿਆ, ਪਰ ਨਾਲ ਹੀ ਸਪਸ਼ਟ ਕੀਤਾ ਕਿ ਪਿਸ਼ਾਵਰ ਦੇ ਰਹਿਣ ਵਾਲੇ ਮਿਰਤਕ ਮੁਹੰਮਦ ਫਰਹਾਨ ਮੁਹੰਮਦ ਇਜਾਜ਼ ਦੇ ਪਰਿਵਾਰ ਵੱਲੋਂ ਸਹਿਮਤੀ ਦੇਣ ਮਗਰੋਂ ਹੀ ਕੇਸ ਦੀ ਅੱਗੇ ਸੁਣਵਾਈ ਹੋ ਸਕੇਗੀ। ਇਸ 'ਤੇ ਸ. ਓਬਰਾਏ ਨੇ ਅਦਾਲਤ ਵਿਚ ਸਪਸ਼ਟ ਕੀਤਾ ਕਿ ਉਹ ਆਪਣੇ ਪ੍ਰਤੀਨਿਧ ਰਾਹੀਂ ਪਿਸ਼ਾਵਰ ਸਥਿਤ ਮ੍ਰਿਤਕ ਦੇ ਪਰਿਵਾਰ ਨਾਲ ਸੰਪਰਕ ਕਰਕੇ ਇਹ ਸਹਿਮਤੀ ਹਾਸਲ ਕਰਨ ਦਾ ਯਤਨ ਕਰਨਗੇ।

# ਅ.ਫ.ਗਾਨਿਸਤਾਨ ਵਿੱਚ ਸਿੱਖ ਭਾਈਚਾਰੇ ਦੇ ਮੁਖੀ ਦੀ ਹੱਤਿਆ

*ਤਿੰਨ ਸ਼ੱਕੀ ਗ੍ਰਿ.ਫਤਾਰ, ਡੇਲ ਸੂਜ਼ 'ਤੇ 5 ਸਾਲ ਪਹਿਲਾਂ ਵੀ ਹੋਇਆ ਸੀ ਹਮਲਾ*

**ਕਾਬੁਲ/ਬਿਊਰੋ ਨਿਊਜ਼ :** ਅਫਗਾਨਿਸਤਾਨ ਦੇ ਗੜਬੜੀ ਵਾਲੇ ਕੁੰਦੂਜ਼ ਸ਼ਹਿਰ ਵਿੱਚ ਸਿੱਖ ਭਾਈਚਾਰੇ ਦੇ ਮੁਖੀ ਡੇਲ ਸੂਜ਼ ਦੀ ਅਣਪਛਾਤੇ ਬੰਦੂਕਧਾਰੀਆਂ ਨੇ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ। ਤਿੰਨ ਮਹੀਨਿਆਂ ਵਿਚਕਾਰ ਹੋਈ ਆਪਣੀ ਤਰਾਂ ਦੀ ਇਸ ਦੂਜੀ ਘਟਨਾ ਕਾਰਨ ਸਿੱਖ ਡਰੇ ਹੋਏ ਹਨ। ਟੋਲੋ ਨਿਊਜ਼ ਦੀ ਰਿਪੋਰਟ ਅਨੁਸਾਰ ਸ਼ਹਿਰ ਦੇ ਹਾਜੀ ਗੁਲਿਸਤਾਨ ਕੋਚੀ ਹਮਾਨ ਇਲਾਕੇ ਵਿੱਚ ਕੁਦਰਤੀ ਤਰੀਕੇ ਰਾਹੀਂ ਇਲਾਜ ਕਰਦੇ ਲਾਲਾ ਡੇਲ ਸੂਜ਼ ਨੂੰ ਸਵੇਰ ਸਮੇਂ ਤਕਰੀਬਨ 9:00 ਵਜੇ ਗੋਲੀ ਮਾਰੀ ਗਈ। ਜਿਸ ਸਮੇਂ ਗੋਲੀ ਮਾਰੀ ਗਈ, ਉਦੋਂ ਉਹ ਆਪਣੀ ਦੁਕਾਨ ਵੱਲ ਜਾ ਰਹੇ ਸਨ। ਹਸਪਤਾਲ ਲੈ ਜਾਂਦਿਆਂ ਉਨਾਂ ਦੀ ਰਸਤੇ ਵਿੱਚ ਮੌਤ ਗਈ। ਰਿਸ਼ਤੇਦਾਰਾਂ ਅਨੁਸਾਰ ਉਨਾਂ ਨੂੰ ਪੰਜ ਸਾਲ ਪਹਿਲਾਂ ਵੀ ਗੋਲੀ ਮਾਰੀ ਗਈ ਪਰ ਉਦੋਂ ਉਨਾਂ ਦਾ ਬਚਾਅ ਹੋ ਗਿਆ ਸੀ। ਕੁੰਦੂਜ਼ ਦੇ ਸੁਰੱਖਿਆ ਮੁਖੀ ਮਾਸੂਮ ਸਤਾਨਕਜ਼ਈ ਨੇ ਇਸ ਘਟਨਾ ਦੀ ਪੁਸ਼ਟੀ ਕੀਤੀ ਅਤੇ ਕਿਹਾ ਕਿ ਪੁਲੀਸ ਨੇ ਤਿੰਨ ਸ਼ੱਕੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ। ਉਨਾਂ ਕਿਹਾ ਕਿ ਜਾਂਚ ਜਾਰੀ ਹੈ। ਡੇਲ ਸੂਜ਼ ਦੇ ਰਿਸ਼ਤੇਦਾਰ ਪ੍ਰੇਮ ਨੇ ਕਿਹਾ ਕਿ ਉਸ ਦਾ ਕੋਈ ਦੁਸ਼ਮਣ ਨਹੀਂ ਸੀ। ਉਨਾਂ ਸਰਕਾਰ ਤੋਂ ਮੰਗ ਕੀਤੀ ਕਿ ਇਸ ਘਟਨਾ ਦੀ ਡੂੰਘਾਈ ਨਾਲ ਪੜਤਾਲ ਕੀਤੀ ਜਾਵੇ। ਜੇ ਸਰਕਾਰ ਨੇ ਕੋਈ ਕਾਰਵਾਈ ਨਾ ਕੀਤੀ ਤਾਂ ਬਚੇ ਖੁਚੇ ਸਿੱਖ ਵੀ ਆਪਣੇ ਘਰ-ਬਾਰ ਵੇਚ ਕੇ ਸੂਬੇ ਵਿੱਚੋਂ ਚਲੇ ਜਾਣਗੇ।



ਕੁੰਦੂਜ਼ ਸ਼ਹਿਰ 'ਤੇ ਤਾਲਿਬਾਨ ਦੇ ਕਬਜ਼ੇ ਮਗਰੋਂ ਬਹੁਤੇ ਸਿੱਖ ਪਹਿਲਾਂ ਹੀ ਇਸ ਇਲਾਕੇ ਵਿੱਚੋਂ ਹਿਜ਼ਰਤ ਕਰ ਚੁੱਕੇ ਹਨ। ਮੌਜੂਦਾ ਸਮੇਂ ਸਿਰਫ਼ ਤਿੰਨ ਸਿੱਖ ਪਰਿਵਾਰ ਇੱਥੇ ਰਹਿੰਦੇ ਹਨ। ਪਿਛਲੇ ਸਾਲ ਡੇਲ ਸੂਜ਼ ਨੇ ਆਪਣੇ ਪਰਿਵਾਰ ਨੂੰ ਭਾਰਤ ਭੇਜ ਦਿੱਤਾ ਸੀ ਅਤੇ ਉਹ ਆਪਣੇ ਰਿਸ਼ਤੇਦਾਰ ਨਾਲ ਇੱਥੇ ਰਹਿੰਦਾ ਸੀ। ਇਸ ਗੋਲੀਬਾਰੀ ਦੀ ਸੋਸ਼ਲ ਮੀਡੀਆ 'ਤੇ ਕਾਫੀ ਨਿੰਦਾ ਹੋ ਰਹੀ ਹੈ। ਦੱਸਣਯੋਗ ਹੈ ਕਿ ਬੀਤੇ ਤਿੰਨ ਦਹਾਕਿਆਂ ਦੌਰਾਨ 99 ਫੀਸਦੀ ਹਿੰਦੂ ਅਤੇ ਸਿੱਖ ਭਾਈਚਾਰੇ ਦੇ ਲੋਕ ਅਫਗਾਨਿਸਤਾਨ ਨੂੰ ਛੱਡ ਕੇ ਜਾ ਚੁੱਕੇ ਹਨ। ਇਕ ਅਨੁਮਾਨ ਅਨੁਸਾਰ 1350 ਹਿੰਦੂ ਅਤੇ ਸਿੱਖ ਹੀ ਹੁਣ ਅਫ਼ਗਾਨਿਸਤਾਨ ਵਿਚ ਰਹਿੰਦੇ ਹਨ।

## ਲਾਲਾ ਡੇਲ ਸੂਜ਼ ਦੀ ਹੱਤਿਆ ਵਿਰੁੱਧ ਮੁਜ਼ਾਹਰਾ

**ਸ੍ਰੀ ਨਨਕਾਣਾ ਸਾਹਿਬ :** ਸ੍ਰੀ ਨਨਕਾਣਾ ਸਾਹਿਬ ਦੀ ਯੰਗ ਸਿੰਘ ਪੈਂਥਰਜ਼ ਸੰਸਥਾ ਨੇ ਅਫ਼ਗਾਨਿਸਤਾਨ ਦੇ ਕੁੰਦੂਜ਼ ਸ਼ਹਿਰ ਵਿੱਚ ਸਿੱਖ ਭਾਈਚਾਰੇ ਦੇ ਮੁਖੀ ਲਾਲਾ ਡੇਲ ਸੂਜ਼ ਦੀ ਹੱਤਿਆ ਵਿਰੁੱਧ ਮੁਜ਼ਾਹਰਾ ਕਰਦੇ ਹੋਏ ਘਟਨਾ ਦੀ ਸਖ਼ਤ ਨਿੰਦਾ ਕੀਤੀ ਹੈ। ਸੰਸਥਾ ਦੇ ਮੁਖੀ ਖ਼ਾਨ ਸਿੰਘ ਨੇ ਕਿਹਾ ਕਿ ਅਫ਼ਗਾਨਿਸਤਾਨ ਵਿਚ ਸਿੱਖ ਮਹਿਫ਼ੂਜ਼ ਨਹੀਂ ਹਨ ਅਤੇ ਘੱਟ-ਗਿਣਤੀ ਹੋਣ ਕਰਕੇ ਉਨਾਂ ਨੂੰ ਉਥੇ ਕਈ ਪ੍ਰਕਾਰ ਦੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਸੰਸਥਾ ਦੇ ਅਹੁਦੇਦਾਰ ਦਿਲਾਵਰ ਸਿੰਘ ਅਤੇ ਹੋਰ ਮੈਂਬਰਾਂ ਨੇ ਇਸ ਮਾਮਲੇ ਦੀ ਡੂੰਘਾਈ ਨਾਲ ਜਾਂਚ ਕਰਾਉਣ ਦੀ ਮੰਗ ਕਰਦਿਆਂ ਮੁਲਜ਼ਮਾਂ ਵਿਰੁੱਧ ਸਖ਼ਤ ਕਾਰਵਾਈ ਦੀ ਮੰਗ ਕੀਤੀ ਹੈ। ਇਸ ਦੌਰਾਨ ਅਫ਼ਗਾਨਿਸਤਾਨ ਦੇ ਸਿੱਖ ਭਾਈਚਾਰੇ ਨੇ ਮੰਗ ਕੀਤੀ ਹੈ ਕਿ ਸਰਕਾਰ ਸਿੱਖਾਂ ਦੀ ਸੁਰੱਖਿਆ ਯਕੀਨੀ ਬਣਾਵੇ।



# ਨਵੇਂ ਵਰ੍ਹੇ ਦਾ ਸਵਾਗਤ : ਦਰਬਾਰ ਸਾਹਿਬ ਵਿਖੇ ਸ਼ਰਧਾਲੂਆਂ ਦੀ ਆਮਦ ਦਾ ਟੁੱਟਿਆ ਰਿਕਾਰਡ, ਰਾਤ ਭਰ ਪਰਿਕਰਮਾ ਵਿਚ ਬੈਠੇ ਰਹੇ ਲੋਕ

**ਅੰਮ੍ਰਿਤਸਰ/ਬਿਊਰੋ ਨਿਊਜ਼ :** ਸ਼ਹਿਰ ਦੇ ਹੋਟਲਾਂ ਵਿੱਚ ਜਿੱਥੇ ਵੱਡੀ ਪੱਧਰ 'ਤੇ ਲੋਕਾਂ ਨੇ ਨਵੇਂ ਵਰ੍ਹੇ ਦੀ ਆਮਦ ਨੂੰ ਪੂਰੇ ਜੋਸ਼ੋ-ਖਰੋਸ਼ ਨਾਲ ਮਨਾਇਆ, ਉਥੇ ਦੇਸ਼-ਵਿਦੇਸ਼ ਤੋਂ ਲੱਖਾਂ ਦੀ ਗਿਣਤੀ ਵਿੱਚ ਆਏ ਸ਼ਰਧਾਲੂਆਂ ਨੇ ਪਵਿੱਤਰ ਸਰੋਵਰ ਵਿੱਚ ਇਸ਼ਨਾਨ ਕੀਤੇ ਅਤੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਮੱਥਾ ਟੇਕਿਆ। ਸ਼ਨਿੱਚਰਵਾਰ ਨੂੰ ਸਵੇਰ ਤੋਂ ਹੀ ਹਰਿਮੰਦਰ ਸਾਹਿਬ ਵਿਖੇ ਸ਼ਰਧਾਲੂਆਂ ਦੀ ਆਮਦ ਸ਼ੁਰੂ ਹੋ ਗਈ ਸੀ ਅਤੇ ਸ਼ਾਮ ਪੈਣ ਤੱਕ ਏਨੀ ਸੰਗਤ ਪੁੱਜ ਚੁੱਕੀ ਸੀ ਕਿ ਪਰਿਕਰਮਾ ਵਿੱਚ ਤਿਲ ਸੁੱਟਣ ਦੀ ਵੀ ਥਾਂ ਨਹੀਂ ਸੀ। ਸ੍ਰੀ ਹਰਿਮੰਦਰ ਸਾਹਿਬ ਨੂੰ ਜਾਣ ਵਾਲੇ ਸਾਰੇ ਰਸਤਿਆਂ ਵਿੱਚ ਸੰਗਤ ਦੀ ਆਮਦ ਵੱਖਰਾ ਨਜ਼ਾਰਾ ਪੇਸ਼ ਕਰ ਰਹੀ ਸੀ। ਪਾਰਕਿੰਗ ਸਥਾਨ ਨੇੜਲੇ ਮਹਾਰਾਜਾ ਰਣਜੀਤ ਸਿੰਘ ਦੇ ਬੁੱਤ ਵਾਲੇ ਚੌਕ ਤੋਂ ਸ੍ਰੀ ਹਰਿਮੰਦਰ ਸਾਹਿਬ ਨੂੰ ਜਾਂਦੇ ਵਿਰਾਸਤੀ

ਬਾਕੀ ਸਫ਼ਾ 36 'ਤੇ

# ਸ਼ਹੀਦ ਭਾਈ ਸਤਵੰਤ ਸਿੰਘ, ਭਾਈ ਬੇਅੰਤ ਸਿੰਘ, ਭਾਈ ਕੇਹਰ ਸਿੰਘ ਦਾ ਸ਼ਹੀਦੀ ਦਿਹਾੜਾ 6 ਜਨਵਰੀ ਨੂੰ

**ਬਟਾਲਾ/ਬਿਊਰੋ ਨਿਊਜ਼ :** ਸ਼ਹੀਦ ਭਾਈ ਸਤਵੰਤ ਸਿੰਘ ਅਗਵਾਨ, ਭਾਈ ਬੇਅੰਤ ਸਿੰਘ, ਭਾਈ ਕੇਹਰ ਸਿੰਘ ਤੇ ਬੀਬੀ ਸੁਰਿੰਦਰ ਕੌਰ (ਪਤਨੀ ਭਾਈ ਸਤਵੰਤ ਸਿੰਘ) ਦਾ ਸ਼ਹੀਦੀ ਦਿਹਾੜਾ 6 ਜਨਵਰੀ ਨੂੰ ਗੁਰਦੁਆਰਾ ਸਾਹਿਬ ਪਿੰਡ ਅਗਵਾਨ ਨਜ਼ਦੀਕ ਡੇਰਾ ਬਾਬਾ ਨਾਨਕ ਵਿਖੇ ਮਨਾਇਆ ਜਾ ਰਿਹਾ ਹੈ। ਸਮਾਗਮ ਸਬੰਧੀ ਤਿਆਰੀਆਂ ਜ਼ੋਰਾਂ ਨਾਲ ਚੱਲ ਰਹੀਆਂ ਹਨ ਤੇ ਪ੍ਰਬੰਧਾਂ ਲਈ ਸੇਵਾਦਾਰਾਂ ਦੀਆਂ ਡਿਊਟੀਆਂ ਲਗਾਉਣ ਹਿੱਤ ਵੱਖ-ਵੱਖ ਜਥੇਬੰਦੀਆਂ ਦੀ ਇਕੱਤਰਤਾ ਭਾਈ ਸੁਖਵਿੰਦਰ ਸਿੰਘ ਅਗਵਾਨ ਦੀ ਰਹਿਨੁਮਾਈ ਹੇਠ ਹੋਈ, ਜਿਸ ਵਿਚ ਜਥੇਬੰਦੀਆਂ ਦੇ ਆਗੂਆਂ ਤੇ ਪਤਵੰਤਿਆਂ ਨੇ ਹਿੱਸਾ ਲਿਆ। ਇਸ ਮੌਕੇ ਸੁਖਵਿੰਦਰ ਸਿੰਘ ਅਗਵਾਨ ਨੇ ਦੱਸਿਆ ਕਿ 4 ਜਨਵਰੀ ਨੂੰ ਦਮਦਮੀ ਟਕਸਾਲ ਜਥਾ ਭਿੰਡਰਾਂ ਮਹਿਤਾ ਦੇ ਮੁਖੀ ਬਾਬਾ ਹਰਨਾਮ ਸਿੰਘ ਪ੍ਰਧਾਨ ਸੰਤ ਸਮਾਜ ਦੇ ਪਾਠੀ ਸਿੰਘਾਂ ਵੱਲੋਂ ਅਖੰਡ ਜਾਪ ਆਰੰਭ ਕੀਤੇ ਜਾਣਗੇ, ਜਿਨ੍ਹਾਂ ਦੇ ਭੋਗ 6 ਜਨਵਰੀ ਨੂੰ ਪੈਣਗੇ। ਇਸ ਉਪਰੰਤ ਖੁੱਲ੍ਹੇ ਪੰਡਾਲ ਵਿਚ ਸੁਸ਼ੋਭਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਰਹਿਨੁਮਾਈ ਹੇਠ ਗੁਰਮਤਿ ਸਮਾਗਮ ਹੋਣਗੇ। ਬਾਅਦ ਦੁਪਹਿਰ ਦਮਦਮੀ ਟਕਸਾਲ ਸਮੇਤ ਪਹੁੰਚੀਆਂ ਧਾਰਮਿਕ ਜਥੇਬੰਦੀਆਂ ਦੇ ਆਗੂ, ਰਾਜਨੀਤਿਕ ਆਗੂ ਤੇ ਸਮਾਜ ਸੈਣੀ ਆਗੂ ਸ਼ਹੀਦ ਸਿੰਘਾਂ ਨੂੰ ਸ਼ਰਧਾ ਦੇ ਫੁੱਲ ਭੇਟ ਕਰਨਗੇ। ਇਸ ਮੌਕੇ ਬਾਬਾ ਸਵਰਨਜੀਤ ਸਿੰਘ ਮੁਖੀ ਮਿਸਲ ਸ਼ਹੀਦਾਂ ਤਰਨਾ ਦਲ, ਬਾਬਾ ਪ੍ਰਕਾਸ਼ ਸਿੰਘ ਮਹਿਤਾ, ਭਾਈ ਸਤਨਾਮ ਸਿੰਘ ਮਹਿਤਾ, ਜਥੇਦਾਰ ਹਰਜਿੰਦਰ ਸਿੰਘ ਦਿੱਲੀ ਹਾਜ਼ਰ ਸਨ।

# ਆਲਮੀ ਸਿੱਖ ਰਹਿਤ ਪ੍ਰਚਾਰ ਮਿਸ਼ਨ ਦੇ ਸੱਦੇ 'ਤੇ ਧਾਰਮਿਕ ਕਵੀ ਦਰਬਾਰ ਸਜਾਇਆ

**ਮਿਲਪੀਟਸ/ਬਿਊਰੋ ਨਿਊਜ਼ :** ਆਲਮੀ ਸਿੱਖ ਰਹਿਤ ਪ੍ਰਚਾਰ ਮਿਸ਼ਨ ਵੱਲੋਂ ਗੁਰਦੁਆਰਾ ਸਾਹਿਬ ਸਿੰਘ ਸਭਾ ਬੇਏਰੀਆ 680 ਈਸਟ Calaverar Blvd. Milpitar Ca. 95035 ਵਿਖੇ ਸਾਲਾਨਾ ਸਮਾਰੋਹ ਵਿਚ ਆਪਣੇ ਪਰਿਵਾਰ ਦੀ ਸੁੱਖ ਸ਼ਾਂਤੀ ਲਈ ਸ੍ਰੀ ਆਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ। ਇਸ ਮੌਕੇ ਕਥਾ ਕੀਰਤਨ ਅਤੇ ਗੁਰਮਤਿ ਵਿਰਸੇ ਦੇ ਪ੍ਰੋਗਰਾਮ ਕਰਵਾਏ ਗਏ। ਇਸ ਦੇ ਨਾਲ ਹੀ ਅਮਰੀਕੀ ਪੰਜਾਬੀ ਕਵੀਆਂ ਨੂੰ ਧਾਰਮਿਕ ਕਵੀ ਦਰਬਾਰ ਕਰਨ ਦਾ ਸੱਦਾ ਦਿੱਤਾ ਗਿਆ। ਪਰਮਿੰਦਰ ਸਿੰਘ 'ਪ੍ਰਵਾਨਾ' ਨੇ ਮੰਚ ਸੰਚਾਲਨ ਕੀਤਾ। ਉਨਾਂ ਮਿਸ਼ਨ ਦੇ ਬਾਨੀ ਪ੍ਰੋ. ਸੁਰਜੀਤ ਸਿੰਘ ਨਨੂਆ ਨੂੰ ਵਧਾਈ ਦਿੰਦੇ ਹੋਏ ਕਿਹਾ ਕਿ ਇਹ ਚੰਗਾ ਸਬਬ ਹੈ ਕਿ ਸੰਸਥਾ ਅਤੇ ਪਰਿਵਾਰਕ ਪ੍ਰੋਗਰਾਮ ਵਿਚ ਧਾਰਮਿਕ ਕਵੀ ਦਰਬਾਰ ਕਰਵਾਇਆ ਗਿਆ ਹੈ। ਇਸ ਮੌਕੇ ਕੈਪਟਨ ਅਮਰਜੀਤ ਸਿੰਘ ਅਮਰ, ਪ੍ਰੋ. ਸੁਰਜੀਤ ਸਿੰਘ ਨਨੂਆ, ਤਰਸੇਮ ਸਿੰਘ ਸੁਮਨ, ਜਸਦੀਪ ਸਿੰਘ ਫਰੀਮੋਂਟ, ਮਹਿੰਦਰ ਸਿੰਘ ਰਾਜਪੂਤ, ਪ੍ਰਮਿੰਦਰ ਸਿੰਘ ਪ੍ਰਵਾਨਾ ਨੇ ਆਪਣੀਆਂ ਰਚਨਾਵਾਂ ਪੇਸ਼ ਕੀਤੀਆਂ। ਧਾਰਮਿਕ ਕਵੀ ਦਰਬਾਰ ਵਿਚ ਹਿੱਸਾ ਲੈਣ ਲਈ 510-781-0487 ਜਾਂ 408-528-4489 'ਤੇ ਸੰਪਰਕ ਕੀਤਾ ਜਾ ਸਕਦਾ ਹੈ।

## ਬਾਦਲ ਸਰਕਾਰ ਦੇ ਵਿਕਾਸ ਦਾ 'ਹਨੇਰ'

# ਬਿੱਲ ਨਾ ਭਰਨ ਕਰਕੇ ਸਵਾ ਸੌ ਡਿਸਪੈਂਸਰੀਆਂ ਦੀ ਬਿਜਲੀ ਬੰਦ

**ਚੰਡੀਗੜ੍ਹ/ਬਿਊਰੋ ਨਿਊਜ਼ :** ਪੰਜਾਬ ਸਰਕਾਰ ਚੋਣਾਂ ਤੋਂ ਪਹਿਲਾਂ ਪ੍ਰਾਪਤੀਆਂ ਦੇ ਪ੍ਰਚਾਰ 'ਤੇ ਕਰੋੜਾਂ ਰੁਪਏ ਵਹਾਅ ਰਹੀ ਹੈ ਪਰ ਡਿਸਪੈਂਸਰੀਆਂ ਨੂੰ ਬਿੱਲ ਭਰਨ ਜੋਗੇ ਪੈਸੇ ਨਹੀਂ ਦਿੱਤੇ ਜਾ ਰਹੇ ਹਨ। ਵਿੱਤੀ ਗ੍ਰਾਂਟ ਦੀ ਅਣਹੋਂਦ ਵਿੱਚ ਸਵਾ ਸੌ ਪੇਂਡੂ ਡਿਸਪੈਂਸਰੀਆਂ ਦੇ ਬਿਜਲੀ ਪਾਣੀ ਦੇ ਕੁਨਕੈਸ਼ਨ ਕੱਟ ਦਿੱਤੇ ਜਾਣ ਕਰਕੇ ਬੱਤੀ ਗੁਲ ਹੋ ਗਈ ਹੈ। ਇਨ੍ਹਾਂ ਡਿਸਪੈਂਸਰੀਆਂ ਦੇ ਪਿਛਲੇ ਤਿੰਨ ਮਹੀਨਿਆਂ ਤੋਂ ਬਿਲ ਨਹੀਂ ਭਰੇ ਗਏ ਹਨ। ਵਧੀਕ ਜ਼ਿਲ੍ਹਾ ਡਿਪਟੀ ਕਮਿਸ਼ਨਰਾਂ ਨੇ ਬਲਾਕ ਵਿਕਾਸ ਅਫਸਰਾਂ ਨੂੰ ਪੱਤਰ ਭੇਜ ਕੇ ਪਿੰਡ ਪੰਚਾਇਤਾਂ ਨੂੰ ਆਪਣੇ ਪੱਲਿਓਂ ਬਿੱਲ ਜਮ੍ਹਾਂ ਕਰਾਉਣ ਲਈ ਕਿਹਾ ਹੈ। ਮਰੀਜ਼ਾਂ ਦੀ ਪਰਚੀ ਤੋਂ ਇੱਕਠੇ ਹੋਣ ਵਾਲੇ ਪੈਸੇ ਜ਼ਿਲ੍ਹਾ ਪਰੀਸ਼ਦਾਂ ਦੇ ਖ਼ਜ਼ਾਨੇ ਵਿੱਚ ਜਮ੍ਹਾਂ ਕਰਾਏ ਜਾ ਰਹੇ ਹਨ ਜਿਸ ਕਰਕੇ ਡਿਸਪੈਂਸਰੀਆਂ ਦੀ ਆਪਣੀ ਆਮਦਨ ਦਾ ਕੋਈ ਸਾਧਨ ਨਹੀਂ ਹੈ। ਸਿਹਤ ਵਿਭਾਗ ਦੀਆਂ ਡਿਸਪੈਂਸਰੀਆਂ ਨੂੰ ਦਸ ਹਜ਼ਾਰ ਰੁਪਏ ਸਲਾਨਾ ਰੱਖ ਰਖਾਅ ਖ਼ਰਚਾ ਦਿੱਤਾ ਜਾ ਰਿਹਾ ਹੈ ਪਰ ਰੂਰਲ ਡਿਸਪੈਂਸਰੀਆਂ ਇਸ ਸਹੂਲਤ ਤੋਂ ਵੀ ਵਾਂਝੀਆਂ ਚਲ ਰਹੀਆਂ ਹਨ। ਬਿਜਲੀ ਅਤੇ ਪਾਣੀ ਦੀ ਸਹੂਲਤ ਖਤਮ ਹੋ ਜਾਣ ਨਾਲ ਡਾਕਟਰਾਂ ਅਤੇ ਮਰੀਜ਼ਾਂ ਨੂੰ ਕਈ ਤਰ੍ਹਾਂ ਦੀਆਂ ਦਿੱਕਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਪਾਣੀ ਦੀ ਸਹੂਲਤ ਨਾ ਹੋਣ ਕਰਕੇ ਮਰੀਜ਼ਾਂ ਦੇ ਟੀਕਾ ਪੱਟੀ ਕਰਨ ਤੋਂ ਬਾਅਦ ਹੱਥ ਧੋਣ ਲਈ ਪਾਣੀ ਨਹੀਂ ਮਿਲ ਰਿਹਾ ਹੈ।

# Sir Speedy Tustin
Printers to the Community

**Outdoor 3'x11' Promo Flag**
Only $29/-
Pole & Spike $55/-

**Outdoor 3'x6' Durable Banner**
All weather, durable to sunlight, rain and wear & tear. Text only.
Only $69/-

**Receipt Books**
Customized with your information and design. 2 part carbonless with numbering and perforation.
Call for Price

**Retractable 33"x 80" Banner**
Includes stand and carry bag. Hi-res imaging, durable and Brilliant colors!
Only $225/-

**All Weather 18"x24" Yard Signs**
Includes H-stakes. Single sided, durable to sunlight and rain. Reusable!
$49/- for 4

**11" Printed Balloons**
Printed with your logo and info. One color, one location. Min. qty 1000
19¢ each

**Your Printed T-Shirts**
White T-Shirts, 1 color screen printing in 1 position. Min Qty. 100
Only $4.99

**Your Printed Caps**
1 color in 1 position. Min Qty. 100
Only $4.99

**Trip Envelopes** Qty 1000
Only $199/-

**What we can do for you today?**
- Printing & Copying
- Creative Services
- Mailing Services
- Mailing List Aquisition
- Signs Posters & Banners
- Promotional Product
- Website design and development

1045 East Main Street, Tustin, CA 92780
**Call 562-881-7430**
Fax: 714-731-8931
E-mail: sirspeedy_tustin@yahoo.com
www.sirspeedy.com/tustin


Jagjit Singh Bains

CUSTOMIZED SWEET BOXES

South Asian Wedding Cards

CALL NOW

**ਪ੍ਰਸਿੱਧ ਕਥਾਕਾਰ ਸ੍ਰੀਮਤੀ ਤਾਰਨ ਗੁਜਰਾਲ ਦੀ ਰਚਨਾ 'ਕਾਨਪੁਰ ਵਿਚ ਸਿੱਖਾਂ ਦੀ ਨਸਲਕੁਸ਼ੀ ਦੀ ਦਾਸਤਾਨ' ਪੜ੍ਹ ਕੇ ਮਹਿਸੂਸ ਹੁੰਦਾ ਹੈ ਕਿ ਇਨਸਾਨ ਜਦੋਂ ਹਿੰਸਕ ਹੈਵਾਨ ਬਣਦਾ ਹੈ ਤਾਂ ਹੈਵਾਨਾਂ ਨੂੰ ਵੀ ਸ਼ਰਮਿੰਦਾ ਕਰ ਦਿੰਦਾ ਹੈ। ਇਹ ਕਰਤੂਤ ਉਹ ਵਾਰ ਵਾਰ ਕਰਦਾ ਹੈ। ਬਾਬੇ ਨਾਨਕ ਦੀ ਅਮਰ ਰਚਨਾ "ਬਾਬਰ ਬਾਣੀ" ਇਸ ਮਾਨਸਿਕਤਾ ਦੀ ਸਦੀਵੀ ਦਸਤਾਵੇਜ਼ ਹੈ। ਅਜੋਕੇ ਸਮੇਂ ਵਿਚ ਸੰਨ 47 ਅਤੇ ਸੰਨ 84 ਦੇ ਸ਼ਰਮਨਾਕ ਕਾਰਨਾਮੇ ਸਮੁੱਚੀ ਮਾਨਵਤਾ ਦੇ ਨਾਂ 'ਤੇ ਕਾਲੇ ਧੱਬੇ ਵਾਂਗ ਹਨ। 32 ਵਰ੍ਹਿਆਂ ਬਾਅਦ ਜਗਦੀਸ਼ ਟਾਈਟਲ, ਸੱਜਣ ਕੁਮਾਰ ਵਰਗੇ ਦੋਸ਼ੀਆਂ ਨੂੰ ਸਜ਼ਾਵਾਂ ਨਹੀਂ ਹੋ ਸਕੀਆਂ। ਜਗਦੀਸ਼ ਟਾਈਟਲਰ ਨੇ ਸਿੱਖ ਨਸਲਕੁਸ਼ੀ ਵੇਲੇ ਸ਼ਰੇਆਮ ਭੀੜ ਦੀ ਅਗਵਾਈ ਕਰਕੇ ਸੈਂਕੜੇ ਸਿੱਖਾਂ ਦਾ ਘਾਣ ਕਰਵਾਇਆ ਤੇ ਰਹਿੰਦਿਆਂ ਨੂੰ ਬੇਘਰ ਕੀਤਾ। ਬਹੁਤ ਸਾਰੇ ਚਸ਼ਮਦੀਦ ਗਵਾਹ ਸਵਰਗਵਾਸ ਹੋ ਗਏ ਤੇ ਕੁਝ ਅੱਗੇ-ਪਿਛੇ ਹੋ ਗਏ। ਐਹੋ ਜਿਹੇ ਕੇਸ ਵਿਚ ਐਨੀ ਲੰਮੀ ਢਿੱਲ ਵੀ ਕੀ ਇਕ ਸਾਜ਼ਿਸ਼ ਤੋਂ ਘੱਟ ਹੈ ? ਇਸ ਦੇਸ਼ ਦੀ ਜੁਡੀਸ਼ਰੀ ਵਲੋਂ ਅਜਿਹੇ ਮਨੁੱਖਤਾ ਦੇ ਕਾਤਲਾਂ ਨੂੰ ਬਚਾਅ ਕੇ ਅਹੁਦੇਦਾਰਾਂ ਬਣਾਉਣਾ ? ਸਿਰ ਸ਼ਰਮ ਨਾਲ ਝੁਕ ਜਾਂਦਾ ਹੈ। ਸ੍ਰੀਮਤੀ ਤਾਰਨ ਗੁਜਰਾਲ ਵਲੋਂ ਅੱਖੀਂ ਵੇਖੀ ਤੇ ਹੱਡੀ ਹੰਢਾਈ ਦਾਸਤਾਨ, ਜੋ ਕਿਤਾਬ 'ਰੱਤ ਕਾ ਕੁੰਗੂ' ਦੇ ਰੂਪ ਵਿਚ ਸਾਹਮਣੇ ਆਈ, 'ਅੰਮ੍ਰਿਤਸਰ ਟਾਈਮਜ਼' ਦੇ ਪਾਠਕਾਂ ਲਈ ਲੜੀਵਾਰ ਪੇਸ਼ ਹੈ। (ਭਾਗ ਨੌਵਾਂ)**

# ਰੱਤ ਕਾ ਕੁੰਗੂ

(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)

## ਇੰਡਸਟ੍ਰੀਅਲ ਅਸਟੇਟ

ਇੰਡਸਟ੍ਰੀਅਲ ਅਸਟੇਟ ਮਰੀਆਪੁਰ ਕਰਾਸਿੰਗ ਤੋਂ ਸ਼ੁਰੂ ਹੋ ਕੇ ਵਿਜੇ ਨਗਰ ਚੌਰਾਹੇ ਤੱਕ ਹੈ। ਇਸ ਦੇ ਇਕ ਪਾਸੇ ਸ਼ਾਸਤਰੀ ਨਗਰ ਤੇ ਦੂਜੇ ਪਾਸੇ ਕਾਲਪੀ ਰੋਡ ਹੈ। ਏਥੇ ਛੋਟੀਆਂ ਵੱਡੀਆਂ ਲੋਹੇ ਟਾਇਰ ਤੋਂ ਲੈ ਕੇ ਪਲਾਸਟਿਕ ਤਕ ਦੀਆਂ ਕਈ ਫੈਕਟਰੀਆਂ ਨੇ। ਬਹੁਤ ਸਾਰੀਆਂ ਫ਼ੈਕਟਰੀਆਂ ਉਤੇ ਰਿਹਾਇਸ਼ੀ ਮਕਾਨ ਵੀ ਬਣਾਏ ਹੋਏ ਹਨ ਜਿਨ੍ਹਾਂ ਵਿਚ ਉਨ੍ਹਾਂ ਦੇ ਮਾਲਕ ਰਹਿੰਦੇ ਨੇ।

ਬਲਬੀਰ ਸਿੰਘ ਦੀ ਪਤਨੀ ਗੁਰਵਿੰਦਰ ਕੌਰ ਜੋ 81, ਇੰਡਸਟਰੀਅਲ ਅਸਟੇਟ ਵਿਚ ਰਹਿੰਦੇ ਸਨ ਨੇ ਦੱਸਿਆ- "ਪਹਿਲੀ ਨਵੰਬਰ 1984 ਨੂੰ ਸਵੇਰੇ ਪੌਣੇ ਦਸ ਵਜੇ ਭੀੜ ਨੇ ਫੈਕਟਰੀ ਨੂੰ ਘੇਰ ਲਿਆ। ਤਿੰਨ ਚਾਰ ਸੌ ਆਦਮੀ ਫ਼ੈਕਟਰੀ ਦੇ ਅੰਦਰ ਆ ਗਏ। ਅੱਗੇ ਅੱਗੇ ਸਾਡੇ ਨਾਲ ਵਾਲੀ ਫੈਕਟਰੀ ਦਾ ਕਿਰਾਏਦਾਰ ਅਹਿਮਦ ਤੇ ਪ੍ਰੇਮ ਭਾਈ ਵਾਲਾ ਸਨ। ਬਾਕੀਆਂ ਨੂੰ ਮੈਂ ਨਹੀਂ ਪਛਾਣਦੀ, ਮੈਨੂੰ ਤਾਂ ਹੁਣ ਸਭ ਇਕੋ ਜਿਹੀਆਂ ਸ਼ਕਲਾਂ ਦੇ ਦਿਸਦੇ ਹਨ। ਉਨ੍ਹਾਂ ਸਾਰਿਆਂ ਸ਼ਰਾਬਾਂ ਪੀਤੀਆਂ ਹੋਈਆਂ ਸਨ, ਕੁਝ ਦੇ ਹੱਥਾਂ ਵਿਚ ਪਹਿਲਾਂ ਹੀ ਲੋਹੇ ਦੇ ਡੰਡੇ ਸਨ ਤੇ ਬਾਕੀਆਂ ਸਾਡੀ ਫੈਕਟਰੀ ਵਿਚੋਂ ਹੀ ਸਰੀਏ ਚੁੱਕ ਲਏ। ਸਭ ਤੋਂ ਪਹਿਲਾਂ ਉਨ੍ਹਾਂ ਆ ਕੇ ਸਾਮਾਨ ਲੁੱਟਣਾ ਸ਼ੁਰੂ ਕੀਤਾ।

ਅਹਿਮਦ ਆਪਣੇ ਹੱਥਾਂ ਨਾਲ ਇਕ ਇਕ ਚੀਜ਼ ਚੁੱਕੇ ਤੇ ਸਰਦਾਰ ਜੀ ਨੂੰ ਉਹਦੇ ਨਾਲ ਠੋਕਰ ਮਾਰ ਕੇ ਕਹੇ "ਲੇ ਜਾ ਰਹੇ ਹੈਂ" ਨਾਲ ਗਾਲ੍ਹਾਂ ਕੱਢੇ। ਦੋ-ਤਿੰਨ ਸਾਲ ਪਹਿਲਾਂ ਸਰਦਾਰ ਜੀ ਦਾ ਇਹਦੇ ਨਾਲ ਝਗੜਾ ਹੋਇਆ ਸੀ, ਕਿਉਂਕਿ ਇਹ ਮੁਰੰਮਤ ਲਈ ਆਏ ਟੁੱਟੇ ਭੱਜੇ ਸਕੂਟਰ ਸਾਡੇ ਗੇਟ ਅੱਗੇ ਫੈਲਾਅ ਕੇ ਰੱਖਦਾ ਸੀ ਤੇ ਕਾਰ ਲੰਘਾਉਣ ਵਿਚ ਤਕਲੀਫ਼ ਹੁੰਦੀ ਸੀ। ਸਰਦਾਰ ਜੀ ਨੇ ਉਸ ਨੂੰ ਮਨ੍ਹਾਂ ਕੀਤਾ ਤੇ ਉਸ ਤਦ ਤੋਂ ਮਨ ਵਿਚ ਕੌੜ ਰੱਖੀ ਹੋਈ ਸੀ। ਘੰਟਾ ਡੇਢ ਘੰਟਾ ਉਹ ਘਰ ਲੁੱਟਦੇ ਰਹੇ। ਨਵਾਂ ਨਵਾਂ ਮਕਾਨ ਅਸਾਂ ਬਣਾਇਆ ਸੀ ਤੇ ਘਰ ਦੀ ਇਕ ਇਕ ਚੀਜ਼ ਲੱਭ ਲੱਭ ਕੇ ਸੁਹਣੀ ਤੇ ਸਜੀਲੀ ਅਸਾਂ ਲਈ ਸੀ। ਨਵਾਂ ਫ਼ਰਨੀਚਰ ਬਣਵਾਇਆ ਸੀ... ਬੈਡਕਵਰਾਂ ਦਾ ਹੀ ਹਿਸਾਬ ਨਹੀਂ। ਐਨਾ ਤਾਂ ਮੈਨੂੰ ਸ਼ੌਕ ਸੀ ਖ਼ਰੀਦਣ ਦਾ ਤੇ ਹਰ ਫੈਸ਼ਨ ਤੇ ਸਟਾਈਲ ਦੀਆਂ ਸਾੜ੍ਹੀਆਂ ਨਾਲ ਅਲਮਾਰੀਆਂ ਭਰੀਆਂ ਪਈਆਂ ਸਨ। ਅਸੀਂ ਸਭ ਆਪਣੀਆਂ ਅੱਖਾਂ ਸਾਹਮਣੇ ਬੇਦਰਦੀ ਨਾਲ ਲੁਟੀਂਦਾ ਵੇਖਦੇ ਰਹੇ। ਸਰਦਾਰ ਜੀ ਆਪ ਬਿਲਕੁਲ ਡਰੇ ਨਹੀਂ। ਉਨ੍ਹਾਂ ਦੇ ਵਿਚ ਹੀ ਫਿਰਦੇ ਰਹੇ। ਮੈਨੂੰ ਕਹਿਣ ਲੱਗੇ ਕਿ ਤੂੰ ਬੱਚਿਆਂ ਨੂੰ ਲੈ ਕੇ ਕੋਠੇ 'ਤੇ ਚਲੀ ਜਾਹ, ਮੈਂ ਹੁਣੇ ਆਇਆ।

ਲੁੱਟਣ ਪਿੱਛੋਂ ਭੀੜ ਬਹੁਤ ਸਾਰੀ ਅੱਗੇ ਵਧ ਗਈ। ਅਹਿਮਦ ਤੇ ਪ੍ਰੇਮ ਭਾਈ ਵਾਲਾ ਫੇਰ ਸਰਦਾਰ ਜੀ ਨੂੰ ਘੇਰ ਕੇ ਖਲੋ੍ ਗਏ ਤੇ ਦੋ ਲੱਖ ਰੁਪਏ ਮੰਗੇ। ਘਰ ਵਿਚ ਸਠ ਸੱਤਰ ਹਜ਼ਾਰ ਕੈਸ਼ ਸੀ, ਕੋਈ ਪਹਿਲੇ ਦਿਨ ਹੀ ਦੇ ਕੇ ਗਿਆ ਸੀ। ਉਨ੍ਹਾਂ ਨੇ ਸਾਰੇ ਰੁਪਏ ਦੇ ਦਿੱਤੇ ਤੇ ਕਿਹਾ ਕਿ ਬਾਕੀ ਬਾਅਦ ਵਿਚ ਜਦੋਂ ਵੀ ਮੇਰੇ ਕੋਲ ਹੋਰ ਆਏ ਦੇ ਦਿਆਂਗਾ। ਉਨ੍ਹਾਂ ਸਾਰੇ ਰੁਪਏ ਸਾਂਭ ਲਏ, ਮੇਰੀਆਂ ਚੂੜੀਆਂ ਲੁਹਾ ਲਈਆਂ ਤੇ ਸੀਮੇਂਟ ਦੇ ਗ਼ਮਲੇ ਚੁੱਕ ਕੇ ਇਨ੍ਹਾਂ ਦੇ ਸਿਰ ਵਿਚ ਮਾਰੇ। ਇਹ ਸੱਟ ਖਾ ਕੇ ਡਿੱਗ ਪਏ ਤਾਂ ਕੋਠੇ ਤੋਂ ਹੇਠਾਂ ਸੁੱਟ ਦਿੱਤਾ। ਬਾਹਰ ਸੜਕ 'ਤੇ ਸਾਡੀ ਕਾਰ ਖੜ੍ਹੀ ਸੀ। ਦੰਗਾਈਆਂ ਨੇ ਉਹਦਾ ਪੈਟਰੋਲ ਕੱਢ ਕੇ ਉਸ 'ਤੇ ਛਿੜਕਿਆ ਤੇ ਅੱਗ ਲਾ ਦਿੱਤੀ। ਵਿਚ ਘਰ ਦਾ ਸਾਮਾਨ ਜੋ ਉਨ੍ਹਾਂ ਨਹੀਂ ਸੀ ਲਿਜਾਉਣਾ ਉਹ ਪਾ ਦਿੱਤਾ ਤੇ ਸਰਦਾਰ ਜੀ ਨੂੰ ਵੀ ਚੁੱਕ ਕੇ ਉਸ ਵਿਚ ਸੁੱਟ ਦਿੱਤਾ।

ਸਾਡੀ ਫੈਕਟਰੀ ਵਿਚ ਕੰਮ ਕਰਦਾ ਇਕ ਸਰਦਾਰ ਮੁੰਡਾ ਕਰਨੈਲ ਸਿੰਘ ਜਿਸ ਦੀ ਫੈਮਿਲੀ ਪੰਜਾਬ ਗਈ ਹੋਈ ਸੀ ਤੇ ਉਹ ਤਕਰੀਬਨ ਸਾਡੇ ਘਰ ਹੀ ਰਹਿੰਦਾ ਸੀ, ਉਸ ਕੰਧ ਟੱਪ ਕੇ ਨਾਲ ਵਾਲੀ ਫੈਕਟਰੀ ਵਿਚ ਲੁਕ ਜਾਣਾ ਚਾਹਿਆ, ਪਰ ਉਥੇ ਰਹਿੰਦੀ ਇਕ ਕ੍ਰਿਸਚੀਅਨ ਲੇਡੀ ਨੇ ਉਹਨੂੰ ਦਰਵਾਜ਼ੇ ਵਿਚੋਂ ਬਾਹਰ ਧੱਕ ਦਿੱਤਾ। ਸਰਦਾਰ ਨੂੰ ਵੇਖ ਕੇ ਦੰਗਾਈਆਂ ਖੁਸ਼ੀ ਦੀਆਂ ਚਾਂਘਰਾਂ ਮਾਰੀਆਂ ਤੇ ਉਹਨੂੰ ਵੀ ਚੁੱਕ ਕੇ ਉਸੇ ਅੱਗ ਵਿਚ ਸੁੱਟ ਦਿੱਤਾ।

ਪਤਾ ਨਹੀਂ ਉਹ ਲੋਕ ਫ਼ੋਨ ਕਿਵੇਂ ਸਾਬਤ ਛੱਡ ਗਏ ਸਨ। ਮੈਂ ਬਾਵਰੀ ਹੋ ਕੇ ਅੰਦਰ ਫਿਰ ਰਹੀ ਸਾਂ ਕਿ ਹੁਣ ਕੀ ਕਰਨਾ ਚਾਹੀਦਾ ਹੈ ? ਦੋ ਨਿੱਕੇ ਨਿੱਕੇ ਲੜਕੇ ਤੇ ਇਕ ਲੜਕੀ ਹੀ ਮੇਰੇ ਕੋਲ ਸੀ, ਕਿ ਵੇਖਿਆ ਟੈਲੀਫੋਨ ਹੇਠਾਂ ਡਿੱਗਾ ਪਿਆ ਸੀ, ਪਰ ਡਾਇਲਟੋਨ ਆ ਰਹੀ ਸੀ। ਸੋ ਉਸੇ ਵੇਲੇ ਦੇਵਰ ਦੇ ਘਰ ਫ਼ੋਨ ਕੀਤਾ। ਉਹ ਲੋਕ ਰਾਤੀਂ ਮਿਲਟਰੀ ਲੈ ਕੇ ਆਏ ਤੇ ਸਾਨੂੰ ਕੱਢ ਕੇ ਗੋਬਿੰਦਨਗਰ ਆਪਣੇ ਘਰ ਲੈ ਗਏ।




ਮੇਰਾ ਹੁਣ ਕੋਈ ਕਮਾਉਣ ਵਾਲਾ ਨਹੀਂ। ਬੱਚੇ ਹਾਲੀ ਪੰਜ ਤੇ ਸੱਤ ਸਾਲ ਦੇ ਨੇ ਲੜਕੀ ਨਾਵੀਂ ਵਿਚ ਪੜ੍ਹ ਰਹੀ ਹੈ। ਮੈਨੂੰ ਕਿਸੇ ਕਿਸਮ ਦਾ ਕੋਈ ਤਜੁਰਬਾ ਨਹੀਂ ਕਿ ਆਪ ਕੰਮ ਕਰ ਸਕਾਂ। ਘਰ ਮੈਂ ਜਾ ਨਹੀਂ ਸਕਦੀ... ਮੇਰਾ ਦੁਸ਼ਮਣ ਦਰਵਾਜ਼ੇ 'ਤੇ ਹਸਦਾ ਖੇਡਦਾ ਬੈਠਾ ਹੈ। ਉਸ ਸੜਕ ਤੋਂ ਲੰਘਦਿਆਂ ਵੀ ਉਸ ਪਾਸੇ ਵਾਲ ਵੇਖਦੀ ਹਾਂ ਤਾਂ ਖ਼ੂਨ ਖੌਲਣ ਲੱਗ ਜਾਂਦਾ ਹੈ। ਫਜ਼ਲਗੰਜ ਥਾਣੇ ਵਿਚ ਚੌਕੀ ਇੰਚਾਰਜ ਯਾਦਵ ਨੂੰ ਐਫ਼ ਆਈ ਆਰ ਵਿਚ ਅਸਾਂ ਨਾਮਜ਼ਦ ਰਿਪੋਰਟ ਲਿਖਵਾਈ ਸੀ, ਮੈਂ ਆਪ ਜੋ ਅਖੀਂ ਵੇਖਿਆ ਸੀ, ਪੁਲੀਸ ਨੂੰ ਦੱਸਿਆ, ਪਰ ਉਨ੍ਹਾਂ ਐਫ਼.ਆਈ. ਆਰ ਹੀ ਗ਼ਲਤ ਲਿਖੀ ਤੇ ਅਹਿਮਦ ਇਕ ਵਾਰੀ ਪੁਲੀਸ ਨੇ ਅੰਦਰ ਵੀ ਕੀਤਾ ਪਰ ਅਬਦੁਲ ਰਹਿਮਾਨ ਖਾਂ ਨਸ਼ਤਰ ਨੇ ਜ਼ਮਾਨਤ ਕਰਾ ਕੇ ਛੁਡਾ ਲਿਆ।

ਮੇਰੇ ਅੰਦਰ ਹਰ ਵੇਲੇ ਧੂ ਧੂ ਅੱਗ ਬਲਦੀ ਰਹਿੰਦੀ ਹੈ, ਉਨ੍ਹਾਂ ਤਾਂ ਵਾਪਸ ਨਹੀਂ ਆਉਣਾ, ਪਰ ਘੱਟੋ-ਘੱਟ ਇਨ੍ਹਾਂ ਪਾਪੀਆਂ ਨੂੰ ਕੁਝ ਸਜ਼ਾਅ ਤਾਂ ਮਿਲਦੀ... ਇਹ ਐਂਜ ਸੀਨਾ ਤਾਣ ਕੇ ਤਾਂ ਨਾ ਚਲ ਸਕਦੇ...।

ਤੇ ਇਸ ਤਰ੍ਹਾਂ ਸਾਰੀ ਗੱਲ ਦਸਦੀ ਗੁਰਵਿੰਦਰ ਦੀਆਂ ਅੱਖਾਂ ਤੇ ਮੂੰਹ ਜੋ ਰੋਹ ਨਾਲ ਲਾਲ ਬਿੰਬ ਹੋਇਆ ਸੀ, ਅਖ਼ੀਰ ਤੇ ਬੇਬਸੀ ਵਿਚ ਅੱਖਾਂ ਵਿਚੋਂ ਹੌਲੀ ਹੌਲੀ ਵਹਿਣਾ ਸ਼ੁਰੂ ਹੋਇਆ ਤੇ ਹਟਕੋਰਿਆਂ ਵਿਚ ਠਹਿਰ ਗਿਆ।



**ਤਾਰਨ ਗੁਜਰਾਲ**
ਫ਼ੋਨ 98557-19660

## ਬਰ੍ਹਾ

ਪਹਿਲੀ ਨਵੰਬਰ 1984 ਸ਼ਾਮੀ ਸਾਢੇ ਪੰਜ ਵਜੇ ਹਜੂਮ ਆਇਆ ਤੇ ਪਥਰਾਅ ਕੀਤਾ। ਉਨ੍ਹਾਂ ਘਰ ਨੂੰ ਦੋਹਾਂ ਪਾਸਿਓਂ ਘੇਰ ਕੇ ਅੰਦਰ ਬੰਬ ਸੁੱਟੇ। ਇਕ ਦਰਵਾਜ਼ਾ ਤੋੜ ਕੇ ਭੀੜ ਅੰਦਰ ਵਲ ਆਈ। ਘਰ ਦੇ ਸਾਰੇ ਜੀਅ ਡ੍ਰਾਇੰਗਰੂਮ ਵਿਚ ਜਾ ਲੁਕੇ ਤੇ ਅੰਦਰੋਂ ਸਾਰੇ ਦਰਵਾਜ਼ੇ ਬੰਦ ਕਰਕੇ ਅੱਗੇ ਭਾਰੀ ਸਾਮਾਨ ਰੱਖ ਦਿੱਤਾ। ਇਕ ਦਰਵਾਜ਼ੇ ਨਾਲ ਲਗ ਕੇ ਇਹ ਸਭ ਖੜ੍ਹੇ ਹੋ ਗਏ। ਇਹ ਸਰਦਾਰ ਅਮਰੀਕ ਸਿੰਘ ਗਿਆਨੀ ਦਾ ਘਰ ਸੀ, ਜਿਨ੍ਹਾਂ ਦੀ ਲੜਕੀ ਦਾ ਅਠਾਰਾਂ ਨਵੰਬਰ ਨੂੰ ਵਿਆਹ ਸੀ। ਲੜਕੀ ਦੇ ਵਿਆਹ ਲਈ ਬਹੁਤ ਸਾਰਾ ਕੀਮਤੀ ਸਾਮਾਨ ਲੈ ਕੇ ਉਸ ਦੇ ਨਾਨਾ ਅਨੰਤ ਸਿੰਘ ਤੇ ਨਾਨੀ ਕੈਨੇਡਾ ਤੋਂ ਆਏ ਹੋਏ ਸਨ। ਦਾਜ ਦਾ ਪੂਰਾ ਸਾਮਾਨ ਸੋਨਾ, ਕੀਮਤੀ ਕੱਪੜੇ ਤੇ ਘਰ ਦਾ ਹਰ ਪ੍ਰਕਾਰ ਦਾ ਵਲੇਵਾ ਵਿਆਹ ਲਈ ਤਿਆਰ ਸੀ।

ਅਨੰਤ ਸਿੰਘ ਤੇ ਅਮਰੀਕ ਸਿੰਘ ਦਾ ਛੋਟਾ ਲੜਕਾ ਮਨਿੰਦਰ ਸਿੰਘ (ਬੱਬੂ) ਜੋ 18 ਸਾਲ ਦਾ ਨੌਜੁਆਨ ਸੀ, ਅਮਰੀਕ ਸਿੰਘ ਦੀ ਪਤਨੀ, ਵੱਡਾ ਲੜਕਾ ਦਵਿੰਦਰ ਪਾਲ ਸਿੰਘ, ਸਾਰੇ ਹੀ ਦਰਵਾਜ਼ੇ ਨਾਲ ਲੱਗੇ ਹੋਏ ਸਨ ਕਿ ਦਰਵਾਜ਼ਾ ਨਾ ਟੁੱਟ ਜਾਵੇ। ਏਨੇ ਨੂੰ ਦਰਵਾਜ਼ੇ ਦੇ ਬਾਹਰੋਂ ਥ੍ਰੀ ਨਾਟ ਥ੍ਰੀ ਦੀ ਗੋਲੀ ਅੰਦਰ ਆਈ, ਜੋ ਅਮਰੀਕ ਸਿੰਘ ਦੀ ਪਤਨੀ ਦੀ ਉਂਗਲ ਨੂੰ ਚੀਰਦੀ ਹੋਈ ਉਸ ਦੇ ਪਿਤਾ ਅਨੰਤ ਸਿੰਘ ਦੀ ਛਾਤੀ ਵਿਚ ਜਾ ਲੱਗੀ ਜਿਸ ਨਾਲ ਉਹ ਡਿੱਗ ਕੇ ਤੜਪਣ ਲੱਗ ਪਏ ਤੇ ਕੁਝ ਚਿਰ ਵਿਚ ਹੀ ਖ਼ਤਮ ਹੋ ਗਏ। ਦੂਜੀ ਗੋਲੀ ਮਨਿੰਦਰ ਦੀ ਖੋਪੜੀ ਵਿਚ ਲੱਗੀ ਜਿਸ ਨਾਲ ਖੋਪੜੀ ਵਾਲਾਂ ਸਣੇ ਲਹਿ ਕੇ ਪਰ੍ਹੇ ਜਾ ਪਈ। ਦੋ ਗੋਲੀਆਂ ਦਵਿੰਦਰਪਾਲ ਦੀ ਛਾਤੀ ਦੇ ਸੱਜੇ ਪਾਸੇ ਉਪਰ ਵਲ ਲਗੀਆਂ ਤੇ ਇਕ ਮੋਢੇ ਨੂੰ ਪਾਰ ਕਰ ਗਈ। ਜਦ ਅਨੰਤ ਸਿੰਘ ਤੇ ਮਨਿੰਦਰ ਸਿੰਘ ਚਲ ਵਸੇ ਤਾਂ ਅਮਰੀਕ ਸਿੰਘ ਨੇ ਦਰਵਾਜ਼ਾ ਖੋਲ੍ਹ ਦਿੱਤਾ ਤੇ ਪੁਛਿਆ ਕਿ ਹੁਣ ਹੋਰ ਕੀ ਚਾਹੁੰਦੇ ਹੋ ? ਉਨ੍ਹਾਂ ਕਿਹਾ ਕਿ ਕੈਸ਼ ਦਿਉ, ਸੇਫ਼ ਦੀਆਂ ਚਾਬੀਆਂ ਦਿਉ। ਇਸ ਦੇ ਨਾਲ ਹੀ ਉਨ੍ਹਾਂ ਰਾਈਫ਼ਲ ਦਵਿੰਦਰ ਦੇ ਮੱਥੇ ਨਾਲ ਲਾਈ ਤਾਂ ਇਨ੍ਹਾਂ ਚਾਬੀਆਂ ਦੇ ਦਿੱਤੀਆਂ। ਉਨ੍ਹਾਂ ਦਵਿੰਦਰ ਨੂੰ ਕਿਹਾ ਕਿ ਸਕੂਟਰ ਤੇ ਮੋਟਰਸਾਈਕਲ ਬਾਹਰ ਸੜਕ 'ਤੇ ਖੜ੍ਹੀ ਕਰ। ਖ਼ੂਨ ਨਾਲ ਲੱਥਪੱਥ ਦਵਿੰਦਰ ਨੇ ਦੋਵੇਂ ਚੀਜ਼ਾਂ ਬਾਹਰ ਸੜਕ 'ਤੇ ਖੜ੍ਹੀਆਂ ਕੀਤੀਆਂ ਜੋ ਉਹ ਲੈ ਗਏ। ਘਰ ਦਾ ਸਾਰਾ ਸਾਮਾਨ ਮਿੰਨੀ ਬਸ ਜੋ ਉਹ ਨਾਲ ਲੈ ਕੇ ਆਏ ਸਨ ਵਿਚ ਭਰ ਕੇ ਲੈ ਗਏ। ਮੋਟਰ ਸਾਈਕਲ ਤੇ ਸਕੂਟਰ ਹਾਲੀ ਵੀ ਘਾਟਮਪੁਰ ਵਿਚ ਚਲਾਏ ਜਾ ਰਹੇ ਹਨ। ਹਮਲਾਵਰ ਕੌਂਸਲਰ ਕੁਸ਼ਵਾਹਾ ਦੇ ਭਤੀਜੇ ਸਨ। ਗੋਬਿੰਦ ਨਗਰ ਭਾਰਤ ਗੈਸ ਕੰਪਨੀ ਦਾ ਮਾਲਕ ਵੀ ਉਸ ਹਜੂਮ ਵਿਚ ਸੀ। ਉਸ ਨੂੰ ਅਮਰੀਕ ਸਿੰਘ ਹੁਰੀਂ ਆਪ ਦੁਆਈਆਂ ਦਿੰਦੇ ਰਹੇ ਸਨ, ਸਗੋਂ ਇਕ ਦਿਨ ਪਹਿਲਾਂ ਵੀ ਦੁਆਈ ਦੇ ਕੇ ਆਏ ਸਨ।

ਉਸ ਨੇ ਅਮਰੀਕ ਸਿੰਘ ਹੁਰਾਂ ਨੂੰ ਧੱਕਿਆ ਕਿ ਚਲ ਕੇ ਸੇਫ਼ ਖੋਲ੍ਹੇ ਕਿਉਂਕਿ ਚਾਬੀ ਠੀਕ ਤਰ੍ਹਾਂ ਨਾ ਲੱਗਣ ਕਾਰਨ ਸੇਫ਼ ਖੁਲ੍ਹ ਨਹੀਂ ਸੀ ਰਹੀ। ਜਦ ਅਮਰੀਕ ਸਿੰਘ ਸੇਫ਼ ਖੋਲ੍ਹਣ ਗਏ ਤਾਂ ਸਭ ਦੰਗਾਈ ਉਨ੍ਹਾਂ ਦੇ ਮਗਰ ਚਲੇ ਗਏ। ਦਵਿੰਦਰ ਨੇ ਛੇਤੀ ਨਾਲ ਆਪਣੀ ਲੁਕੀ ਹੋਈ ਜੁਆਨ ਭੈਣ ਨੂੰ ਫੜ ਕੇ ਸਵਰਗਵਾਸੀ ਨਾਨੇ ਅਤੇ ਭਰਾ ਦੇ ਵਿਚਕਾਰ ਲਿਟਾ ਦਿੱਤਾ ਤੇ ਉੱਤੇ ਚਾਦਰ ਲਹੂ ਭਿੱਜੀ ਪਾ ਦਿੱਤੀ। ਉਹ ਲੜਕੀ ਨੂੰ ਲੱਭਦੇ ਰਹੇ, ਪਰ ਨਾ ਮਿਲਣ 'ਤੇ ਮਾਲ ਅਸਬਾਬ ਲੈ ਕੇ ਚਲੇ ਗਏ।

ਉਨ੍ਹਾਂ ਦੇ ਜਾਣ ਤੋਂ ਬਾਅਦ ਦਵਿੰਦਰ ਸਖ਼ਤ ਜ਼ਖ਼ਮੀ ਹਾਲਤ ਵਿਚ ਪੁਲੀਸ ਚੌਕੀ ਨੱਸਿਆ। ਚਾਰ ਸਿਪਾਹੀ ਚੌਕ 'ਤੇ ਖੜ੍ਹੇ ਸਨ, ਇਸ ਨੇ ਮਦਦ ਲਈ ਕਿਹਾ ਤਾਂ ਉਨ੍ਹਾਂ ਨਫ਼ਰਤ ਨਾਲ ਕਿਹਾ "ਸਾਲੇ ਤੁਮ ਅਭੀ ਜ਼ਿੰਦਾ ਹੋ, ਮਰੇ ਨਹੀਂ ?" ਉਹ ਖ਼ੂਨ ਨਾਲ ਲੱਥਪੱਥ ਜਾ ਰਿਹਾ ਸੀ ਕਿ ਇਕ ਹਿੰਦੂ ਸਕੂਟਰ ਵਾਲੇ ਨੇ ਆਪਣੇ ਪਿੱਛੇ ਬਿਠਾ ਕੇ ਕਿਦਵਈ ਨਗਰ ਥਾਣੇ ਪਹੁੰਚਾਇਆ। ਉਨ੍ਹਾਂ ਵੀ ਰਿਪੋਰਟ ਲਿਖਣ ਤੋਂ ਇਨਕਾਰ ਕਰ ਦਿੱਤਾ ਕਿ ਨੌਬਸਤੇ ਥਾਣੇ ਜਾਉ, ਤੁਹਾਡਾ ਥਾਣਾ ਉਹ ਹੈ। ਕਿਦਵਈ ਨਗਰ ਤੋਂ ਉਹ ਫਿਰ ਪੈਦਲ ਨੌਬਸਤੇ ਥਾਣੇ ਗਿਆ ਤਾਂ ਉਥੋਂ ਦੀ ਪੁਲੀਸ ਨੇ ਅਮਰੀਕ ਸਿੰਘ, ਉਨ੍ਹਾਂ ਦੀ ਪਤਨੀ, ਸੱਸ, ਪਿੰਕੀ ਤੇ ਦਵਿੰਦਰ ਨੂੰ ਕਿਦਵਈ ਨਗਰ ਥਾਣੇ ਪਹੁੰਚਾਇਆ। ਬਾਅਦ ਵਿਚ ਡੀ.ਐਮ. ਦੇ ਅਉਣ 'ਤੇ ਅਮਰੀਕ ਸਿੰਘ ਮਿਲਟਰੀ ਲੈ ਕੇ ਇਕ ਘੰਟੇ ਬਾਅਦ ਜਦ ਲਾਸ਼ਾਂ ਚੁੱਕਣ ਗਏ ਤਾਂ ਲਾਸ਼ਾਂ ਉਥੇ ਨਹੀਂ ਸਨ ਤੇ ਨਾ ਹੀ ਉਨ੍ਹਾਂ ਨੂੰ ਫਿਰ ਮਿਲ ਸਕੀਆਂ।

## ਗੋਬਿੰਦ ਨਗਰ

ਹਰਸ਼ਰਨ ਕੌਰ 124ਈ/8 ਗੋਬਿੰਦ ਨਗਰ ਨੇ ਦੱਸਿਆ 31 ਅਕਤੂਬਰ 1984 ਨੂੰ ਸ਼ਾਮੀ ਆਸਪਾਸ ਦੇ ਮੁੰਡਿਆਂ ਨੇ ਸਾਡੇ ਘਰ 'ਤੇ ਪੱਥਰ ਮਾਰੇ ਤੇ ਬਿਜਲੀ ਦਾ ਮੀਟਰ ਸਾੜ ਦਿੱਤਾ। ਘਰ ਵਿਚ ਮੇਰੇ ਪਤੀ ਦੋ ਜੁਆਨ ਲੜਕੇ ਹਰਮਿੰਦਰ ਸਿੰਘ, ਪਰਵਿੰਦਰ ਸਿੰਘ ਤੇ ਦੋ ਲੜਕੀਆਂ ਸਨ। ਇਕ ਲੜਕਾ ਪੰਥ ਨਗਰ ਇੰਜਨੀਅਰਿੰਗ ਕਾਲਜ ਵਿਚ ਪੜ੍ਹਦਾ ਹੈ। ਉਹ ਪੰਥ ਨਗਰ ਹੀ ਸੀ। ਸਵੇਰੇ ਸੱਤ ਅੱਠ ਵਜੇ ਵੀਹ ਪੰਝੀ ਮੁੰਡਿਆਂ ਪੱਥਰ ਮਾਰਨੇ ਸ਼ੁਰੂ ਕੀਤੇ ਤੇ ਹੌਲੀ ਹੌਲੀ ਭੀੜ ਵਧਣੀ ਸ਼ੁਰੂ ਹੋ ਗਈ। ਦਸ ਬਾਰ੍ਹਾਂ ਵਜੇ ਪੰਜ ਛੇ ਸੌ ਆਦਮੀ ਇਕੱਠੇ ਹੋ ਗਏ। ਉਨ੍ਹਾਂ ਗੇਟ ਤੋੜ ਕੇ ਘਰ ਦੇ ਦਰਵਾਜ਼ੇ ਤੋੜ ਦਿੱਤੇ। ਫੈਕਟਰੀ ਦਾ ਸਾਰਾ ਸਾਮਾਨ ਲੁੱਟ ਲਿਆ। ਅਸਾਂ ਹੱਥ ਜੋੜੇ ਕਿ ਅਬ ਮਾਫ਼ ਕਰ ਦੋ ਬਹੁਤ ਹੋ ਚੁਕਾ, ਤਾਂ ਸਲੂਜਿਆਂ ਦੇ ਘਰ ਚਲੇ ਗਏ, ਉਥੇ ਡੇਢ ਦੋ ਵਜੇ ਤੱਕ ਕਤਲੋਗਾਰਤ ਹੁੰਦੀ ਰਹੀ। ਉਨ੍ਹਾਂ ਦੇ ਘਰ ਦੇ ਤੇਰ੍ਹਾਂ ਜੀਅ ਸਣੇ ਮਾਸੂਮ ਬੱਚਿਆਂ ਦੇ ਮਾਰ ਕੇ ਘਰ ਨੂੰ ਅੱਗ ਲਾਉਣ ਤੋਂ ਬਾਅਦ ਉਹ ਫਿਰ ਸਾਡੇ ਘਰ ਆ ਗਏ। ਰਾਤੀਂ ਮੇਰੀਆਂ ਲੜਕੀਆਂ ਗੁਆਂਢੀਆਂ ਨੇ ਲੁਕਾ ਲਈਆਂ ਤੇ ਸਾਨੂੰ ਵੀ ਪਨਾਹ ਦਿੱਤੀ। ਦੰਗਾਈਆਂ ਘਰ ਪੂਰਾ ਲੁੱਟ ਲਿਆ ਪਰ ਸਾਨੂੰ ਉਥੇ ਨਾ ਵੇਖ ਕੇ ਘਰ ਘਰ ਲੱਭਣ ਲੱਗੇ। ਕਿਸੇ ਨੇ ਗੁਆਂਢੀਆਂ ਬਾਰੇ ਦੱਸਿਆ ਕਿ ਉਨ੍ਹਾਂ ਛੁਪਾਇਆ ਹੋਇਆ ਹੈ। ਉਨ੍ਹਾਂ ਨੇ ਗੁਆਂਢੀਆਂ ਨੂੰ ਕਿਹਾ ਕਿ ਜੇ ਸਿੱਖ ਸਾਡੇ ਹਵਾਲੇ ਨਹੀਂ ਕਰੋਗੇ ਤਾਂ ਤੁਹਾਡੇ ਘਰ ਨੂੰ ਵੀ ਅੱਗ ਲਾ ਦਿਆਂਗੇ। ਸੋ ਉਨ੍ਹਾਂ ਕੁੜੀਆਂ ਤਾਂ ਰੱਖੀ ਰੱਖੀਆਂ, ਪਰ ਸਾਨੂੰ ਕਿਹਾ ਕਿ ਤੁਸੀਂ ਆਪਣੇ ਘਰ ਚਲੇ ਜਾਉ। ਅਸੀਂ ਕੋਠੇ 'ਤੇ ਗਏ, ਪਰ ਮੈਂ ਵੇਖਿਆ ਕਿ ਉਪਰ ਕੁਝ ਮੁੰਡੇ ਇੱਟਾਂ ਚੁੱਕ ਕੇ ਖੜ੍ਹੇ ਸਨ, ਸੋ ਪਤੀ ਤੇ ਮੁੰਡਿਆਂ ਨੂੰ ਲੈ ਕੇ ਗੁਆਂਢੀਆਂ ਦੀ ਮਿਆਨੀ ਵਿਚ ਲੁਕ ਗਈ। ਉਨ੍ਹਾਂ ਨੇ ਗੁਆਂਢੀਆਂ ਦਾ ਬੂਹਾ ਤੋੜ ਦਿੱਤਾ ਤੇ ਉਨ੍ਹਾਂ ਦੇ ਮੁੰਡੇ ਨੂੰ ਫੜ ਲਿਆ। ਫਿਰ ਉੱਚੀ ਉੱਚੀ ਕਹਿਣ ਲੱਗੇ ਕਿ ਬਾਹਰ ਨਿਕਲ ਆਉ ਨਹੀਂ ਤਾਂ ਏਸ ਮੁੰਡੇ ਨੂੰ ਮਾਰ ਦਿਆਂਗੇ। ਸਰਦਾਰ ਜੀ ਨੇ ਖਿੜਕੀ ਖੋਲ੍ਹ ਦਿੱਤੀ ਤੇ ਬਾਹਰ ਸੜਕ 'ਤੇ ਖਲੋਤੇ ਬੰਦਿਆਂ ਨੂੰ ਕੁਝ ਕਹਿਣ ਜਾ ਹੀ ਰਹੇ ਸਨ ਕਿ ਉਨ੍ਹਾਂ ਦੇ ਪੇਟ ਵਿਚ ਗੋਲੀ ਮਾਰ ਦਿੱਤੀ ਗਈ ਤੇ ਉਹ ਡਿੱਗ ਪਏ। ਭੀੜ ਉਪਰ ਚੜ੍ਹ ਆਈ। ਬੂਹਾ ਮੁੰਡੇ ਨੇ ਖੋਲ੍ਹ ਦਿੱਤਾ। ਉਨ੍ਹਾਂ ਦੋਹਾਂ ਮੁੰਡਿਆਂ ਨੂੰ ਛੁਰੇ ਮਾਰੇ ਤੇ ਬਾਹਰ ਸੜਕ 'ਤੇ ਸੁੱਟ ਕੇ ਪੈਟਰੋਲ ਪਾ ਕੇ ਅੱਗ ਲਾ ਦਿੱਤੀ। ਸਰਦਾਰ ਜੀ ਦੇ ਪੇਟ ਤੇ ਮੈਂ ਆਪਣੀ ਚੁੰਨੀ ਬੱਧੀ ਤੇ ਉਹ ਪੌੜੀਆਂ ਵੱਲ ਦੋੜੇ ਕਿ ਬੱਚਿਆਂ ਨੂੰ ਨਾ ਮਾਰੋ, ਪਰ ਡਿੱਗ ਪਏ ਤੇ ਦੰਗਾਈਆਂ ਨੇ ਉਨ੍ਹਾਂ ਨੂੰ ਵੀ ਘਸੀਟ ਕੇ ਅੱਗ ਵਿਚ ਸੁੱਟ ਦਿੱਤਾ। ਮੈਂ ਤਰਲੇ ਕਰਦੀ ਰਹੀ ਪਰ ਕਹਿਣ ਲੱਗੇ ਕਿ "ਬੁੱਢੀਆਂ ਕੋ ਭੀ ਸਾਥ ਹੀ ਭੇਜ ਦੋ", ਇਕ ਦੋ ਮੁੰਡਿਆਂ ਕਿਹਾ ਕਿ "ਔਰਤ ਕੋ ਛੋੜ ਦੋ।"

ਹਰਸ਼ਰਨ ਕੌਰ ਦੀ ਇਕ ਲੜਕੀ ਵਿਆਹਯੋਗ ਹੈ। ਉਸ ਦੀ ਗੱਲਬਾਤ ਵੀ ਕਿਧਰੇ ਹੋਈ ਹੈ, ਪਰ ਪੈਸਿਆਂ ਬਿਨਾਂ ਵਿਆਹ ਨਹੀਂ ਹੋ ਰਿਹਾ। ਹਾਲੀ ਵੀ ਲੋਕ ਉੱਜੜੇ ਪੁਜੜਿਆਂ ਕੋਲੋਂ ਦਾਜ ਦੀ ਤੇ ਖ਼ਾਤਰਦਾਰੀ ਦੀ ਉਮੀਦ ਰੱਖ ਰਹੇ ਹਨ। ਉਸ ਦੇ ਕੋਲ ਲੜਕੇ ਤੇ ਛੋਟੀ ਲੜਕੀ ਲਈ ਫੀਸ ਤੱਕ ਦਾ ਇੰਤਜ਼ਾਮ ਨਹੀਂ। ਤਿੰਨਾਂ ਦਾ ਮੁਆਵਜ਼ਾ ਮਿਲਿਆ ਹੈ। ਹੌਲੀ ਹੌਲੀ ਭੋਰ ਕੇ ਖ਼ਰਚ ਕਰ ਰਹੀ ਹੈ, ਪਰ ਕਮਾਈ ਦਾ ਸਾਧਨ ਬਿਲਕੁਲ ਕੋਈ ਨਾ ਹੋਣ ਕਰਕੇ ਬਹੁਤ ਚਿੰਤਿਤ ਹੈ।

(ਬਾਕੀ ਅਗਲੇ ਹ.ਫਤੇ)

# ਮੁਤਵਾਜ਼ੀ ਜਥੇਦਾਰਾਂ ਨੂੰ ਨਿਤੀਸ਼ ਵਲੋਂ ਚਾਹ ਦਾ ਸੱਦਾ, ਹਾਕਮ ਧਿਰ ਖ਼ਫ਼ਾ

ਬਠਿੰਡਾ/ਬਿਊਰੋ ਨਿਊਜ਼ :
ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ ਨੇ ਮੁਤਵਾਜ਼ੀ ਜਥੇਦਾਰਾਂ ਨੂੰ 'ਚਾਹ ਪਾਰਟੀ' ਦਾ ਸੱਦਾ ਦਿੱਤਾ ਹੈ, ਜਿਸ ਤੋਂ ਪੰਜਾਬ ਦੀ ਹਾਕਮ ਧਿਰ ਅੰਦਰੋਂ ਅੰਦਰੀ ਖਫ਼ਾ ਹੈ। ਨਿਤੀਸ਼ ਕੁਮਾਰ ਨੇ ਠੀਕ ਉਦੋਂ ਇਹ ਸੱਦਾ ਦਿੱਤਾ ਹੈ ਜਦੋਂ ਪੰਜਾਬ ਪੁਲੀਸ ਵੱਲੋਂ ਮੁਤਵਾਜ਼ੀ ਜਥੇਦਾਰਾਂ ਨੂੰ ਫੜਨ ਲਈ ਛਾਪੇ ਮਾਰੇ ਜਾ ਰਹੇ ਹਨ। ਤਖ਼ਤ ਦਮਦਮਾ ਸਾਹਿਬ ਦੇ ਮੁਤਵਾਜ਼ੀ ਜਥੇਦਾਰ ਭਾਈ ਬਲਜੀਤ ਸਿੰਘ ਦਾਦੂਵਾਲ ਨੂੰ ਤਾਂ ਪੰਜਾਬ ਪੁਲੀਸ ਨੇ ਗ੍ਰਿਫ਼ਤਾਰ ਵੀ ਕਰ ਲਿਆ ਹੈ। ਉਨ੍ਹਾਂ ਨੂੰ ਗੁਰਦਾਸਪੁਰ ਜੇਲ੍ਹ ਭੇਜ ਦਿੱਤਾ ਗਿਆ ਹੈ। ਬਾਕੀ ਮੁਤਵਾਜ਼ੀ ਜਥੇਦਾਰਾਂ ਤੇ ਪੰਥਕ ਆਗੂਆਂ ਦੇ ਘਰਾਂ 'ਤੇ ਛਾਪੇ ਮਾਰੇ ਗਏ ਹਨ। ਸੂਤਰਾਂ ਮੁਤਾਬਕ ਇਹ ਚਾਹ ਪਾਰਟੀ ਨਿਤੀਸ਼ ਕੁਮਾਰ ਦੀ ਮੁਤਵਾਜ਼ੀ ਜਥੇਦਾਰਾਂ ਦੀ ਮਾਨਤਾ 'ਤੇ ਮੋਹਰ ਹੈ। ਉਨ੍ਹਾਂ ਨੇ ਮੁਤਵਾਜ਼ੀ ਜਥੇਦਾਰਾਂ ਨੂੰ 4 ਜਨਵਰੀ ਨੂੰ ਪਟਨਾ ਸਾਹਿਬ ਸਥਿਤ ਆਪਣੀ ਰਿਹਾਇਸ਼ 'ਤੇ 'ਚਾਹ ਪਾਰਟੀ' ਲਈ ਸੱਦਿਆ ਹੈ। ਸ੍ਰੀ ਨਿਤੀਸ਼ ਵੱਲੋਂ 5 ਜਨਵਰੀ ਦੇ ਮੁੱਖ ਸਮਾਗਮਾਂ ਵਿਚ ਮੁਤਵਾਜ਼ੀ ਜਥੇਦਾਰਾਂ ਨੂੰ ਮਾਣ ਸਨਮਾਨ ਦਿੱਤਾ ਜਾਵੇਗਾ। ਦੂਜੇ ਪਾਸੇ ਜਥੇਦਾਰ ਗਿਆਨੀ ਇਕਬਾਲ ਸਿੰਘ ਨੇ ਅਕਾਲ ਤਖ਼ਤ ਸਾਹਿਬ ਤੇ ਬਾਕੀ ਜਥੇਦਾਰਾਂ ਨੂੰ ਪਟਨਾ ਸਾਹਿਬ ਦੇ ਸਮਾਗਮਾਂ ਵਿੱਚ ਸੁਰੱਖਿਆ ਦੀ ਨਜ਼ਰ ਤੋਂ ਸ਼ਾਮਲ ਨਾ ਹੋਣ ਦੀ ਅਪੀਲ ਕੀਤੀ ਹੈ। ਸੂਤਰਾਂ ਅਨੁਸਾਰ ਯੂਨਾਈਟਿਡ ਅਕਾਲੀ ਦਲ ਦੇ ਜਨਰਲ ਸਕੱਤਰ ਗੁਰਦੀਪ ਸਿੰਘ ਤੇ ਭਾਈ ਮੋਹਕਮ ਸਿੰਘ ਨੇ ਹਫ਼ਤਾ ਪਹਿਲਾਂ ਜਨਤਾ ਦਲ (ਯੂ) ਦੇ ਜਨਰਲ ਸਕੱਤਰ ਤੇ ਸੰਸਦ ਮੈਂਬਰ ਕੇ.ਸੀ. ਤਿਆਗੀ ਨਾਲ ਦਿੱਲੀ ਵਿਚ ਦੋ ਮੀਟਿੰਗਾਂ ਕੀਤੀਆਂ ਸਨ, ਜਿਨ੍ਹਾਂ ਦੇ ਨਤੀਜੇ ਵਜੋਂ ਹੁਣ ਬਿਹਾਰ ਦੇ ਮੁੱਖ ਮੰਤਰੀ ਵੱਲੋਂ ਮੁਤਵਾਜ਼ੀ ਜਥੇਦਾਰਾਂ ਨੂੰ 4 ਜਨਵਰੀ ਨੂੰ ਚਾਹ ਪਾਰਟੀ ਦਾ ਸੱਦਾ ਭੇਜਿਆ ਹੈ। ਭਾਈ ਗੁਰਦੀਪ ਸਿੰਘ ਬਠਿੰਡਾ ਨੇ 4 ਜਨਵਰੀ ਨੂੰ ਦਿੱਤੀ ਜਾ ਰਹੀ ਚਾਹ ਪਾਰਟੀ ਦੀ ਪੁਸ਼ਟੀ ਕੀਤੀ ਸੀ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਪੰਥਕ ਆਗੂਆਂ ਨੂੰ ਪਟਨਾ ਸਾਹਿਬ ਦੇ ਸਮਾਗਮਾਂ ਵਿਚ ਸ਼ਾਮਲ ਹੋਣ ਤੋਂ ਰੋਕ ਰਹੀ ਹੈ, ਜੋ ਨਿੰਦਣਯੋਗ ਹੈ। ਜਾਣਕਾਰੀ ਅਨੁਸਾਰ ਭਾਈ ਅਮਰੀਕ ਸਿੰਘ ਅਜਨਾਲਾ ਤੇ ਧਿਆਨ ਸਿੰਘ ਮੰਡ ਪੰਜਾਬ ਪੁਲੀਸ ਨੂੰ ਚਕਮਾ ਦੇ ਕੇ ਪੰਜਾਬ ਵਿਚੋਂ ਨਿਕਲਣ ਵਿਚ ਕਾਮਯਾਬ ਹੋ ਗਏ ਹਨ।

## ਤਖ਼ਤਾਂ ਦੇ ਜਥੇਦਾਰਾਂ ਲਈ ਸ਼੍ਰੋਮਣੀ ਕਮੇਟੀ ਨੇ ਭੇਜੀ ਟਾਸਕ ਫੋਰਸ :

ਸ਼੍ਰੋਮਣੀ ਕਮੇਟੀ ਨੇ ਤਖ਼ਤਾਂ ਦੇ ਜਥੇਦਾਰਾਂ ਦੀ ਸੁਰੱਖਿਆ ਲਈ ਸ਼੍ਰੋਮਣੀ ਕਮੇਟੀ ਦੀ ਟਾਸਕ ਫੋਰਸ ਦੀ ਚਾਰ ਸੌ ਮੈਂਬਰੀ ਟੀਮ ਪਟਨਾ ਸਾਹਿਬ ਭੇਜ ਦਿੱਤੀ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੇ ਕਿਹਾ ਕਿ ਬਿਹਾਰ ਦੇ ਮੁੱਖ ਮੰਤਰੀ ਵੱਲੋਂ ਧਾਰਮਿਕ ਸਮਾਗਮਾਂ ਦੀ ਪੂਰੀ ਜ਼ਿੰਮੇਵਾਰੀ ਸ਼੍ਰੋਮਣੀ ਕਮੇਟੀ ਨੂੰ ਸੌਂਪੀ ਗਈ ਹੈ ਅਤੇ ਉਨ੍ਹਾਂ ਨੇ ਸੁਰੱਖਿਆ ਦੇ ਮੱਦੇਨਜ਼ਰ ਟਾਸਕ ਫੋਰਸ ਦੇ 400 ਮੈਂਬਰ ਭੇਜੇ ਹਨ, ਜਿਨ੍ਹਾਂ ਵੱਲੋਂ ਬਿਹਾਰ ਪੁਲੀਸ ਨਾਲ ਤਾਲਮੇਲ ਕਰ ਲਿਆ ਹੈ।

# ਗੁਰਧਾਮਾਂ ਦੇ ਦਰਸ਼ਨਾਂ ਲਈ ਪਾਣੀ ਵਾਲੇ ਤਿੰਨ ਜਹਾਜ਼ ਗੰਗਾ ਵਿੱਚ ਚਲਾਏ

ਪਟਨਾ ਸਾਹਿਬ/ਬਿਊਰੋ ਨਿਊਜ਼ : 'ਬੋਲੇ ਸੋ ਨਿਹਾਲ' ਦੇ ਜੈਕਾਰਿਆਂ ਵਿਚਕਾਰ ਬਿਹਾਰ ਸਰਕਾਰ ਨੇ ਗੁਰਧਾਮਾਂ ਦੇ ਦਰਸ਼ਨਾਂ ਲਈ ਪਾਣੀ ਵਾਲੇ ਤਿੰਨ ਜਹਾਜ਼ ਗੰਗਾ ਵਿੱਚ ਚਲਾ ਦਿੱਤੇ ਹਨ। ਫੁੱਲਾਂ ਨਾਲ ਸਜਾਏ ਇਹ ਜਹਾਜ਼ ਸੰਗਤ ਨੂੰ ਗੰਗਾ ਕੰਢੇ ਪੈਂਦੇ ਦੋ ਗੁਰਧਾਮਾਂ ਕੰਗਣ ਘਾਟ ਅਤੇ ਗਊ ਘਾਟ ਦੇ ਦਰਸ਼ਨ ਕਰਵਾਉਣਗੇ। ਗੁਰੂ ਗੋਬਿੰਦ ਸਿੰਘ ਦੇ 350 ਵੇਂ ਪ੍ਰਕਾਸ਼ ਪੁਰਬ ਨੂੰ ਮਨਾਉਣ ਲਈ ਬਿਹਾਰ ਸਰਕਾਰ ਦੇ ਸੈਰ ਸਪਾਟਾ ਵਿਭਾਗ ਨੇ ਇਹ ਉਪਰਾਲਾ ਕੀਤਾ ਹੈ। ਇਹ ਜਹਾਜ਼ 6 ਜਨਵਰੀ ਤਕ ਗੁਰਦੁਆਰਾ ਕੰਗਣ ਘਾਟ ਤੋਂ ਗਾਂਧੀ ਘਾਟ ਤਕ ਚੱਲਣਗੇ, ਜਿਥੇ 5 ਜਨਵਰੀ ਨੂੰ ਮੁੱਖ ਸਮਾਗਮ ਹੋਣੇ ਹਨ। ਜਥਿਆਂ ਵਿੱਚ ਇੰਗਲੈਂਡ ਦਾ ਗੁਰੂ ਨਾਨਕ ਨਿਸ਼ਕਾਮ ਸੇਵਕ ਜਥਾ, ਵਾਤਾਵਰਣ ਪ੍ਰੇਮੀ ਸੰਤ ਬਲਬੀਰ ਸਿੰਘ ਸੀਚੇਵਾਲ ਅਤੇ ਸੰਤ ਦਇਆ ਸਿੰਘ ਦੇ ਜਥੇ ਸ਼ਾਮਲ ਹਨ।
ਜ਼ਿਲ੍ਹਾ ਮੈਜਿਸਟਰੇਟ ਨੇ ਦੱਸਿਆ ਕਿ ਇਨ੍ਹਾਂ ਜਹਾਜ਼ਾਂ ਵਿੱਚ ਸਫ਼ਰ ਕਰਨ ਵਾਲੇ ਕਿਸੇ ਵੀ ਸ਼ਰਧਾਲੂ ਕੋਲੋਂ ਪੈਸੇ ਨਹੀਂ ਵਸੂਲੇ ਜਾਣਗੇ। ਗੰਗਾ ਵਿੱਚ ਚਲਦੀਆਂ ਨਿੱਜੀ ਕਿਸ਼ਤੀਆਂ 'ਤੇ 6 ਜਨਵਰੀ ਤਕ ਪਾਬੰਦੀ ਲਾ ਦਿੱਤੀ ਗਈ ਹੈ। ਕਸਤੂਰਬਾ, ਵੀ ਵੀ ਗਿਰੀ ਅਤੇ ਗੰਗੋਤਰੀ ਨਾਂ ਦੇ ਜਹਾਜ਼ਾਂ ਨਾਲ ਸਫ਼ਰ ਸਿਰਫ਼ ਅੱਧੇ ਘੰਟੇ ਦਾ ਰਹਿ ਜਾਵੇਗਾ ਜਦਕਿ ਸੜਕ ਰਾਹੀਂ ਡੇਢ ਘੰਟੇ ਲਗਦੇ ਹਨ।

### ਭਾਫ਼ ਦੇ ਇੰਜਨ ਨਾਲ ਤਿਆਰ ਹੋ ਰਿਹਾ ਲੰਗਰ

ਪਟਨਾ ਸਾਹਿਬ : ਗੁਰੂ ਗੋਬਿੰਦ ਸਿੰਘ ਦੇ 350ਵੇਂ ਪ੍ਰਕਾਸ਼ ਪੁਰਬ ਮੌਕੇ ਚਲ ਰਹੇ ਸਮਾਗਮਾਂ ਦੌਰਾਨ ਸੰਗਤਾਂ ਨੂੰ ਛਕਾਇਆ ਜਾਣ ਵਾਲਾ ਲੰਗਰ ਭਾਫ਼ ਦੇ ਇੰਜਨ ਨਾਲ ਤਿਆਰ ਕੀਤਾ ਜਾ ਰਿਹਾ ਹੈ। ਇਸ ਨਾਲ ਖਾਣੇ ਵਿੱਚੋਂ ਜਿਥੇ ਪੌਸ਼ਟਿਕ ਤੱਤ ਨਹੀਂ ਮਰਦੇ, ਉਥੇ ਲੰਗਰ ਤਿਆਰ ਕਰਨ ਵਾਲੇ ਵੀ ਧੂੰਏਂ ਤੋਂ ਰਹਿਤ ਰਸੋਈ ਵਿੱਚ ਭੋਜਨ ਤਿਆਰ ਕਰ ਰਹੇ ਹਨ। ਰਾਜ਼ਾ ਸਾਹਿਬ ਵਾਲਿਆਂ ਵੱਲੋਂ ਸਾਰਾ ਲੰਗਰ ਭਾਫ਼ ਦੇ ਇੰਜਨ ਨਾਲ ਤਿਆਰ ਕੀਤਾ ਜਾ ਰਿਹਾ ਹੈ।

## ਪੋਹ ਸੁਦੀ ਸਤਵੀਂ ਹੈ ਜੋਤ ਰੱਬ ਦੀ, ਪਟਨੇ 'ਚ ਆ ਗਈ..

ਸਫ਼ਾ ਇਕ ਦਾ ਬਾਕੀ

ਕੰਗਨ ਘਾਟ ਤਕ ਪ੍ਰਭਾਤ ਫੇਰੀ ਕੱਢੀ। ਸਵੇਦ ਪਹਿਰਾਵੇ ਵਿਚ 60 ਔਰਤਾਂ-ਮਰਦਾਂ ਦਾ ਇਹ ਜਥਾ ਨਾਮ ਜਪਦਾ ਹੋਇਆ ਗੁਰੂ ਘਰ ਦੀਆਂ ਖ਼ੁਸ਼ੀਆਂ ਪ੍ਰਾਪਤ ਕਰ ਰਿਹਾ ਹੈ। ਪਾਟਲੀ ਪੁੱਤਰ ਦੀ ਧਰਤੀ ਨੂੰ 22 ਦਸੰਬਰ 1666 ਈਸਵੀ ਵਿਚ ਉਸ ਵੇਲੇ ਭਾਗ ਲੱਗੇ ਸਨ, ਜਦੋਂ ਮਾਤਾ ਗੁਜਰੀ ਜੀ ਦੀ ਕੁਖੋਂ, ਗੁਰੂ ਤੇਗ ਬਹਾਦਰ ਜੀ ਦੇ ਘਰ ਦਸਵੇਂ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਜਨਮ ਲਿਆ। ਅੱਜ ਇਸ ਧਰਤੀ 'ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ 350 ਸਾਲਾ ਪ੍ਰਕਾਸ਼ ਪੁਰਬ ਦੀਆਂ ਰੌਣਕਾਂ ਹਨ। ਗਾਂਧੀ ਮੈਦਾਨ ਇਸ ਵੇਲੇ ਪੂਰੀ ਤਰ੍ਹਾਂ ਧਾਰਮਿਕ ਰੰਗ ਵਿਚ ਰੰਗਿਆ ਗਿਆ ਹੈ। 90 ਏਕੜ ਵਿਚ ਫੈਲੇ ਇਸ ਕੰਪਲੈਕਸ ਵਿਚ ਨਿੱਤ ਦਿਹਾੜੇ ਲੱਖਾਂ ਸੰਗਤਾਂ ਗੁਰਬਾਣੀ ਦੇ ਪ੍ਰਵਾਹ ਨਾਲ ਨਿਹਾਲ ਹੋ ਰਹੀਆਂ ਹਨ। ਇਨ੍ਹੀਂ ਦਿਨੀਂ ਇੱਥੇ ਇਕ ਤਰ੍ਹਾਂ ਨਾਲ ਮਿਨੀ ਪੰਜਾਬ ਵਸ ਗਿਆ ਹੈ। ਸੰਗਤ ਨੇ ਪਿਛਲੀਆਂ ਸਾਰੀਆਂ ਸ਼ਤਾਬਦੀਆਂ ਦੇ ਰਿਕਾਰਡ ਤੋੜ ਦਿੱਤੇ ਹਨ। ਇਕ ਅੰਦਾਜ਼ੇ ਮੁਤਾਬਕ ਹੁਣ ਤੱਕ 10 ਲੱਖ ਸ਼ਰਧਾਲੂ ਮੱਥਾ ਟੇਕ ਚੁੱਕੇ ਹਨ। ਸੰਗਤਾਂ ਵਿਚ ਵੱਡੀ ਗਿਣਤੀ ਬੀਬੀਆਂ ਅਤੇ ਬੱਚੇ ਸ਼ਾਮਲ ਹਨ। ਬੀਬੀਆਂ ਦੇ ਸਿਰਾਂ 'ਤੇ ਪੀਲੀਆਂ ਚੁੰਨੀਆਂ ਤੇ ਬੱਚਿਆਂ ਦੇ ਪੀਲੇ ਪਟਕੇ ਫਬ ਰਹੇ ਹਨ। ਗਾਂਧੀ ਮੈਦਾਨ ਵਿਚ ਸਥਾਪਤ ਕੀਤੇ ਗਏ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਸ੍ਰੀ ਆਨੰਦਪੁਰ ਸਾਹਿਬ ਤੋਂ ਲਿਆਂਦੇ ਸ਼ਸਤਰ ਦੇਖਣ ਵਾਲਿਆਂ ਦੀ ਬਹੁਤ ਵੱਡੀ ਭੀੜ ਲੱਗੀ ਹੋਈ ਹੈ। ਪ੍ਰਕਾਸ਼ ਪੁਰਬ ਦੇ ਮੁੱਖ ਸਮਾਗਮ ਦੌਰਾਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ 5 ਜਨਵਰੀ ਨੂੰ ਇਥੇ ਫੇਰੀ ਦੇ ਸੰਬੰਧ ਵਿਚ ਸੁਰੱਖਿਆ ਘੇਰਾ ਹੋਰ ਵੀ ਸਖ਼ਤ ਕਰ ਦਿੱਤਾ ਗਿਆ ਹੈ। ਦਿੱਲੀ ਤੋਂ ਆਏ ਵਿਸ਼ੇਸ਼ ਕਮਾਂਡੋ ਦਸਤਿਆਂ ਨੇ ਕਮਾਨ ਸੰਭਾਲ ਲਈ ਹੈ।
ਤਖਤ ਸ੍ਰੀ ਪਟਨਾ ਸਾਹਿਬ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਹੋ ਗਏ ਹਨ, ਜਿਨ੍ਹਾਂ ਦੇ ਭੋਗ 5 ਜਨਵਰੀ ਨੂੰ ਪਾਏ ਜਾਣਗੇ। ਸ੍ਰੀ ਅਖੰਡ ਪਾਠ ਦੇ ਭੋਗ ਪਾਏ ਜਾਣ ਦੇ ਨਾਲ ਹੀ ਇਨ੍ਹਾਂ ਸਮਾਗਮਾਂ ਦੀ ਸੰਪੂਰਨਤਾ ਦਾ ਸਮਾਰੋਹ ਕੀਤਾ ਜਾਵੇਗਾ। ਅੰਤਿਮ ਅਰਦਾਸ ਪਿੱਛੋਂ ਜੈਕਾਰਿਆਂ ਨਾਲ ਸੰਗਤਾਂ ਨੂੰ ਵਿਦਾਇਗੀ ਦਿੱਤੀ ਜਾਵੇਗੀ ਅਤੇ ਤਖ਼ਤ ਸਾਹਿਬ ਦੇ ਜੱਥੇਦਾਰ ਗਿਆਨੀ ਇਕਬਾਲ ਸਿੰਘ ਸੰਗਤਾਂ ਦੇ ਨਾਂ ਸੰਦੇਸ਼ ਜਾਰੀ ਕਰਨਗੇ। ਪੰਜਾਬ ਤੋਂ 150 ਬੱਸਾਂ ਤੇ 10 ਰੇਲ ਗੱਡੀਆਂ ਚਲਾਈਆਂ ਗਈਆਂ ਹਨ। ਕੋਲਕਾਤਾ ਤੋਂ 25 ਅਤੇ ਉੜੀਸਾ ਤੋਂ ਪੰਜ ਬੱਸਾਂ ਆਈਆਂ ਹਨ। ਪਟਨਾ ਸਰਕਾਰ ਵੱਲੋਂ ਬਣਾਈਆਂ ਤਿੰਨੇ ਟੈਂਟ ਸਿਟੀ ਨੱਕੋ-ਨੱਕ ਭਰ ਗਈਆਂ ਹਨ। ਯਾਤਰੂਆਂ ਲਈ ਵਾਧੂ ਆਰਜ਼ੀ ਪ੍ਰਬੰਧ ਕੀਤੇ ਜਾ ਰਹੇ ਹਨ। ਜਿਹੜੇ ਯਾਤਰੂਆਂ ਨੂੰ ਰਿਹਾਇਸ਼ ਨਹੀਂ ਮਿਲੀ, ਉਹ ਸਰਾਵਾਂ ਦੇ ਬਰਾਮਦਿਆਂ ਵਿੱਚ ਰਾਤਾਂ ਬਿਤਾਉਣ ਲਈ ਮਜਬੂਰ ਹਨ। ਬਿਹਾਰ ਸਰਕਾਰ ਦੇ ਟਰਾਂਸਪੋਰਟ ਵਿਭਾਗ ਵੱਲੋਂ ਸੰਗਤਾਂ ਨੂੰ ਹਵਾਈ ਅੱਡਾ, ਰੇਲਵੇ ਸਟੇਸ਼ਨ ਤੋਂ ਇਲਾਵਾ ਗੁਰਧਾਮਾਂ ਸਮੇਤ ਗਾਂਧੀ ਮੈਦਾਨ ਤੱਕ ਆਉਣ-ਜਿਜਾਣ ਲਈ 200 ਦੇ ਕਰੀਬ ਆਧੁਨਿਕ ਸਹੂਲਤਾਂ ਨਾਲ ਭਰਪੂਰ ਬੱਸਾਂ ਅਤੇ ਈ-ਰਿਕਸ਼ਾ ਚਲਾਏ ਗਏ ਹਨ, ਜਿਨ੍ਹਾਂ ਦਾ ਬਾਕਾਇਦਾ ਰੂਟ ਤਿਆਰ ਕੀਤਾ ਗਿਆ ਹੈ ਅਤੇ ਬਹੁਤ ਛੋਟੇ ਵਕਫ਼ਿਆਂ ਤੋਂ ਬਾਅਦ ਬੱਸਾਂ ਨੂੰ ਇਕ ਤੋਂ ਦੂਜੀ ਜਗ੍ਹਾ ਜਾਣ ਲਈ ਰਵਾਨਾ ਕੀਤਾ ਜਾ ਰਿਹਾ ਹੈ। ਇਹ ਸੇਵਾ 25 ਦਸੰਬਰ ਤੋਂ ਸ਼ੁਰੂ ਕੀਤੀ ਗਈ ਹੈ ਜੋ ਕਿ 10 ਜਨਵਰੀ ਤੱਕ ਨਿਰੰਤਰ ਜਾਰੀ ਰਹੇਗੀ।
ਪਟਨਾ ਸਰਕਾਰ ਵਲੋਂ ਮੈਡੀਕਲ ਕੈਂਪ, ਵਾਹਨਾਂ ਨਾਲ ਸਬੰਧਤ ਕੈਂਪ, ਪੀਣ ਵਾਲੇ ਸ਼ੁੱਧ ਪਾਣੀ ਦੇ ਕੇਂਦਰ, ਗਲੀਆਂ, ਬਾਜ਼ਾਰਾਂ ਦੀ ਸਾਫ-ਸਫਾਈ ਨਾਲ ਸਬੰਧਤ ਕੈਂਪ ਲਾਏ ਗਏ ਹਨ।

### ਗਿਆਨੀ ਇਕਬਾਲ ਸਿੰਘ ਦੀ ਅਪੀਲ ਦੇ ਬਾਵਜੂਦ ਗਿਆਨੀ ਗੁਰਬਚਨ ਸਿੰਘ..

ਕਰਨਗੇ। ਇਸ ਮੌਕੇ ਸ. ਅਮਰਜੀਤ ਸਿੰਘ ਚਾਵਲਾ ਜਨਰਲ ਸਕੱਤਰ, ਸ. ਗੁਰਚਰਨ ਸਿੰਘ ਗਰੇਵਾਲ, ਭਾਈ ਰਾਮ ਸਿੰਘ, ਸੁਰਜੀਤ ਸਿੰਘ ਭਿੱਟੇਵੱਢ ਅੰਤ੍ਰਿੰਗ ਕਮੇਟੀ ਮੈਂਬਰ, ਬੀਬੀ ਕਿਰਨਜੋਤ ਕੌਰ, ਅਜਾਇਬ ਸਿੰਘ, ਡਾ. ਰੂਪ ਸਿੰਘ ਸਕੱਤਰ, ਹਰਭਜਨ ਸਿੰਘ ਮਨਾਵਾ, ਸਕੱਤਰ ਸਿੰਘ ਮਨਜਿੰਦਰ ਸਿੰਘ ਸਿਰਸਾ, ਭਾਈ ਤਰਸੇਮ ਸਿੰਘ ਮੋਰਾਂਵਾਲੀ ਢਾਡੀ ਹਾਜ਼ਰ ਸਨ।
ਸੂਤਰਾਂ ਅਨੁਸਾਰ ਤਖ਼ਤ ਸ੍ਰੀ ਦਮਦਮਾ ਸਾਹਿਬ ਜੀ ਤਲਵੰਡੀ ਸਾਬੋ ਦੇ ਜਥੇਦਾਰ ਗਿਆਨੀ ਗੁਰਮੁੱਖ ਸਿੰਘ ਵੀ 350 ਸਾਲਾ ਪ੍ਰਕਾਸ਼ ਪੁਰਬ ਪਟਨਾ ਸਾਹਿਬ ਵਿਖੇ ਸ਼ਿਰਕਤ ਕਰਨਗੇ। ਜ਼ਿਕਰਯੋਗ ਹੈ ਕਿ ਕੁਝ ਦਿਨ ਪਹਿਲਾਂ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦੇ ਜਥੇਦਾਰ ਗਿਆਨੀ ਇਕਬਾਲ ਸਿੰਘ ਨੇ ਪੰਜਾਬ ਨਾਲ ਸੰਬੰਧਤ ਤਖ਼ਤ ਸਾਹਿਬਾਨਾਂ ਦੇ ਜਥੇਦਾਰਾਂ ਨੂੰ ਪਟਨਾ ਸਾਹਿਬ ਤੋਂ ਦੂਰ ਰਹਿਣ ਲਈ ਲਿਖਤੀ ਚਿੱਠੀ ਭੇਜੀ ਸੀ।

### ਕੈਪਟਨ ਅਮਰਿੰਦਰ ਸਿੰਘ ਹੋਏ ਨਤਮਸਤਕ

ਚੌਧਰੀ, ਬਿਹਾਰ ਦੇ ਮਾਲ ਮੰਤਰੀ ਮਦਨ ਮੋਹਨ, ਕਾਂਗਰਸ ਆਗੂ ਸ. ਦਿਲਬਾਗ ਸਿੰਘ, ਕੈਪਟਨ ਦੇ ਮੀਡੀਆ ਸਲਾਹਕਾਰ ਭਰਤਇੰਦਰ ਚਾਹਲ ਵੀ ਮੌਜੂਦ ਸਨ। ਤਖਤ ਸਾਹਿਬ ਦੇ ਹੈੱਡ ਗ੍ਰੰਥੀ ਨੇ ਕੈਪਟਨ ਅਮਰਿੰਦਰ ਅਤੇ ਹੋਰ ਸ਼ਖ਼ਸੀਅਤਾਂ ਨੂੰ ਸਿਰੋਪਾਓ ਭੇਟ ਕੀਤੇ। ਜਦੋਂ ਕੈਪਟਨ ਤਖਤ ਸ੍ਰੀ ਹਰਿਮੰਦਰ ਸਾਹਿਬ ਪਟਨਾ ਵਿਚ ਨਤਮਸਤਕ ਹੋਣ ਆ ਰਹੇ ਸਨ ਤਾਂ ਰਸਤੇ ਵਿਚ ਸੰਗਤਾਂ ਦੀ ਵੱਡੀ ਭੀੜ ਨੇ ਉਨ੍ਹਾਂ ਦਾ ਸੁਆਗਤ ਕੀਤਾ ਅਤੇ ਜੈਕਾਰੇ ਵੀ ਲਾਏ। ਕੈਪਟਨ ਅਮਰਿੰਦਰ ਨੇ ਸਿਰਫ ਇੰਨਾ ਹੀ ਕਿਹਾ ਕਿ ਉਹ ਗੁਰੂ ਘਰ ਪ੍ਰਤੀ ਆਪਣੀ ਸ਼ਰਧਾ ਦਾ ਪ੍ਰਗਟਾਵਾ ਕਰਨ ਆਏ ਹਨ ਅਤੇ ਸ੍ਰੀ ਹਰਿਮੰਦਿਰ ਸਾਹਿਬ ਵਿਖੇ ਇਸ ਤੋਂ ਇਲਾਵਾ ਹੋਰ ਕੋਈ ਗੱਲ ਨਹੀਂ ਕਰਨਗੇ।
ਕੈਪਟਨ ਅਮਰਿੰਦਰ ਸਿੰਘ ਨੇ ਗਾਂਧੀ ਮੈਦਾਨ ਵਿਖੇ ਮੁੱਖ ਪੰਡਾਲ ਵਿਚ ਸੁਭਾਇਮਾਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸਿਜਦਾ ਕੀਤਾ ਅਤੇ ਚਲ ਰਹੇ ਇਲਾਹੀ ਗੁਰਬਾਣੀ ਦਾ ਕੀਰਤਨ ਸਰਵਣ ਕੀਤਾ। ਉਪਰੰਤ ਬਿਹਾਰ ਦੀ ਪ੍ਰਿੰਸੀਪਲ ਸਕੱਤਰ ਸ੍ਰੀਮਤੀ ਹਰਜੋਤ ਕੌਰ ਨੇ ਕੈਪਟਨ ਸਮੇਤ ਹਾਜ਼ਰੀ ਭਰਨ ਪਹੁੰਚੀਆਂ ਹੋਰ ਸ਼ਖ਼ਸੀਅਤਾਂ ਨੂੰ ਸਿਰੋਪਾਓ ਦਿੰਦੇ ਹੋਏ ਜੀ ਆਇਆਂ ਕਿਹਾ ਤੇ 350 ਸਾਲਾ ਪ੍ਰਕਾਸ਼ ਪੁਰਬ ਦੀ ਵਧਾਈ ਦਿੱਤੀ। ਇਸ ਮੌਕੇ ਕੈਪਟਨ ਅਮਰਿੰਦਰ ਸਿੰਘ ਨੇ ਮੁੱਖ ਪੰਡਾਲ ਵਿਚ ਸੰਗਤਾਂ ਨੂੰ ਸੰਬੋਧਨ ਦੌਰਾਨ ਸਮੁੱਚੀ ਮਾਨਵਤਾ ਨੂੰ ਵਧਾਈ ਦਿੰਦੇ ਹੋਏ ਕਿਹਾ ਕਿ ਉਨ੍ਹਾਂ ਦੇ ਪਰਿਵਾਰ ਦੇ ਗੁਰੂ ਗੋਬਿੰਦ ਸਿੰਘ ਨਾਲ ਬੜੇ ਗੂੜ੍ਹਤਾ ਵਾਲੇ ਸਬੰਧ ਸਨ, ਜਿਨ੍ਹਾਂ ਨੇ ਸ੍ਰੀ ਅਨੰਦਪੁਰ ਸਾਹਿਬ ਦੀ ਪਾਵਨ ਧਰਤੀ ਤੋਂ ਉਨ੍ਹਾਂ ਦੇ ਬਜ਼ੁਰਗਾਂ ਨੂੰ ਹੁਕਮਨਾਮਾ ਸਮੇਤ ਨਿਸ਼ਾਨ ਸਾਹਿਬ ਅਤੇ ਜੰਗੀ ਸ਼ਸਤਰ ਭੇਜੇ ਸਨ ਉਸ ਤੋਂ ਬਾਅਦ ਦੱਖਣ ਦੀ ਯਾਤਰਾ ਕਰਨ ਤੋਂ ਪਹਿਲਾਂ ਦਸਮੇਸ਼ ਪਿਤਾ ਨੇ 1705 ਈ: ਵਿਚ ਉਨ੍ਹਾਂ ਦੇ ਪੁਰਖੇ ਚੌਧਰੀ ਰਾਮ ਸਿੰਘ ਸਮੇਤ ਹੋਰਨਾਂ ਨੂੰ ਤਖ਼ਤ ਸ੍ਰੀ ਦਮਦਮਾ ਸਾਹਿਬ ਸਾਬੋ ਦੀ ਤਲਵੰਡੀ ਬਠਿੰਡਾ ਵਿਖੇ ਖੰਡੇ-ਬਾਟੇ ਦਾ ਅੰਮ੍ਰਿਤ ਛਕਾਇਆ ਅਤੇ ਅਸ਼ੀਰਵਾਦ ਵਜੋਂ ਜੰਗੀ ਸ਼ਸਤਰ ਅਤੇ ਨਿਸ਼ਾਨ ਸਾਹਿਬ ਦੀ ਬਖਸ਼ਿਸ਼ ਕੀਤੀ, ਜੋ ਉਨ੍ਹਾਂ ਦੇ ਪਰਿਵਾਰ ਕੋਲ ਅੱਜ ਵੀ ਪਟਿਆਲਾ ਵਿਖੇ ਸੁਸ਼ੋਭਿਤ ਹਨ। ਕੈਪਟਨ ਨੇ ਪ੍ਰਕਾਸ਼ ਪੁਰਬ ਸਮਾਗਮ ਲਈ ਨਿਤਿਸ਼ ਕੁਮਾਰ ਦੀ ਅਗਵਾਈ ਹੇਠ ਬਿਹਾਰ ਸਰਕਾਰ ਵੱਲੋਂ ਕੀਤੇ ਸੁਚੱਜੇ ਪ੍ਰਬੰਧਾਂ ਦੀ ਜੰਮ ਕੇ ਪ੍ਰਸੰਸਾ ਕਰਦਿਆਂ ਕਿਹਾ ਕਿ ਉਨ੍ਹਾਂ ਆਪਣੇ ਜੀਵਨ ਵਿਚ ਅਜਿਹੇ ਪ੍ਰਬੰਧ ਕਦੇ ਨਹੀਂ ਵੇਖੇ ਜਿਸ ਵਿਚ ਖਾਸ ਤੌਰ 'ਤੇ ਪਟਨਾ ਸਾਹਿਬ ਵਿਖੇ ਸਥਿਤ ਗੁਰਧਾਮਾਂ ਤੋਂ ਇਲਾਵਾ ਸਮੁੱਚੇ ਸ਼ਹਿਰ ਨੂੰ ਜਿਨ੍ਹਾਂ ਵਿਚ ਸਰਕਾਰੀ ਇਮਾਰਤਾਂ ਵੀ ਸ਼ਾਮਲ ਹਨ, ਨੂੰ ਖੂਬਸੂਰਤ ਰੰਗ-ਬਿਰੰਗੀਆਂ ਰੋਸ਼ਨੀਆਂ ਨਾਲ ਚਮਕਾਇਆ ਗਿਆ ਹੈ, ਜਿਸ ਨੂੰ ਦੇਖ ਦਿਲ ਅਸ਼-ਅਸ਼ ਕਰ ਉੱਠਦਾ ਹੈ। ਕੈਪਟਨ ਨੇ ਮੁੱਖ ਮੰਤਰੀ ਪੰਜਾਬ ਸ. ਪ੍ਰਕਾਸ਼ ਸਿੰਘ ਬਾਦਲ 'ਤੇ ਤਨਜ਼ ਕੱਸਦਿਆਂ ਕਿਹਾ ਕਿ ਬਿਹਾਰ ਸਰਕਾਰ ਤੋਂ ਸ. ਬਾਦਲ ਨੂੰ ਸੇਧ ਲੈਣੀ ਚਾਹੀਦੀ ਹੈ। ਇਸ ਮੌਕੇ ਗਾਂਧੀ ਮੈਦਾਨ ਵਿਚ ਲਗਾਏ ਗਏ ਲੰਗਰਾਂ ਵਿਚ ਉਨ੍ਹਾਂ ਨੇ ਸੇਵਾ ਕੀਤੀ ਅਤੇ ਪੰਡਾਲ ਵਿਚ ਬੈਠ ਕੇ ਪ੍ਰਸ਼ਾਦਾ ਛਕਿਆ। ਉਪਰੰਤ ਉਨ੍ਹਾਂ ਮੁੱਖ ਮੰਤਰੀ ਸ੍ਰੀ ਨਿਤਿਸ਼ ਕੁਮਾਰ ਨਾਲ ਉਨ੍ਹਾਂ ਦੇ ਗ੍ਰਹਿ ਵਿਖੇ ਮੁਲਾਕਾਤ ਕੀਤੀ ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਮਨਾਏ ਜਾ ਰਹੇ 350 ਸਾਲਾ ਪ੍ਰਕਾਸ਼ ਪੁਰਬ ਸਮਾਗਮਾਂ ਲਈ ਕੀਤੇ ਪ੍ਰਬੰਧਾਂ ਲਈ ਉਚੇਚੇ ਤੌਰ 'ਤੇ ਧੰਨਵਾਦ ਕੀਤਾ।

### ਲਾਲੂ ਪ੍ਰਸਾਦ ਯਾਦਵ ਨੇ ਟੇਕਿਆ ਮੱਥਾ

ਪਟਨਾ ਸਾਹਿਬ/ਬਿਊਰੋ ਨਿਊਜ਼ : ਸਾਬਕਾ ਕੇਂਦਰੀ ਮੰਤਰੀ ਸ੍ਰੀ ਲਾਲੂ ਪ੍ਰਸਾਦ ਯਾਦਵ ਨੇ ਤਖ਼ਤ ਸ੍ਰੀ ਹਰਿਮੰਦਰ ਪਟਨਾ ਸਾਹਿਬ ਵਿਖੇ ਮੱਥਾ ਟੇਕਿਆ ਅਤੇ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ। ਇਸ ਦੌਰਾਨ ਪ੍ਰਬੰਧਕ ਕਮੇਟੀ ਵੱਲੋਂ ਲਾਲੂ ਪ੍ਰਸਾਦ ਯਾਦਵ ਨੂੰ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸ੍ਰੀ ਯਾਦਵ ਨੇ ਸਮੁੱਚੀ ਮਾਨਵਤਾ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ 350 ਸਾਲਾ ਪ੍ਰਕਾਸ਼ ਪੁਰਬ ਦੀਆਂ ਵਧਾਈਆਂ ਦਿੱਤੀਆਂ ਅਤੇ ਬਿਹਾਰ ਪਟਨਾ ਸਾਹਿਬ ਵਿਖੇ ਪਹੁੰਚੀਆਂ ਸੰਗਤਾਂ ਨੂੰ ਜੀ ਆਇਆਂ ਕਿਹਾ।



ਤਖ਼ਤ ਸ੍ਰੀ ਹਰਿਮੰਦਰ ਪਟਨਾ ਸਾਹਿਬ ਵਿਖੇ ਕੇਜਰੀਵਾਲ ਨੂੰ ਸਿਰੋਪਾਓ ਭੇਟ ਕੀਤੇ ਜਾਣ ਦਾ ਦ੍ਰਿਸ਼।

## ਗੁਰੂ ਗੋਬਿੰਦ ਸਿੰਘ ਜੀ ਦੇ ਦਰਸਾਏ ਮਾਰਗ 'ਤੇ ਚੱਲਣ ਦੀ ਲੋੜ : ਕੇਜਰੀਵਾਲ

ਪਟਨਾ ਸਾਹਿਬ/ਬਿਊਰੋ ਨਿਊਜ਼ : ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਤੇ ਮੁੱਖ ਮੰਤਰੀ ਦਿੱਲੀ ਅਰਵਿੰਦ ਕੇਜਰੀਵਾਲ ਨੇ ਤਖ਼ਤ ਸ੍ਰੀ ਹਰਿਮੰਦਰ ਪਟਨਾ ਸਾਹਿਬ ਵਿਖੇ ਮੱਥਾ ਟੇਕਿਆ ਅਤੇ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ। ਇਸ ਦੌਰਾਨ ਉਨ੍ਹਾਂ ਸੁੰਦਰ ਰੁਮਾਲਾ ਵੀ ਭੇਟ ਕੀਤਾ। ਇਸ ਮੌਕੇ ਤਖ਼ਤ ਸ੍ਰੀ ਹਰਿਮੰਦਰ ਸਾਹਿਬ ਦੇ ਪ੍ਰਬੰਧਕਾਂ ਵੱਲੋਂ ਕੇਜਰੀਵਾਲ ਨੂੰ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਗਿਆ। ਕੇਜਰੀਵਾਲ ਨੇ ਗੁਰੂ ਗੋਬਿੰਦ ਸਿੰਘ ਜੀ ਦੇ 350 ਸਾਲਾ ਪ੍ਰਕਾਸ਼ ਪੁਰਬ ਦੀ ਸਮੁੱਚੀ ਮਾਨਵਤਾ ਨੂੰ ਵਧਾਈ ਦਿੰਦੇ ਹੋਏ ਕਿਹਾ ਕਿ ਦੇਸ਼ ਦੀ ਏਕਤਾ, ਸਮਾਜਿਕ ਬਰਾਬਰੀ ਅਤੇ ਧਰਮ ਨਿਰਪੱਖਤਾ ਸਿੱਖ ਫਲਸਫੇ ਦਾ ਆਧਾਰ ਹਨ ਅਤੇ ਇਸੇ ਭਾਵਨਾ ਨੂੰ ਸਮਰਪਿਤ ਹੋ ਕੇ ਸ਼ਤਾਬਦੀ ਸਮਾਗਮ ਕਰਵਾਏ ਜਾ ਰਹੇ ਹਨ, ਜਿਸ ਲਈ ਦੇਸ਼ ਦੀ ਏਕਤਾ ਅਤੇ ਖ਼ੁਸ਼ਹਾਲੀ ਲਈ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਦਰਸਾਇਆ ਰਾਹ ਅੱਜ ਵੀ ਪੂਰੀ ਤਰ੍ਹਾਂ ਸਾਰਥਿਕ ਹੈ ਅਤੇ ਸਾਨੂੰ ਉਸ ਉੱਪਰ ਚੱਲਣਾ ਚਾਹੀਦਾ ਹੈ। ਕੇਜਰੀਵਾਲ ਨੇ ਕਿਹਾ ਕਿ ਉਨ੍ਹਾਂ ਅਰਦਾਸ ਕੀਤੀ ਹੈ ਕਿ ਉਹ ਜੋ ਸਮਾਜਿਕ ਬੁਰਾਈਆਂ ਦੇ ਖ਼ਾਤਮੇ ਦਾ ਪ੍ਰਣ ਕਰਕੇ ਚੱਲੇ ਹਨ, ਪਰਮਾਤਮਾ ਆਪ ਸਹਾਈ ਹੋ ਕੇ ਬਲ ਅਤੇ ਦ੍ਰਿੜ੍ਹਤਾ ਬਖ਼ਸ਼ਣ ਤਾਂ ਜੋ ਨਿਰੋਏ ਸਮਾਜ ਦੀ ਸਿਰਜਣਾ ਕੀਤੀ ਜਾਵੇ। ਇਸ ਦੌਰਾਨ ਕੇਜਰੀਵਾਲ ਨੇ ਗੁਰਦੁਆਰਾ ਬਾਲ ਲੀਲ੍ਹਾ ਸਾਹਿਬ ਵਿਖੇ ਵੀ ਮੱਥਾ ਟੇਕਿਆ, ਜਿਥੇ ਬਾਬਾ ਕਸ਼ਮੀਰਾ ਸਿੰਘ ਕਾਰ ਸੇਵਾ ਭੂਰੀ ਵਾਲਿਆਂ ਵੱਲੋਂ ਉਨ੍ਹਾਂ ਨੂੰ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਜਿਥੇ ਉਨ੍ਹਾਂ ਨੇ ਗੁਰਦੁਆਰਾ ਬਾਲ ਲੀਲ੍ਹਾ ਵਿਖੇ ਚੱਲ ਰਹੇ ਲੰਗਰ ਵਿਚ ਸੇਵਾ ਕੀਤੀ, ਉਥੇ ਹੀ ਉਨ੍ਹਾਂ ਪ੍ਰਸ਼ਾਦਾ ਵੀ ਛਕਿਆ। ਇਸ ਤੋਂ ਬਾਅਦ ਕੇਜਰੀਵਾਲ ਨੇ ਬਿਹਾਰ ਦੇ ਮੁੱਖ ਮੰਤਰੀ ਨਿਤਿਸ਼ ਕੁਮਾਰ ਨਾਲ ਮੁਲਾਕਾਤ ਕੀਤੀ ਜਿਥੇ ਉਨ੍ਹਾਂ ਨੂੰ ਯਾਦਗਾਰੀ ਚਿੰਨ੍ਹ ਭੇਟ ਕਰਕੇ ਸਵਾਗਤ ਕੀਤਾ ਗਿਆ।

## ਗੁਰਦੁਆਰਾ ਸਿੱਖ ਕਲਚਰ ਸੁਸਾਇਟੀ ਨੇ ਮਲੂਕਾ ਖ਼ਿਲਾਫ਼ ਕਾਰਵਾਈ ਲਈ 8 ਜਨਵਰੀ ਨੂੰ ਮੀਟਿੰਗ ਸੱਦੀ

ਨਿਊ ਯਾਰਕ/ਬਿਊਰੋ ਨਿਊਜ਼ :
ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ, ਨਿਊ ਯਾਰਕ ਦੀ ਬੀਤੇ ਦਿਨੀਂ ਗੁਰੂ ਘਰ ਦੇ ਮੁੱਖ ਸੇਵਾਦਾਰ ਭਾਈ ਕੁਲਦੀਪ ਸਿੰਘ ਢਿੱਲੋਂ ਦੀ ਅਗਵਾਈ ਹੇਠ ਬੋਰਡ ਆਫ਼ ਟਰੱਸਟ ਅਤੇ ਅਗਜ਼ੈਕਟਿਵ ਦੀ ਸਾਂਝੀ ਮੀਟਿੰਗ ਹੋਈ। ਇਸ ਦੇ ਮੀਡੀਆ ਇੰਚਾਰਜ ਸੁਖਜਿੰਦਰ ਸਿੰਘ ਨਿੱਝਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਮੀਟਿੰਗ ਵਿਚ ਸ਼੍ਰੋਮਣੀ ਅਕਾਲੀ ਦਲ ਦੇ ਆਗੂ ਅਤੇ ਪੰਚਾਇਤ ਮੰਤਰੀ ਸਿਕੰਦਰ ਸਿੰਘ ਮਲੂਕਾ ਦੀ ਨਿਖੇਧੀ ਕੀਤੀ ਗਈ, ਜਿਨਾਂ ਦੀ ਹਾਜ਼ਰੀ ਵਿਚ ਰਾਮਪੁਰਾ ਫੂਲ 'ਚ ਚੋਣ ਦਫ਼ਤਰ ਦੇ ਉਦਘਾਟਨ ਸਮੇਂ ਅਰਦਾਸ ਨੂੰ ਤਰੋੜ ਮਰੋੜ ਕੇ ਪੜਿਆ ਗਿਆ। ਸ. ਢਿਲੋਂ ਨੇ ਕਿਹਾ ਕਿ ਇਸ ਹਰਕਤ ਨਾਲ ਸਿੱਖਾਂ ਦੇ ਹਿਰਦੇ ਵਲੂੰਧਰੇ ਗਏ ਹਨ। ਉਨਾਂ ਕਿਹਾ ਕਿ ਇਸ ਦਾ ਸਮਾਜਿਕ ਅਤੇ ਧਾਰਮਿਕ ਬਾਈਕਾਟ ਕੀਤਾ ਜਾਣਾ ਚਾਹੀਦਾ ਹੈ। ਇਸ ਮੌਕੇ ਸਿੱਖ ਕਲਚਰਲ ਸੁਸਾਇਟੀ ਵੱਲੋਂ ਸਮੁੱਚੇ ਨੌਰਥ ਈਸਟ ਦੇ ਗੁਰੂ ਘਰਾਂ ਦੀਆਂ ਪ੍ਰਬੰਧਕ ਕਮੇਟੀਆਂ ਅਤੇ ਸਮੁੱਚੀਆਂ ਧਾਰਮਿਕ ਸੰਸਥਾਵਾਂ ਤੇ ਸਮੂਹ ਸਿੱਖ ਜਥੇਬੰਦੀਆਂ ਦੀ ਸਾਂਝੀ ਅਰਜੈਂਸੀ ਮੀਟਿੰਗ 8 ਜਨਵਰੀ ਨੂੰ ਸੱਦਣ ਦਾ ਫੈਸਲਾ ਵੀ ਕੀਤਾ ਗਿਆ। ਉਨਾਂ ਸਾਰਿਆਂ ਨੂੰ ਮੀਟਿੰਗ ਵਿਚ ਸ਼ਾਮਲ ਹੋਣ ਦੀ ਅਪੀਲ ਕੀਤੀ ਤਾਂ ਜੋ ਇਨਾਂ ਪੰਥਕ ਦੋਖੀਆਂ ਖ਼ਿਲਾਫ਼ ਸਾਂਝਾ ਕੋਈ ਫੈਸਲਾ ਲਿਆ ਜਾ ਸਕੇ।

## Classified

### ਕੰਨਿਆ ਦੀ ਲੋੜ

**ਅਸਟਰੇਲੀਆ ਤੋਂ ਸ਼ੈਫ (Cooking course from Australia) ਕਰਕੇ ਆਏ ਜੱਟ ਸਿੱਖ 6 ਫੁੱਟ, ਉਮਰ 27 ਸਾਲ, 10 ਸਾਲ ਦੇ Visitor visa ਉਪਰ ਅਮਰੀਕਾ ਆਏ ਸੁਨੱਖੇ ਨੌਜਵਾਨ, ਜਿਸ ਦੀ ਫਰੀਦਕੋਟ ਪੰਜਾਬ 'ਚ 20 ਕਿੱਲਿਆਂ ਦੇ ਫਾਰਮ ਵਿਚ ਸ਼ਾਹੀ ਕੋਠੀ ਦੇ ਮਾਲਕ ਲਈ ਅਮਰੀਕਨ ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਲੜਕੀ ਦੀ ਜ਼ਰੂਰਤ ਹੈ।**

**ਹੋਰ ਜਾਣਕਾਰੀ ਲਈ : ਫੋਨ ਨੰਬਰ: 209-914-2980**

# ਸ. ਅਮਰੀਕ ਸਿੰਘ ਬੱਲੋਵਾਲ ਨੂੰ ਸਦਮਾ, ਦਾਦਾ ਸ. ਅਵਤਾਰ ਸਿੰਘ ਬੱਲੋਵਾਲ ਨੱਤ ਦਾ ਦੇਹਾਂਤ



**ਸ਼ਿਕਾਗੋ/ਬਿਊਰੋ ਨਿਊਜ਼ :** ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਬਹਿਰੀਨ ਇਕਾਈ ਦੇ ਪ੍ਰਧਾਨ ਸ. ਅਮਰੀਕ ਸਿੰਘ ਬੱਲੋਵਾਲ ਦੇ ਦਾਦਾ ਜੀ ਸ. ਅਵਤਾਰ ਸਿੰਘ ਨੱਤ (87 ਸਾਲ) ਇਸ ਫਾਨੀ ਸੰਸਾਰ ਨੂੰ ਅਲਵਿਦਾ ਕਹਿ ਗਏ ਹਨ। ਸ. ਅਵਤਾਰ ਸਿੰਘ ਨੱਤ ਸਦਾ ਚੜਦੀ ਕਲਾ ਵਿਚ ਰਹਿਣ ਵਾਲੇ ਗੁਰਸਿੱਖ ਇਨਸਾਨ ਸਨ। ਉਨਾਂ ਹਮੇਸ਼ਾ ਨੇਕ ਕਮਾਈ ਕੀਤੀ ਤੇ ਗੁਰਬਾਣੀ ਦੇ ਲੜ ਲੱਗੇ ਰਹੇ। ਉਨਾਂ ਦੀ ਪਰਿਵਾਰਕ ਫੁਲਵਾੜੀ ਵਿਚੋਂ ਉਨਾਂ ਦੇ ਪੋਤਰੇ ਸ. ਅਮਰੀਕ ਸਿੰਘ ਬੱਲੋਵਾਲ ਉਨਾਂ ਦੇ ਨਕਸ਼ੇ ਕਦਮਾਂ 'ਤੇ ਚੱਲ ਕੇ ਕੌਮੀ ਸੇਵਾ ਕਰ ਰਹੇ ਹਨ। ਸ. ਅਵਤਾਰ ਸਿੰਘ ਬੱਲੋਵਾਲ ਦੇ ਅਕਾਲ ਚਲਾਣੇ ਨਾਲ ਪਰਿਵਾਰ ਨੂੰ ਕਦੇ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ। ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਅਮਰੀਕਾ ਪਰਿਵਾਰ ਨਾਲ ਇਸ ਦੁੱਖ ਦੀ ਘੜੀ ਵਿਚ ਖੜਾ ਹੈ। ਸ. ਬੂਟਾ ਸਿੰਘ ਖੜੌਂਦ, ਸੁਰਜੀਤ ਸਿੰਘ ਕੁਲਾਰ, ਰੇਸ਼ਮ ਸਿੰਘ, ਜੀਤ ਸਿੰਘ ਆਲੋਅਰਖ, ਰਪਿੰਦਰ ਸਿੰਘ ਬਾਠ, ਮੱਖਣ ਸਿੰਘ ਕਲੇਰ, ਅਮਨਦੀਪ ਸਿੰਘ, ਸਰਬਜੀਤ ਸਿੰਘ, ਅਮਰਜੀਤ ਸਿੰਘ, ਸੁਖਵਿੰਦਰ ਸਿੰਘ ਗਿੱਲ, ਲਖਵੀਰ ਸਿੰਘ ਕੰਗ, ਜੋਗਾ ਸਿੰਘ, ਜਗਤਾਰ ਸਿੰਘ, ਪਰਮਜੀਤ ਸਿੰਘ, ਰੇਸ਼ਮ ਸਿੰਘ ਮੀਰਾਂਕੋਟ, ਸੁਲਤਾਨ ਸਿੰਘ, ਦਲਬੀਰ ਸਿੰਘ ਚੀਮਾ ਨੇ ਦੁੱਖ ਜ਼ਾਹਰ ਕਰਦਿਆਂ ਪਰਮਾਤਮਾ ਅੱਗੇ ਸ. ਅਵਤਾਰ ਸਿੰਘ ਜੀ ਦੀ ਆਤਮਿਕ ਸ਼ਾਂਤੀ ਅਤੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ਣ ਲਈ ਅਰਦਾਸ ਕੀਤੀ।

## ਸਿੱਖ ਰੋਜ਼ ਪਰੇਡ ਫਲੋਟ ਨੇ ਬੇਚੈਨੀ ਦੇ ਮਾਹੌਲ ਵਿਚ ਪਿਆਰ, ਆਜ਼ਾਦੀ, ਵਿਸ਼ਵਾਸ ਤੇ ਸੇਵਾ ਦਾ ਦਿੱਤਾ ਸੁਨੇਹਾ

ਬਰਾਬਰਤਾ ਅਤੇ ਸੇਵਾ ਵਿਚ ਹੈ, ਜੋ ਸਿਰਫ਼ ਸਿੱਖਾਂ ਲਈ ਹੀ ਨਹੀਂ, ਸਗੋਂ ਅਮਰੀਕੀਆਂ ਦੀਆਂ ਵੀ ਨੈਤਿਕ ਕਦਰਾਂ-ਕੀਮਤਾਂ ਹਨ। ਅਤੇ ਇਸ ਵਰ੍ਹੇ ਦੀ ਫਲੋਟ ਨਾਲ ਇਹੀ ਸੁਨੇਹਾ ਦੇਣਾ ਚਾਹੁੰਦੇ ਹਾਂ।'

ਵਰਨਣਯੋਗ ਹੈ ਕਿ ਹਰੇਕ ਸਾਲ ਕੱਢੀ ਜਾਂਦੀ ਰੋਜ਼ ਪ੍ਰੇਡ ਅਸਲ ਵਿੱਚ ਨਵੇਂ ਵਰ੍ਹੇ ਦੇ ਆਮਦ ਦੀ ਖੁਸ਼ੀ ਸਬੰਧੀ ਮਨਾਏ ਜਾਂਦੇ ਜਸ਼ਨਾਂ ਦਾ ਮੁੱਖ ਆਕਰਸ਼ਨ ਹੁੰਦੀ ਹੈ। ਇਨ੍ਹਾਂ ਜਸ਼ਨਾਂ ਵਿੱਚ ਟੂਰਨਾਮੈਂਟ, ਨਾਚ ਗਾਣੇ ਅਤੇ ਖਾਣ ਪੀਣ ਦੇ ਪ੍ਰੋਗਰਾਮ ਸ਼ਾਮਲ ਹੁੰਦੇ ਹਨ। ਪ੍ਰੇਡ ਵਿੱਚ ਵੱਖ ਥੀਮਾਂ ਵਾਲੇ ਫਲੋਟ ਇਸ ਪ੍ਰੇਡ ਦਾ ਹਿੱਸਾ ਬਣਦੇ ਹਨ। ਨਾਲ ਨਾਲ ਹੀ ਵੱਖ ਵੱਖ ਭਾਈਚਾਰਿਆਂ ਦੇ ਸਭਿਆਚਾਰਾਂ ਦੀਆਂ ਝਲਕਾਂ ਵੀ ਵੇਖਣ ਨੂੰ ਮਿਲਦੀਆਂ ਹਨ। ਲੋਕੀਂ ਰਾਤ ਨੂੰ ਹੀ ਪ੍ਰੇਡ ਦੇ ਰਸਤੇ ਦੇ ਦੋਵੀਂ ਆ ਕੇ ਡੇਰੇ ਲਾ ਲੈਂਦੇ ਹਨ। ਮਨਮੋਹਕ ਦ੍ਰਿਸ਼ਾਂ ਤੋਂ ਇਲਾਵਾ ਰੀਝਾਂ ਨਾਲ ਸਜਾਏ ਫਲੋਟਾਂ ਉੱਤਲੇ ਗੁਲਾਬ ਦੇ ਫੁੱਲਾਂ ਦੀ ਮਹਿਕ ਪ੍ਰੇਡ ਦੇ ਰਾਹ ਵਿੱਚ ਖੁਸ਼ਬੋਆਂ ਖਿਲਾਰਦੀ ਜਾਂਦੀ ਹੈ।

ਸਿੱਖ ਭਾਈਚਾਰੇ ਦੇ ਲੋਕ ਹਮੇਸ਼ਾਂ ਹੀ ਬਹੁਤ ਉਤਸ਼ਾਹ ਨਾਲ ਇਸ ਪ੍ਰੇਡ ਵਿੱਚ ਸ਼ਮੂਲੀਅਤ ਕਰਦੇ ਹਨ ਅਤੇ ਇਨ੍ਹਾਂ ਦਾ ਫਲੋਟ ਲੰਮੇ ਰਾਹ ਉੱਤੇ ਪ੍ਰੇਡ ਦਾ ਨਜ਼ਾਰਾ ਤੱਕ ਰਹੇ ਲੋਕਾਂ ਲਈ ਖਿੱਚ ਦਾ ਕੇਂਦਰ ਹੁੰਦਾ ਹੈ। ਇਸ ਵਾਰ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ' ਗੋਲਡਨ ਟੈਂਪਲ ਵਾਲੇ ਫਲੋਟ ਨੂੰ ਸਜਾਉਣ ਵਿੱਚ ਜਿਨ੍ਹਾਂ ਵਾਲੰਟੀਅਰਾਂ ਨੇ ਕਈ ਵਾਰ ਸਖ਼ਤ ਮੇਹਨਤ ਕੀਤੀ ਉਨ੍ਹਾਂ ਵਿੱਚ ਜਸਦੀਪ ਸਿੰਘ ਮਾਨ ਦਾ ਪਰਿਵਾਰ ਸ਼ਾਮਲ ਸਨ।

## ਨਵਜੋਤ ਸਿੱਧੂ ਨੂੰ ਉਪ ਮੁੱਖ ਮੰਤਰੀ ਦੇ ਅਹੁਦੇ ਦੀ ਪੇਸ਼ਕਸ਼ ਕੀਤੀ ਸੀ : ਕੇਜਰੀਵਾਲ

ਕਰੇਗੀ, ਉਸੇ ਤਰੀਕ ਤੋਂ ਪੰਜਾਬ ਦੇ ਕਰਮਚਾਰੀਆਂ ਨੂੰ ਵੀ ਡੀਏ ਵਿੱਚ ਵਾਧਾ ਮਿਲੇਗਾ। ਤਨਖਾਹਾਂ ਵੀ ਨਿਰਧਾਰਤ ਇੱਕ ਤਰੀਕ ਨੂੰ ਹੀ ਦਿੱਤੀਆਂ ਜਾਣਗੀਆਂ ਅਤੇ ਦੇਰ ਨਹੀਂ ਹੋਵੇਗੀ। ਸ੍ਰੀ ਕੇਜਰੀਵਾਲ ਨੇ ਪੰਜਾਬ ਕਾਂਗਰਸ ਦੇ ਪ੍ਰਧਾਨ ਅਤੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਘੇਰਦਿਆਂ ਪੰਜ ਸਵਾਲਾਂ ਦੇ ਜਵਾਬ ਪੁੱਛੇ ਹਨ। ਉਨ੍ਹਾਂ ਦੋਸ਼ ਲਾਇਆ ਕਿ ਕੈਪਟਨ ਅਮਰਿੰਦਰ ਸਿੰਘ ਪੰਜਾਬ ਦੇ ਲੋਕਾਂ ਨਾਲ ਝੂਠ ਬੋਲ ਰਹੇ ਹਨ ਅਤੇ ਗਲਤ ਵਾਅਦੇ ਕਰ ਰਹੇ ਹਨ। ਉਨ੍ਹਾਂ ਕੈਪਟਨ ਕੋਲੋਂ ਪੁੱਛਿਆ ਕਿ ਉਹ ਲੋਕਾਂ ਨੂੰ ਦੱਸਣ ਕਿ ਹਰ ਪਰਿਵਾਰ ਦੇ ਨੌਜਵਾਨ ਨੂੰ ਕਿਵੇਂ ਸਰਕਾਰੀ ਨੌਕਰੀ ਦੇਣਗੇ ਕਿਉਂਕਿ ਪੰਜਾਬ ਵਿੱਚ 60 ਲੱਖ ਪਰਿਵਾਰ ਜਦੋਂਕਿ ਪੰਜਾਬ ਵਿੱਚ ਸਿਰਫ 4 ਲੱਖ ਸਰਕਾਰੀ ਨੌਕਰੀਆਂ ਹਨ। ਉਹ 56 ਲੱਖ ਨੌਕਰੀਆਂ ਦਾ ਪ੍ਰਬੰਧ ਕਿਥੋਂ ਕਰਨਗੇ। ਦੂਜੇ ਸਵਾਲ ਰਾਹੀਂ ਉਨ੍ਹਾਂ ਪੁੱਛਿਆ ਕਿ ਕੈਪਟਨ ਇਹ ਦੱਸਣ ਕਿ 2002 ਵਿੱਚ ਸੱਤਾ ਸੰਭਾਲਣ ਮਗਰੋਂ ਸੂਬੇ ਵਿਚ ਸਰਕਾਰੀ ਨੌਕਰੀਆਂ 'ਤੇ ਰੋਕ ਲਾ ਦਿੱਤੀ ਸੀ ਤਾਂ ਹੁਣ ਕਿਸ ਆਧਾਰ 'ਤੇ ਲੋਕ ਉਨ੍ਹਾਂ 'ਤੇ ਵਿਸ਼ਵਾਸ ਕਰਨ ? ਉਨ੍ਹਾਂ ਕਾਂਗਰਸ ਮੁਖੀ 'ਤੇ ਦੋਸ਼ ਲਾਇਆ ਕਿ ਉਹ ਝੂਠੇ ਵਾਅਦੇ ਕਰਕੇ ਸੱਤਾ ਉਤੇ ਕਾਬਜ਼ ਹੋਣਾ ਚਾਹੁੰਦੇ ਹਨ।

## ਟਕਸਾਲੀ ਆਗੂਆਂ ਦੀ ਨਾਰਾਜ਼ਗੀ ਦੂਰ ਨਹੀਂ ਕਰ ਸਕੇ ਸੁਖਬੀਰ ਬਾਦਲ

ਫਿਰ ਜ਼ਿਲ੍ਹਾ ਪੱਧਰ ਦੀ ਯੋਜਨਾ ਕਮੇਟੀ ਦਾ ਚੇਅਰਮੈਨ ਤੇ ਹੁਣ ਆਮ ਵਰਕਰਾਂ ਨੂੰ ਦਿੱਤੀ ਜਾਣ ਵਾਲੀ ਮਾਰਕੀਟ ਕਮੇਟੀ, ਚੇਅਰਮੈਨ ਦੀ ਕੁਰਸੀ ਨਾਲ ਚੁੱਪ ਕਰਾ ਦਿੱਤਾ ਗਿਆ। ਉਨ੍ਹਾਂ ਰੋਸਾ ਜ਼ਾਹਰ ਕਰਦਿਆਂ ਕਿਹਾ ਕਿ ਉਨ੍ਹਾਂ ਨੂੰ ਮੋਗਾ ਵਿਧਾਨ ਸਭਾ ਹਲਕੇ ਤੋਂ ਐਲਾਨੇ ਉਮੀਦਵਾਰ ਬਰਜਿੰਦਰ ਸਿੰਘ ਬਰਾੜ ਨੂੰ ਟਿਕਟ ਦੇਣ ਦਾ ਕੋਈ ਗੁੱਸਾ ਨਹੀਂ ਪਰ ਪਾਰਟੀ ਦਾ ਉਨ੍ਹਾਂ ਨੂੰ ਭਰੋਸੇ ਵਿੱਚ ਲੈਣ ਦਾ ਫ਼ਰਜ਼ ਬਣਦਾ ਸੀ। ਅਕਾਲੀ ਆਗੂ ਨੇ ਦੱਸਿਆ ਕਿ ਉਪ ਮੁੱਖ ਮੰਤਰੀ ਨੇ ਉਨ੍ਹਾਂ ਨਾਲ ਘਰ ਆਉਣ ਲਈ ਸੰਪਰਕ ਕੀਤਾ ਸੀ ਤਾਂ ਉਨ੍ਹਾਂ ਫੋਨ 'ਤੇ ਹੀ ਕਹਿ ਦਿੱਤਾ ਸੀ ਕਿ ਉਹ ਤਾਂ ਦਿੱਲੀ ਵਿੱਚ ਸੜਕ ਹਾਦਸੇ ਵਿਚ ਜ਼ਖ਼ਮੀ ਆਪਣੇ ਪੋਤਰੇ ਕੋਲ ਹਨ। ਇਸ ਹਲਕੇ ਤੋਂ ਮੌਜੂਦਾ ਅਕਾਲੀ ਵਿਧਾਇਕ ਜੋਗਿੰਦਰ ਪਾਲ ਜੈਨ ਕਰੀਬ 15 ਦਿਨ ਪਹਿਲਾਂ ਕੈਨੇਡਾ ਚਲੇ ਗਏ ਹਨ ਅਤੇ ਉਨ੍ਹਾਂ ਦਾ ਜਨਵਰੀ ਦੇ ਅਖ਼ੀਰ ਵਿੱਚ ਆਉਣ ਦਾ ਪ੍ਰੋਗਰਾਮ ਹੈ।

ਇਸ ਹਲਕੇ ਤੋਂ ਅਕਾਲੀ ਉਮੀਦਵਾਰ ਬਰਜਿੰਦਰ ਸਿੰਘ ਮੱਖਣ ਬਰਾੜ ਮੌਜੂਦਾ ਅਕਾਲੀ ਵਿਧਾਇਕ ਜੋਗਿੰਦਰ ਪਾਲ ਜੈਨ ਦੇ ਸਮਰਥਕਾਂ ਨੂੰ ਨਾਲ ਤੋਰਨ ਅਤੇ ਵਿਰੋਧੀ ਸੁਰਾਂ ਨੂੰ ਸ਼ਾਂਤ ਕਰਨ ਲਈ ਪੂਰੀ ਵਾਹ ਲਾ ਰਹੇ ਹਨ।

ਇਸੇ ਦੌਰਾਨ ਖੇਤੀ ਮੰਤਰੀ ਜਥੇਦਾਰ ਤੋਤਾ ਸਿੰਘ ਤੇ ਬਾਘਾਪੁਰਾਣਾ ਤੋਂ ਅਕਾਲੀ ਉਮੀਦਵਾਰ ਤੀਰਥ ਸਿੰਘ ਮਾਹਲਾ ਨਾਰਾਜ਼ ਟਕਸਾਲੀ ਅਕਾਲੀ ਆਗੂ ਜਗਤਾਰ ਸਿੰਘ ਰਾਜੇਆਣਾ ਦੇ ਘਰ ਪਹੁੰਚੇ। ਇਸ ਮੌਕੇ ਨਾਰਾਜ਼ ਆਗੂ ਨੇ ਆਪਣੇ ਮਨ ਦੀ ਭੜ੍ਹਾਸ ਕੱਢੀ ਪਰ ਅਕਾਲੀ ਆਗੂ ਬਗਾਵਤੀ ਸੁਰ ਸ਼ਾਂਤ ਕਰਨ ਲਈ ਸਭ ਕੁਝ ਸੁਣਦੇ ਰਹੇ। ਇਸ ਤੋਂ ਬਾਅਦ ਜਥੇਦਾਰ ਤੋਤਾ ਸਿੰਘ ਨਾਰਾਜ਼ ਆਗੂ ਨੂੰ ਪਾਰਟੀ ਵੱਲੋਂ ਭਰੋਸਾ ਦਿੰਦਿਆਂ ਉਸ ਨੂੰ ਨਾਲ ਤੋਰਨ ਵਿੱਚ ਸਫ਼ਲ ਹੋ ਗਏ। ਬਾਘਾਪੁਰਾਣਾ ਤੋਂ ਅਕਾਲੀ ਉਮੀਦਵਾਰ ਤੀਰਥ ਸਿੰਘ ਮਾਹਲਾ ਨੇ ਕਿਹਾ ਕਿ ਉਹ ਆਪਣੀ ਚੋਣ ਮੁਹਿੰਮ ਨੂੰ ਟਕਸਾਲੀ ਆਗੂ ਜਗਤਾਰ ਸਿੰਘ ਰਾਜੇਆਣਾ ਦੀ ਰਾਇ ਨਾਲ ਹੀ ਚਲਾਉਣਗੇ ਅਤੇ ਉਨ੍ਹਾਂ ਦਾ ਪੂਰਾ ਸਤਿਕਾਰ ਹੋਵੇਗਾ। ਇਸ ਦੇ ਬਾਵਜੂਦ ਟਕਸਾਲੀ ਅਕਾਲੀ ਆਗੂ ਦਾ ਅੰਦਰੂਨੀ ਗੁੱਸਾ ਸ਼ਾਂਤ ਦਿਖਾਈ ਨਹੀਂ ਸੀ ਦਿੰਦਾ।

## ਸਮਾਜ ਸੇਵੀ ਸ. ਅਮਰੀਕ ਸਿੰਘ ਸ਼ਿਕਾਗੋ ਦਾ ਵਿਸ਼ੇਸ਼ ਸਨਮਾਨ

ਸ. ਅਮਰੀਕ ਸਿੰਘ ਅਮਰ ਅਮਰੀਕਾ ਵਿਚ ਪਾਰਟੀ ਲਈ ਸਖਤ ਮਿਹਨਤ ਕਰ ਰਹੇ ਹਨ। ਜਿਸ ਸਦਕਾ ਪਾਰਟੀ ਨੇ ਉਨ੍ਹਾਂ ਨੂੰ ਪੂਰੇ ਅਮਰੀਕਾ ਦਾ ਚੀਫ਼ ਮੀਡੀਆ ਇੰਚਾਰਜ ਨਿਯੁਕਤ ਕੀਤਾ ਹੈ। ਅੰਤ ਵਿਚ ਸ. ਅਮਰੀਕ ਸਿੰਘ ਸ਼ਿਕਾਗੋ ਨੇ ਸਮੂਹ ਸ਼ਖਸੀਅਤਾਂ ਦਾ ਧੰਨਵਾਦ ਕੀਤਾ। ਇਸ ਮੌਕੇ ਨੀਟੂ ਬਡਿਆਲ, ਮਨਜੀਤ ਸਿੰਘ, ਨਾਜਰ ਸਿੰਘ, ਰਣਜੀਤ ਸਿੰਘ ਚੇਅਰਮੈਨ, ਗੁਰਵਿੰਦਰ ਸਿੰਘ, ਰਾਜ ਬਰਾੜ ਯਮਲਾ ਜੱਟ, ਗੁਰਦੀਪ ਸਿੰਘ ਵੀ ਹਾਜ਼ਰ ਸਨ। ਸਟੇਜ ਸਕੱਤਰਾਂ ਦੀ ਜ਼ਿੰਮੇਵਾਰੀ ਯੂਥ ਅਕਾਲੀ ਦਲ ਵੈਸਟ ਕੋਸਟ ਜ਼ੋਨ ਅਮਰੀਕਾ ਦੇ ਪ੍ਰਧਾਨ ਰਵਿੰਦਰ ਸਿੰਘ ਬੋਇਲ ਮਕਸੂਦਪੁਰ ਨੇ ਬਾਖੂਬੀ ਨਿਭਾਈ।

## ਜਥੇਦਾਰ ਬਲਜੀਤ ਸਿੰਘ ਦਾਦੂਵਾਲ ਪਰਿਵਾਰ ਸਮੇਤ ਗ੍ਰਿਫ਼ਤਾਰ

ਵਿਚ ਰਹਿੰਦੇ ਹਨ। ਉਨ੍ਹਾਂ ਕਿਹਾ ਕਿ ਮੈਨੂੰ ਪੁਲੀਸ ਨੇ ਨਹੀਂ ਦੱਸਿਆ ਕਿ ਉਨ੍ਹਾਂ ਨੂੰ ਕਿਸ ਕੇਸ ਵਿਚ ਗ੍ਰਿਫ਼ਤਾਰ ਕੀਤਾ ਗਿਆ ਹੈ। ਦੂਜੇ ਪਾਸੇ ਕਾਦੀਆਂ ਪੁਲੀਸ ਨੇ ਉਨ੍ਹਾਂ ਦੀ ਪਤਨੀ ਸੁਖਮੀਤ ਕੌਰ ਤੇ ਪੁੱਤਰ ਕੁਰਬਾਨ ਸਿੰਘ ਨੂੰ ਕੁਝ ਦੇਰ ਬਾਅਦ ਛੱਡ ਦਿੱਤਾ। ਇਸ ਸੰਬੰਧੀ ਕਾਦੀਆਂ ਪੁਲੀਸ ਮੁਖੀ ਨੇ ਦੱਸਿਆ ਕਿ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਨੂੰ 7/51 ਦਾ ਕੇਸ ਦਰਜ ਕਰਕੇ ਐਸ.ਡੀ.ਐਮ. ਬਟਾਲਾ ਦੀ ਕੋਰਟ ਵਿਚ ਪੇਸ਼ ਕੀਤਾ ਜਾਵੇਗਾ।

**ਗ੍ਰਿਫ਼ਤਾਰੀ ਵਿਰੁੱਧ ਸਮਰਥਕਾਂ ਵਲੋਂ ਪ੍ਰਦਰਸ਼ਨ :** ਜਥੇਦਾਰ ਬਲਜੀਤ ਸਿੰਘ ਦਾਦੂਵਾਲ ਨੂੰ ਜੇਲ੍ਹ ਭੇਜੇ ਜਾਣ ਕਾਰਨ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਅਹੁਦੇਦਾਰਾਂ ਨੇ ਜੇਲ੍ਹ ਸਾਹਮਣੇ ਪਹੁੰਚ ਕੇ ਰੋਸ ਪ੍ਰਦਰਸ਼ਨ ਕੀਤਾ। ਇਸ ਦੌਰਾਨ ਜ਼ਿਲ੍ਹਾ ਪ੍ਰਧਾਨ ਗੁਰਬਚਨ ਸਿੰਘ ਪਵਾਰ ਨੇ ਕਿਹਾ ਕਿ ਜਥੇਦਾਰ ਦਾਦੂਵਾਲ ਨੂੰ ਗ੍ਰਿਫਤਾਰ ਕਰਨ ਦੀ ਇਹ ਕਾਰਵਾਈ ਸਰਕਾਰ ਦੀ ਬੁਖਲਾਹਟ ਦਾ ਨਤੀਜਾ ਹੈ। ਉਨ੍ਹਾਂ ਕਿਹਾ ਕਿ ਆਏ ਦਿਨ ਕਿਸੇ ਵੀ ਤਰ੍ਹਾਂ ਦੇ ਵਾਰੰਟ ਤੋਂ ਬਗੈਰ ਹੀ ਬੇਕਸੂਰ ਲੋਕਾਂ ਨੂੰ ਇਸ ਢੰਗ ਨਾਲ ਜੇਲ੍ਹਾਂ ਵਿਚ ਬੰਦ ਕਰਨ ਨਾਲ ਪੰਜਾਬ ਵਿਚ ਸ਼ਰੇਆਮ ਕਾਨੂੰਨ ਦੀਆਂ ਧੱਜੀਆਂ ਉਡ ਰਹੀਆਂ ਹਨ, ਜਿਸ ਦਾ ਖਮਿਆਜ਼ਾ ਸਰਕਾਰ ਨੂੰ ਭੁਗਤਣਾ ਪਵੇਗਾ। ਇਸ ਮੌਕੇ ਪਠਾਨਕੋਟ ਜ਼ਿਲ੍ਹੇ ਦੇ ਪ੍ਰਧਾਨ ਗੁਰਮੀਤ ਸਿੰਘ, ਸ਼ਹਿਰੀ ਪ੍ਰਧਾਨ ਸਤਨਾਮ ਸਿੰਘ, ਦਲਜੀਤ ਸਿੰਘ, ਰਤਨ ਸਿੰਘ ਵਿਰਕ, ਅਮਰੀਕ ਸਿੰਘ, ਗੁਰਮੇਜ ਸਿੰਘ ਸਰ੍ਹਾਂ, ਹਰਵੰਤ ਸਿੰਘ ਨਬੀਪੁਰ, ਸੁਖਦੇਵ ਸਿੰਘ, ਬੀਬੀ ਸੁਖਮੀਤ ਕੌਰ, ਦਰਸ਼ਨ ਸਿੰਘ, ਸੇਵਕ ਸਿੰਘ, ਭਗਵਾਨ ਸਿੰਘ, ਬਲਰਾਜ ਸਿੰਘ ਕੋਟ ਧੰਦਲ, ਪਲਵਿੰਦਰ ਸਿੰਘ, ਕੁਲਵੰਤ ਸਿੰਘ ਹਾਜ਼ਰ ਸਨ।

## ਨਵੇਂ ਵਰ੍ਹੇ ਦਾ ਸਵਾਗਤ : ਦਰਬਾਰ ਸਾਹਿਬ ਵਿਖੇ ਸ਼ਰਧਾਲੂਆਂ ਦੀ ਆਮਦ ਦਾ ਟੁੱਟਿਆ ਰਿਕਾਰਡ, ਰਾਤ ਭਰ ਪਰਿਕਰਮਾ ਵਿਚ ਬੈਠੇ ਰਹੇ ਲੋਕ

ਮਾਰਗ 'ਤੇ ਹਰ ਪਾਸੇ ਬੱਚੇ, ਬਜ਼ੁਰਗ, ਔਰਤਾਂ ਤੇ ਨੌਜਵਾਨ ਠੰਢ ਦੀ ਪ੍ਰਵਾਹ ਕੀਤੇ ਬਿਨਾਂ ਪੈਦਲ ਹੀ ਸ੍ਰੀ ਹਰਿਮੰਦਰ ਸਾਹਿਬ ਵੱਲ ਤੁਰੇ ਜਾ ਰਹੇ ਸਨ। ਸ੍ਰੀ ਹਰਿਮੰਦਰ ਸਾਹਿਬ ਵਿਖੇ ਦਰਸ਼ਨ ਕਰਨ ਲਈ ਕਤਾਰਾਂ ਵਿੱਚ ਲੱਗੀਆਂ ਸੰਗਤਾਂ ਤੋਂ ਇਲਾਵਾ ਲੱਖਾਂ ਸ਼ਰਧਾਲੂਆਂ ਦੇ ਇਕੱਠ ਕਾਰਨ ਪਰਿਕਰਮਾ ਵਿੱਚੋਂ ਲੰਘਣਾ ਵੀ ਮੁਸ਼ਕਲ ਹੋਇਆ ਪਿਆ ਸੀ। ਸੰਗਤ ਨੂੰ ਸ੍ਰੀ ਹਰਿਮੰਦਰ ਸਾਹਿਬ ਮੱਥਾ ਟੇਕਣ ਲਈ ਤਿੰਨ ਘੰਟਿਆਂ ਤੋਂ ਵੱਧ ਦਾ ਸਮਾਂ ਵੀ ਲੱਗਦਾ ਰਿਹਾ। ਸਵੇਰੇ ਪੌਣੇ ਦੋ ਵਜੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਤੇ ਉਨ੍ਹਾਂ ਦੀ ਪਤਨੀ ਬੀਬੀ ਹਰਸਿਮਰਤ ਕੌਰ ਬਾਦਲ, ਕੈਬਨਿਟ ਮੰਤਰੀ ਬਿਕਰਮ ਸਿੰਘ ਮਜੀਠੀਆ ਤੇ ਉਨ੍ਹਾਂ ਦੇ ਪਰਿਵਾਰਕ ਮੈਂਬਰ ਜਦੋਂ ਹਰਿਮੰਦਰ ਸਾਹਿਬ ਦੇ ਦਰਸ਼ਨਾਂ ਲਈ ਪੁੱਜੇ ਤਾਂ ਦਰਸ਼ਨੀ ਡਿਉਢੀ ਤੋਂ ਅਕਾਲ ਤਖ਼ਤ ਸਾਹਿਬ ਸਾਹਮਣੇ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨਾਂ ਲਈ ਖੜ੍ਹੀਆਂ ਵੱਡੀ ਗਿਣਤੀ ਵਿਚ ਸੰਗਤਾਂ ਕਾਰਨ ਉਨ੍ਹਾਂ ਨੂੰ ਮੱਥਾ ਟੇਕਣ ਵਿਚ ਮੁਸ਼ਕਲ ਆਈ। ਲੋਕਾਂ ਵਿੱਚ ਸ਼ਰਧਾ ਏਨੀ ਸੀ ਕਿ ਸ਼ਰਧਾਲੂ ਸਾਰੀ ਰਾਤ ਪਰਿਕਰਮਾ ਵਿੱਚ ਹੀ ਬੈਠੇ ਰਹੇ। ਲੋਕਾਂ ਨੇ ਹਰਿਮੰਦਰ ਸਾਹਿਬ ਵਿੱਚ ਮੱਥਾ ਟੇਕ ਕੇ ਨਵੇਂ ਵਰ੍ਹੇ ਨੂੰ ਜੀ ਆਇਆਂ ਆਖਿਆ ਅਤੇ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ। ਨਵੇਂ ਵਰ੍ਹੇ 'ਤੇ ਵੀ ਸ੍ਰੀ ਹਰਿਮੰਦਰ ਸਾਹਿਬ ਵਿਖੇ ਸ਼ਰਧਾਲੂਆਂ ਦੀ ਵੱਡੀ ਗਿਣਤੀ ਵਿੱਚ ਆਮਦ ਕਾਰਨ ਬਹੁਤ ਸਾਰੇ ਸ਼ਰਧਾਲੂਆਂ ਨੂੰ ਪਰਿਕਰਮਾ ਵਿੱਚੋਂ ਹੀ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ ਕਰਕੇ ਪਰਤਣਾ ਪਿਆ। ਸ੍ਰੀ ਦਰਬਾਰ ਸਾਹਿਬ ਦੇ ਮੈਨੇਜਰ ਸ੍ਰੀ ਸੁਲੱਖਣ ਸਿੰਘ ਨੇ ਕਿਹਾ ਕਿ ਸੰਗਤ ਦਾ ਜਿੰਨਾ ਇਕੱਠ ਸ੍ਰੀ ਹਰਿਮੰਦਰ ਸਾਹਿਬ ਵਿਖੇ ਨਵੇਂ ਵਰ੍ਹੇ ਮੌਕੇ ਵੇਖਿਆ ਹੈ, ਏਨਾ ਇਕੱਠ ਕਦੇ ਦੀਵਾਲੀ, ਵਿਸਾਖੀ ਜਾਂ ਹੋਰ ਗੁਰਪੁਰਬਾਂ 'ਤੇ ਕਦੇ ਨਹੀਂ ਹੋਇਆ। ਉਨ੍ਹਾਂ ਕਿਹਾ ਕਿ ਦੀਵਾਲੀ, ਵਿਸਾਖੀ ਨਾਲੋਂ ਚਾਰ ਗੁਣਾਂ ਤੋਂ ਵੱਧ ਸੰਗਤਾਂ ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋਈਆਂ।

## ਬੰਦ ਕੀਤੇ ਨੋਟ 31 ਮਾਰਚ ਤੋਂ ਬਾਅਦ ਰੱਖਣਾ ਕਾਨੂੰਨੀ ਜੁਰਮ ਕਰਾਰ

ਦੱਸਿਆ ਕਿ ਕੀ ਇਹ ਕਾਨੂੰਨ 30 ਦਸੰਬਰ ਤੋਂ ਬਾਅਦ ਲਾਗੂ ਹੋਵੇਗਾ, ਜਦੋਂ ਬੈਂਕਾਂ ਵਿੱਚ ਪੁਰਾਣੇ ਨੋਟ ਜਮ੍ਹਾਂ ਕਰਾਉਣ ਦੀ 50-ਰੋਜ਼ਾ ਮਿਆਦ ਮੁੱਕ ਜਾਵੇਗੀ, ਜਾਂ 31 ਮਾਰਚ ਤੋਂ ਲਾਗੂ ਹੋਵੇਗਾ। ਗ਼ੌਰਤਲਬ ਹੈ ਕਿ ਸਰਕਾਰ ਨੇ ਲੋਕਾਂ ਨੂੰ ਇਕ ਐਲਾਨਨਾਮਾ ਭਰ ਕੇ ਰਿਜ਼ਰਵ ਬੈਂਕ ਦੀਆਂ ਖ਼ਾਸ ਬਰਾਂਚਾਂ ਵਿੱਚ 31 ਮਾਰਚ, 2017 ਤੱਕ ਪੁਰਾਣੇ ਨੋਟ ਜਮ੍ਹਾਂ ਕਰਾਉਣ ਦੀ ਖੁੱਲ੍ਹ ਦਿੱਤੀ ਹੋਈ ਹੈ।

ਇਸ ਤੋਂ ਬਿਨਾਂ ਆਰਡੀਨੈਂਸ ਵਿੱਚ ਭਾਰਤੀ ਰਿਜ਼ਰਵ ਬੈਂਕ (ਆਰਬੀਆਈ) ਐਕਟ ਨੂੰ ਵੀ ਸੋਧਣ ਦੀ ਤਜਵੀਜ਼ ਹੈ, ਤਾਂ ਕਿ ਬੰਦ ਕੀਤੇ ਗਏ ਨੋਟਾਂ ਦੇ ਖ਼ਾਤਮੇ ਨੂੰ ਕਾਨੂੰਨੀ ਮਾਨਤਾ ਦਿੱਤੀ ਜਾ ਸਕੇ। ਗ਼ੌਰਤਲਬ ਹੈ ਕਿ ਬੀਤੀ 8 ਨਵੰਬਰ ਨੂੰ 500 ਤੇ 1000 ਹਜ਼ਾਰ ਰੁਪਏ ਦੇ ਨੋਟ ਬੰਦ ਕਰਨ ਦਾ ਫ਼ੈਸਲਾ ਮਹਿਜ਼ ਇਕ ਨੋਟੀਫਿਕੇਸ਼ਨ ਉਤੇ ਆਧਾਰਤ ਹੈ ਪਰ ਇਹ ਆਰਬੀਆਈ ਦੀਆਂ ਜ਼ਿੰਮੇਵਾਰੀਆਂ ਅਤੇ ਭਵਿੱਖੀ ਮੁਕੱਦਮੇਬਾਜ਼ੀਆਂ ਤੋਂ ਬਚਣ ਲਈ ਕਾਫ਼ੀ ਨਹੀਂ ਹੈ। ਦੱਸਣਯੋਗ ਹੈ ਕਿ ਆਰਬੀਆਈ ਕਰੰਸੀ ਨੋਟਾਂ ਦੀ ਬਣਦੀ ਕੀਮਤ ਧਾਰਕ ਨੂੰ ਅਦਾ ਕਰਨ ਲਈ ਵਚਨਬੱਧ ਹੈ ਤੇ ਇਸ ਅਹਿਦ ਨੂੰ ਹਰੇਕ ਵਿਅਕਤੀ ਨੂੰ ਪੁਰਾਣੇ ਨੋਟ ਵਾਪਸ ਮੋੜਨ ਲਈ ਬਣਦਾ ਸਮਾਂ ਦੇਣ ਤੋਂ ਬਾਅਦ ਬਾਕਾਇਦਾ ਕਾਨੂੰਨ ਬਣਾ ਕੇ ਹੀ ਖ਼ਾਰਜ ਕੀਤਾ ਜਾ ਸਕਦਾ ਹੈ। ਸੂਤਰਾਂ ਮੁਤਾਬਕ ਪੁਰਾਣੇ ਨੋਟ ਮਿਲਣ ਦੀ ਸੂਰਤ ਵਿੱਚ ਚਾਰ ਸਾਲ ਦੀ ਕੈਦ ਦੀ ਤਜਵੀਜ਼ ਵੀ ਕੈਬਨਿਟ ਅੱਗੇ ਰੱਖੀ ਗਈ ਸੀ ਪਰ ਇਹ ਸਾਫ਼ ਨਹੀਂ ਹੋ ਸਕਿਆ ਕਿ ਕੀ ਇਸ ਨੂੰ ਆਰਡੀਨੈਂਸ ਵਿੱਚ ਮਨਜ਼ੂਰੀ ਦਿੱਤੀ ਗਈ ਹੈ ਜਾਂ ਨਹੀਂ। ਆਰਡੀਨੈਂਸ ਨੂੰ ਕਾਨੂੰਨੀ ਰੂਪ ਦੇਣ ਲਈ ਰਾਸ਼ਟਰਪਤੀ ਕੋਲ ਭੇਜਿਆ ਜਾਵੇਗਾ ਤੇ ਉਨ੍ਹਾਂ ਦੇ ਦਸਤਖ਼ਤ ਹੋਣ ਪਿੱਛੋਂ ਇਹ ਅਮਲ ਵਿੱਚ ਆ ਜਾਵੇਗਾ।

## ਅੰਮ੍ਰਿਤਸਰ ਸੰਸਦੀ ਸੀਟ ਤੋਂ ਕਪਿਲ ਸ਼ਰਮਾ ਹੋ ਸਕਦੇ ਹਨ ਕਾਂਗਰਸ ਦੇ ਉਮੀਦਵਾਰ

ਮੁਤਾਬਕ ਕਾਂਗਰਸ ਹਾਈਕਮਾਂਡ ਕਿਸੇ ਵੀ ਸੂਰਤ ਵਿੱਚ ਅੰਮ੍ਰਿਤਸਰ ਲੋਕ ਸਭਾ ਹਲਕੇ ਨੂੰ ਗੁਆਉਣਾ ਨਹੀਂ ਚਾਹੁੰਦੀ ਕਿਉਂਕਿ 2014 ਵਿੱਚ ਮੋਦੀ ਪੱਖੀ ਹਵਾ ਹੋਣ ਦੇ ਬਾਵਜੂਦ ਅਤੇ ਅੰਮ੍ਰਿਤਸਰ ਤੋਂ ਅਰੁਣ ਜੇਤਲੀ ਵਰਗਾ ਮਜ਼ਬੂਤ ਭਾਜਪਾ ਉਮੀਦਵਾਰ ਹੋਣ ਦੇ ਬਾਅਦ ਵੀ ਇਹ ਸੀਟ ਕਾਂਗਰਸ ਦੀ ਝੋਲੀ ਪਈ ਸੀ। ਸੂਤਰਾਂ ਮੁਤਾਬਕ ਕਾਂਗਰਸ ਦੇ ਉਪ ਪ੍ਰਧਾਨ ਰਾਹੁਲ ਗਾਂਧੀ ਦੀ ਨਵਜੋਤ ਸਿੰਘ ਸਿੱਧੂ ਨਾਲ ਨੇੜਤਾ ਹੋਣ ਕਾਰਨ ਇਸ ਸੀਟ ਵਾਸਤੇ ਉਮੀਦਵਾਰ ਦੀ ਜ਼ਿੰਮੇਵਾਰੀ ਉਸ ਉੱਤੇ ਛੱਡੀ ਗਈ ਹੈ ਅਤੇ ਉਸ ਨੇ ਉਮੀਦਵਾਰ ਵਜੋਂ ਕਪਿਲ ਸ਼ਰਮਾ ਦੇ ਨਾਂ ਦੀ ਤਜਵੀਜ਼ ਰੱਖੀ ਹੈ। ਇਸ ਦੌਰਾਨ ਨਵਜੋਤ ਸਿੰਘ ਸਿੱਧੂ ਦੀ ਪਤਨੀ ਅਤੇ ਸਾਬਕਾ ਵਿਧਾਇਕ ਡਾ. ਨਵਜੋਤ ਕੌਰ ਸਿੱਧੂ ਨੇ ਕਿਹਾ ਕਿ ਕਪਿਲ ਸ਼ਰਮਾ ਦੀ ਕਾਂਗਰਸ ਵਿੱਚ ਸ਼ਮੂਲੀਅਤ ਬਾਰੇ ਉਨ੍ਹਾਂ ਨੂੰ ਸਿਆਸੀ ਹਲਕਿਆਂ ਤੋਂ ਹੀ ਪਤਾ ਲੱਗਾ ਹੈ, ਪਰ ਹੁਣ ਤਕ ਪਾਰਟੀ ਪੱਧਰ ਉੱਤੇ ਇਸ ਦੀ ਪੁਸ਼ਟੀ ਨਹੀਂ ਹੋਈ।

## ਕੇਜਰੀਵਾਲ ਚੋਣਾਂ ਤੋਂ ਬਾਅਦ ਕਰਨਗੇ ਮੁੱਖ ਮੰਤਰੀ ਦੇ ਨਾਂ ਦਾ ਐਲਾਨ

ਉਂਜ ਉਨ੍ਹਾਂ ਸਪਸ਼ਟ ਕੀਤਾ ਕਿ ਪਾਰਟੀ ਦੇ ਸਿਧਾਂਤ ਮੁਤਾਬਕ ਜੇ ਕੋਈ ਉਮੀਦਵਾਰ ਚੋਣ ਤੋਂ ਇਕ ਦਿਨ ਪਹਿਲਾਂ ਵੀ ਟ੍ਰਿਪਲ 'ਸੀ' (ਭ੍ਰਿਸ਼ਟ, ਕਰਿਮੀਨਲ ਜਾਂ ਕਰੈਕਟਰਲੈੱਸ) ਵਿੱਚੋਂ ਕਿਸੇ ਦਾ ਵੀ ਦੋਸ਼ੀ ਪਾਇਆ ਗਿਆ ਤਾਂ ਉਸ ਦੀ ਉਮੀਦਵਾਰੀ ਖ਼ਾਰਜ ਕੀਤੀ ਜਾ ਸਕਦੀ ਹੈ। ਉਨ੍ਹਾਂ ਸੁਪਰੀਮ ਕੋਰਟ ਵੱਲੋਂ ਧਰਮ ਦੇ ਆਧਾਰ 'ਤੇ ਵੋਟਾਂ ਨਾ ਮੰਗਣ ਦੇ ਫ਼ੈਸਲੇ ਦਾ ਸਮਰਥਨ ਕੀਤਾ। ਉਨ੍ਹਾਂ ਭਾਰਤ ਦੇ ਚੋਣ ਕਮਿਸ਼ਨ 'ਤੇ ਚੋਟ ਕਰਦਿਆਂ ਕਿਹਾ ਕਿ ਕਮਿਸ਼ਨ ਪੰਜਾਬ ਸਮੇਤ ਹੋਰ ਸੂਬਿਆਂ ਵਿੱਚ ਚੋਣਾਂ ਦਾ ਐਲਾਨ ਕਰਨ ਤੋਂ ਪਹਿਲਾਂ 2 ਜਨਵਰੀ ਨੂੰ ਯੂਪੀ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਕੀਤੇ ਜਾਣ ਵਾਲੇ ਭਾਸ਼ਣ ਦੀ ਉਡੀਕ ਕਰ ਰਿਹਾ ਸੀ।

ਕੇਂਦਰ ਸਰਕਾਰ ਨੇ ਪਹਿਲਾਂ ਹੀ ਸੀਬੀਆਈ ਜਿਹੀਆਂ ਏਜੰਸੀਆਂ ਉਪਰ ਸਿਆਸਤ ਦੀ ਪਰਤ ਚਾੜ੍ਹ ਦਿੱਤੀ ਹੈ ਅਤੇ ਹੁਣ ਚੋਣ ਕਮਿਸ਼ਨ ਵੀ ਉਸੇ ਰਾਹ ਪੈ ਗਿਆ ਹੈ।

**ਤ੍ਰਿਣਮੂਲ ਕਾਂਗਰਸ ਨਾਲ ਗੱਠਜੋੜ ਨਹੀਂ :** ਅਰਵਿੰਦ ਕੇਜਰੀਵਾਲ ਨੇ ਸਪਸ਼ਟ ਕੀਤਾ ਕਿ ਜਗਮੀਤ ਬਰਾੜ ਜਾਂ ਤ੍ਰਿਣਮੂਲ ਕਾਂਗਰਸ ਨਾਲ ਚੋਣ ਸਮਝੌਤਾ ਨਹੀਂ ਕੀਤਾ ਜਾ ਰਿਹਾ। ਉਨ੍ਹਾਂ ਕਿਹਾ ਕਿ ਉਹ ਅਕਸਰ ਤ੍ਰਿਣਮੂਲ ਕਾਂਗਰਸ ਦੀ ਮੁਖੀ ਤੇ ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੂੰ ਮਿਲਦੇ ਆ ਰਹੇ ਹਨ ਤੇ ਉਨ੍ਹਾਂ ਕਦੇ ਵੀ ਆਪਣੀ ਪਾਰਟੀ ਵੱਲੋਂ ਪੰਜਾਬ ਵਿੱਚ ਚੋਣਾਂ ਲੜਨ ਦਾ ਜ਼ਿਕਰ ਨਹੀਂ ਕੀਤਾ। ਉਨ੍ਹਾਂ ਸਪਸ਼ਟ ਕੀਤਾ ਕਿ ਪਹਿਲਾਂ ਸ੍ਰੀ ਬਰਾੜ ਨੇ ਖ਼ੁਦ ਹੀ 'ਆਪ' ਦੀ ਹਮਾਇਤ ਦੀ ਪੇਸ਼ਕਸ਼ ਕੀਤੀ ਸੀ।

## ਏਜੀਪੀਸੀ ਨੇ ਸ੍ਰੀ ਅਕਾਲ ਤਖ਼ਤ ਨੂੰ ਠੋਸ ਫੈਸਲਾ ਲੈਣ ਦੀ ਕੀਤੀ ਅਪੀਲ

ਬਰਗਾੜੀ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹੋਈ ਬੇਅਦਬੀ ਅਤੇ ਉਸ ਤੋਂ ਬਾਅਦ ਜਗ੍ਹਾ-ਜਗ੍ਹਾ 'ਤੇ ਸ੍ਰੀ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪਾਂ ਦੀ ਅਪਵਿੱਤਰਤਾ ਸਬੰਧੀ ਹੋਈਆਂ ਘਟਨਾਵਾਂ ਵੀ ਇਸ ਗੱਲ ਦੀਆਂ ਗਵਾਹ ਹਨ ਕਿ ਅਖੌਤੀ ਅਕਾਲੀ ਸਰਕਾਰ ਸਿੱਖ ਸਿਧਾਂਤਾਂ ਦੇ ਉਲਟ ਕਾਰਜ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਇਸ ਤਰ੍ਹਾਂ ਅਕਾਲੀ ਆਗੂਆਂ ਵੱਲੋਂ ਕੀਤੇ ਜਾ ਰਹੇ ਸਿੱਖ ਸਿਧਾਂਤਾਂ ਦੇ ਘਾਣ ਨੂੰ ਠੱਲ੍ਹ ਪਾਉਣ ਲਈ ਲੋਕਾਂ ਨੂੰ ਇਕਜੁਟ ਹੋਣਾ ਚਾਹੀਦਾ ਹੈ।

ਅਮਰੀਕਨ ਸਿੱਖ ਆਗੂਆਂ ਨੇ ਇਹ ਵੀ ਕਿਹਾ ਕਿ ਜਥੇਦਾਰ ਸਾਹਿਬ ਨੂੰ ਜਲਦ ਤੋਂ ਜਲਦ ਠੋਸ ਫੈਸਲਾ ਲੈ ਕੇ ਸ: ਮਲੂਕਾ ਦੇ ਖਿਲਾਫ਼ ਧਾਰਮਿਕ ਕਾਰਵਾਈ ਕਰਦਿਆਂ ਉਸਨੂੰ ਸਖ਼ਤ ਸਜ਼ਾ ਦੇਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਇਸ ਘਟਨਾ ਤੋਂ ਇਹ ਸਾਬਿਤ ਹੁੰਦਾ ਹੈ ਕਿ ਰਾਜਨੀਤਿਕ ਖੇਤਰ 'ਚ ਇੰਨਾ ਨਿਘਾਰ ਆ ਚੁੱਕਾ ਹੈ ਕਿ ਉਨ੍ਹਾਂ ਨੂੰ ਧਾਰਮਿਕ ਰਵਾਇਤਾਂ ਨਾਲ ਖਿਲਵਾੜ ਕਰਨ 'ਚ ਕੋਈ ਝਿਜਕ ਨਹੀਂ ਹੁੰਦੀ। ਜਿਸ ਕਰਕੇ ਆਏ ਦਿਨ ਅਜਿਹੇ ਸਿੱਖ ਵਿਰੋਧੀ ਅਨਸਰਾਂ ਵਲੋਂ ਭੜਕਾਊ ਅਤੇ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਦੀਆਂ ਕਾਰਵਾਈਆਂ ਸ਼ਰਾਰਤੀ ਅਨਸਰਾਂ ਵੱਲੋਂ ਬੇਖੌਫ਼ ਜਾਰੀ ਹਨ।


GLOBAL
CPN
Channel Punjabi Network
3 HD PUNJABI TV CHANNELS - PACK
in
ONE SINGLE APP
SPIRITUAL
NEWS
MUSIC
AATAM ras
GLOBAL PUNJAB
channel punjabi BEATS
Kirtan
Katha
News
Discussion
Debate
Entertainment
DOWNLOAD GLOBAL CPN APP ON
Roku
android
Website
Apple Devices
log on to:
www.globalcpn.tv
For More Details:
GILL PARDEEP
646-520-6706
HARBHAJAN SINGH
201-281-4889



# PANNU'S
## LEGAL SERVICES

G.S. Pannu
(Immigration Consultant, LDA)

ivisapass@gmail.com • FAX 510.279.7624

510.677.5200

IMMIGRATION
★ PETITIONS ★ VISAS ★ POLITICAL ASYLUM
★ GREEN CARDS ★ CITIZENSHIP ★ AFFIDAVIT OF SUPPORT

STUDENT VISA (EDUCATE YOUR CHILDREN IN USA)

DIVORCE
★ CHILD SUPPORT ★ CHILD VISITATION ★ CHILD CUSTODY ★ MODIFICATION

# PANNU'S
## PASSPORT & VISA SERVICES

indiavisa123@gmail.com • FAX 510.279.7624



M.K. Pannu
(Owner)

VISA IN ONE DAY



Indian Passport | India Visa in 1 Day | OCI | US Passport

Power of Attorney & Other Services

510.677.8440

40757, Grimmer Blvd.
FREMONT
CA-94538

3810 Eau Claire Ave, Ceres,
MODESTO/CERES
CA-95307

220 Bush St/Montgomery St, #445
SAN FRANCISCO
(OPPOSITE INDIA VISA CENTER)

Serving Around the World Community Since 1994
We Specialize to Asia, Europe, Middle East, Africa, Australia & etc.

Special fares to :
SFO TO DEL
LAX TO DEL




Special fares to
Amritsar
& Delhi

ਦੋ ਜਾਂ ਦੋ ਤੋਂ ਵੱਧ ਟਿਕਟਾਂ ਖਰੀਦਣ 'ਤੇ ਇਕ ਭਾਰ ਤੋਲਣ ਵਾਲੀ ਮਸ਼ੀਨ ਮੁਫ਼ਤ ਦਿੱਤੀ ਜਾਵੇਗੀ।

Cst No. : 2054876-40

Book on line 24/7 : www.skywaytkt.com

Or Call (818) 762-9236

15549 Devonshire St., Ste. 206 Mission Hills, CA 91345

# CHAAT BHAVAN®
Best Name for Indian Vegetarian Food

DINE IN • TAKE OUT • CATERING • DELIVERY



ਵਿਆਹ ਸ਼ਾਦੀ,
ਬਰਥ ਡੇ ਪਾਰਟੀ,
ਐਂਨਵਰਸਰੀ ਜਾਂ ਹੋਰ
ਕਿਸੇ ਵੀ ਕਿਸਮ ਦੀ
ਕੇਟਰਿੰਗ ਲਈ ਸਦਾ
ਸਾਨੂੰ ਯਾਦ ਰੱਖੋ।

FOR CATERING INQUIRIES:
408.472.0229

Catering
FULL SERVICE CATERING FOR YOUR SPECIAL EVENT
from 50 to upto 10,000 guests.
Setup a Tasting Appointment Today!

5355 MOWRY AVENUE • FREMONT
510.795.1100

976 E. EL CAMINO REAL • SUNNYVALE
408.795.1100

4112 GRAFTON ST • DUBLIN
925.829.1700

WWW.CHAATBHAVAN.COM


JUS 24x7
KEEPING UP WITH
PUNJAB
PUNJAB UPDATE
Taka 24x7 ਟੱਕ
ENTERTAINMENT BULLET
THATH ਵੱਖਰੇ
PUNJAB BOLDA
Jus Dial
ਸਭ ਦੀ ਖਬਰ ਲਵੇ- JUS 24x7
ਪਲ ਪਲ ਦੀ ਖਬਰ ਦਵੇ
WATCH JUS 24x7 ON CHANNEL 743 ON dish & sling TELEVISION
CALL TO ADVERTISE 718-752-9290 | CALL TO SUBSCRIBE 1-888-246-6242


SHER®
Happy New Year
2017
SHER ATTA GHAR LAAO
www.sherbrarmills.com